@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 5 March 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 5 ਮਾਰਚ 2024, 19 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 95, qpatrika@gmail.com ਫੋਨ : 9971359517 www.qaumipatrika.org


## ਕੀ ਕੋਈ ਕਿਤਾਬ ਲਿਖ ਰਹੇ ਹਨ ਸੱਤਿਆਪਾਲ ਮਲਿਕ ?

ਨਵੀਂ ਦਿੱਲੀ 4 ਮਾਰਚ। ਜੰਮੂ-ਕਸਮੀਰ ਦੇ ਰਾਜਪਾਲ ਵਜੋਂ ਆਪਣੇ ਕਾਰਜਕਾਲ ਦੌਰਾਨ 2 ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇਣ ਸਬੰਧੀ ਦਿੱਲੀ ਅਤੇ ਹੋਰ ਥਾਵਾਂ 'ਤੇ ਸੱਤਿਆਪਾਲ ਮਲਿਕ ਅਤੇ ਉਨ੍ਹਾਂ ਦੇ ਕਈ ਸਹਿਯੋਗੀਆਂ ਦੇ ਟਿਕਾਣਿਆਂ 'ਤੇ ਸੀ. ਬੀ. ਆਈ. ਨੇ ਛਾਪੇਮਾਰੀ ਕੀਤੀ। ਸੀ. ਬੀ. ਆਈ. ਨੇ ਅਜੇ ਤੱਕ ਇਹ



ਖੁਲਾਸਾ ਨਹੀਂ ਕੀਤਾ ਹੈ ਕਿ ਇਨ੍ਹਾਂ ਛਾਪਿਆਂ ਦੌਰਾਨ ਕੀ ਬਰਾਮਦ ਹੋਇਆ ਹੈ ਅਤੇ ਨਾ ਹੀ ਮਲਿਕ ਨੇ ਇਸ ਸਬੰਧ 'ਚ ਕੋਈ ਵੇਰਵਾ ਦਿੱਤਾ ਹੈ। ਭਾਜਪਾ ਲੀਡਰਸ਼ਿ?ਪ ਨੇ ਵੀ ਇਹ ਕਹਿਣ ਤੋਂ ਇਲਾਵਾ ਚੁੱਪ ਧਾਰੀ ਹੋਈ ਹੈ ਕਿ ਸਪੱਸਟੀਕਰਨ ਦੇਣਾ ਸੀ. ਬੀ. ਆਈ. ਅਤੇ ਮਲਿਕ ਦਾ ਮਾਮਲਾ ਹੈ। ਪਾਰਟੀ ਦੇ ਅਹੁਦੇਦਾਰ ਅਜੇ ਤੱਕ ਇਸ ਤੱਥ ਤੋਂ ਅਣਜਾਣ ਹਨ ਕਿ ਸੱਤਿਆਪਾਲ ਮਲਿਕ ਅਚਾਨਕ ਤੋਂ ਪਤਾ ਨਹੀਂ ਕਿਥੋਂ ਆ ਗਏ ਸਨ ਅਤੇ 2017 ਵਿਚ ਉਨ੍ਹਾਂ ਨੂੰ ਪਹਿਲਾਂ ਬਿਹਾਰ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਅਤੇ ਬਾਅਦ ਵਿਚ ਜੰਮੂ-ਕਸਮੀਰ ਟਰਾਂਸਫਰ ਕਰ ਦਿੱਤਾ ਗਿਆ। ਬਾਅਦ ਵਿਚ ਉਨ੍ਹਾਂ ਦਾ ਗੋਆ 'ਚ ਤਬਾਦਲਾ ਕਰ ਦਿੱਤਾ ਗਿਆ ਅਤੇ ਫਿਰ ਮੇਘਾਲਿਆ ਵਿਚ ਉਨ੍ਹਾਂ ਦਾ ਕੰਮ ਖਤਮ ਹੋ ਗਿਆ। ਮਲਿਕ ਦੇ ਕਰੀਬੀ ਸੂਤਰਾਂ ਦਾ ਕਹਿਣਾ ਹੈ ਕਿ ਉਹ ਆਪਣੇ 5 ਸਾਲ ਦੇ ਕਾਰਜਕਾਲ ਦੌਰਾਨ 4 ਸੂਬਿਆਂ ਦੇ ਰਾਜਪਾਲ ਰਹਿੰਦੇ ਹੋਏ ਇਕ ਕਿਤਾਬ ਲਿਖਣ 'ਤੇ ਵਿਚਾਰ ਕਰ ਰਹੇ ਹਨ। ਪੁਲਵਾਮਾ ਵਿਚ ਸੀ. ਆਰ. ਪੀ. ਐੱਫ. ਦੇ ਕਾਫਲੇ 'ਤੇ ਹਮਲੇ ਸਬੰਧੀ ਉਨ੍ਹਾਂ ਦੇ ਬਿਆਨਾਂ ਨੇ ਸੱਤਾਧਾਰੀ ਸਰਕਾਰ 'ਚ ਕਾਫੀ ਗੁੱਸਾ ਪੈਦਾ ਕਰ ਦਿੱਤਾ ਸੀ, ਜਿਸ 'ਤੇ ਯਕੀਨ ਕਰਨਾ ਮੁਸਕਿਲ ਸੀ। ਇਹ ਮਹਿਸੂਸ ਕੀਤਾ ਗਿਆ ਕਿ ਇਕ ਮੌਜੂਦਾ ਰਾਜਪਾਲ ਅਜਿਹੇ ਬਿਆਨ ਦੇ ਕੇ 'ਲਕਸਮਣ ਰੇਖਾ' ਨੂੰ ਕਿਵੇਂ ਪਾਰ ਕਰ ਸਕਦਾ ਹੈ। ਜਦੋਂ ਉਨ੍ਹਾਂ ਇਹ ਟਿੱਪਣੀ ਕੀਤੀ ਸੀ ਤਾਂ ਉਨ੍ਹਾਂ ਨੂੰ ਤੁਰੰਤ ਬਰਖਾਸਤ ਕਰ ਦਿੱਤਾ ਜਾਣਾ ਚਾਹੀਦਾ ਸੀ ਪਰ ਅਜਿਹਾ ਕੁਝ ਨਹੀਂ ਹੋਇਆ। ਆਪਣਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ, ਜੰਮੂ-ਕਸਮੀਰ 'ਚ ਰਾਜਪਾਲ ਵਜੋਂ ਉਨ੍ਹਾਂ ਦੇ ਕਾਰਜਕਾਲ 'ਚ ਦਿੱਤੇ ਗਏ 2 ਠੇਕਿਆਂ ਦੇ ਸਬੰਧ ਵਿਚ ਸੀ. ਬੀ. ਆਈ. ਨੇ ਉਨ੍ਹਾਂ ਨੂੰ ਪੁੱਛਗਿੱਛ ਕੀਤੀ। ਜੰਮੂ-ਕਸਮੀਰ 'ਚ ਅਹੁਦੇ 'ਤੇ ਰਹਿੰਦਿਆਂ ਹੋਇਆਂ ਉਨ੍ਹਾਂ ਦੀ ਰਿਪੋਰਟ ਕਾਰਨ ਭਾਜਪਾ ਦੇ ਇਕ ਸੀਨੀਅਰ ਨੇਤਾ ਨੂੰ ਮੁਖ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਹਾਲਾਂਕਿ, ਕੋਈ ਯਕੀਨੀ ਤੌਰ 'ਤੇ ਇਹ ਨਹੀਂ ਕਹਿ ਸਕਦਾ ਕਿ ਮਲਿਕ ਅਸਲ ਵਿਚ ਕਿਤਾਬ ਲਿਖ ਰਹੇ ਹਨ ਜਾਂ ਸਿਰਫ ਇਸ ਸਬੰਧੀ ਸੋਚ ਰਹੇ ਸਨ।

## ਐੱਲਆਈਸੀ ਨੇ ਸਰਕਾਰ ਨੂੰ ਦਿੱਤਾ 2,441 ਕਰੋੜ ਰੁਪਏ ਦਾ ਲਾਭਅੰਸ

ਬਿਜਨੈੱਸ ਡੈਸਕ 4 ਮਾਰਚ। ਦੇਸ ਦੀ ਸਭ ਤੋਂ ਵੱਡੀ ਬੀਮਾ ਕੰਪਨੀ ਲਾਈਫ ਇੰਸੋਰੈਂਸ ਕਾਰਪੋਰੇਸਨ ਆਫ ਇੰਡੀਆ () ਨੇ ਭਾਰਤ ਸਰਕਾਰ ਨੂੰ 2,441 ਕਰੋੜ ਰੁਪਏ ਦਾ ਲਾਭਅੰਸ ਦਾ ਚੈੱਕ ਦਿੱਤਾ ਹੈ। ਸੋਸਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲਿਖਿਆ ਹੈ ਕਿ ਐੱਲਆਈਸੀ ਦੇ ਚੇਅਰਮੈਨ ਸਿਧਾਰਥ ਮੋਹੰਤੀ ਨੇ 2,441.44 ਕਰੋੜ ਰੁਪਏ ਦਾ ਲਾਭਅੰਸ ਚੈੱਕ ਸੌਂਪਿਆ ਹੈ। ਲਾਭਅੰਸ ਦਾ ਚੈੱਕ ਵਿੱਤੀ ਸੇਵਾਵਾਂ ਦੇ ਸਕੱਤਰ ਵਿਵੇਕ ਜੋਸੀ ਦੀ ਮੌਜੂਦਗੀ ਵਿੱਚ ਵਿੱਤ ਮੰਤਰੀ ਨੂੰ ਸੌਂਪਿਆ ਗਿਆ। ਦਸੰਬਰ ਵਿੱਚ



ਨੇ ਬਾਜਾਰ ਮੁੱਲਾਂਕਣ ਦੇ ਹਿਸਾਬ ਨਾਲ ਸਟੇਟ ਬੈਂਕ ਆਫ ਇੰਡੀਆ () ਨੂੰ ਪਛਾੜ ਕੇ ਦੇਸ ਦੀ ਸਭ ਤੋਂ ਕੀਮਤੀ ਫਰਮ ਬਣ ਗਈ। ਹੁਣ ਤੱਕ, ਰਿਲਾਇੰਸ ਇੰਡਸਟਰੀਜ 19,46,521.81 ਕਰੋੜ ਰੁਪਏ ਦੇ ਮਾਰਕੀਟ ਪੂੰਜੀਕਰਣ ਦੇ ਨਾਲ ਭਾਰਤ ਦੀ ਸਭ ਤੋਂ ਕੀਮਤੀ ਕੰਪਨੀ ਹੈ। ਇਸ ਤੋਂ ਬਾਅਦ ਟਾਟਾ ਕੰਸਲਟੈਂਸੀ ਸਰਵਿਸਿਜ (14,53,649.63 ਕਰੋੜ), ਬੈਂਕ (10,97,634.10 ਕਰੋੜ), ਬੈਂਕ (7,18,367.25) 2, ਇਨਫੋਸਿਸ (7,00,077.62 ਕਰੋੜ) ਅਤੇ (6,32,721.15 ਕਰੋੜ) 'ਤੇ ਹੈ। ਦੀ ਸੁਰੂਆਤ ਦੇ ਇੱਕ ਸਾਲ ਬਾਅਦ ਕੰਪਨੀ ਦੇ ਸਟਾਕ ਨੂੰ ਅਕਸਰ ਮਾਰਕੀਟ ਮਾਹਰਾਂ ਦੁਆਰਾ ਇੱਕ ਸੰਪਤੀ ਨੂੰ ਤਬਾਹ ਕਰਨ ਵਾਲਾ ਲੇਬਲ ਦਿੱਤਾ ਜਾਂਦਾ ਸੀ। ਹਾਲਾਂਕਿ ਕੰਪਨੀ ਦਾ ਸਟਾਕ ਪਿਛਲੇ 5-6 ਮਹੀਨਿਆਂ ਤੋਂ ਚੰਗਾ ਪ੍ਰਦਰਸਨ ਕਰ ਰਿਹਾ ਹੈ।

# ਰਾਜਪਾਲ ਦੇ ਭਾਸ਼ਣ ਤੋਂ ਭੱਜ ਜਾਣ 'ਤੇ ਵਿਰੋਧੀ ਧਿਰ 'ਤੇ ਜੰਮ ਕੇ ਵਰ੍ਹੇ ਮੁੱਖ ਮੰਤਰੀ ਭਗਵੰਤ ਮਾਨ

**ਸਿੰਮੀ ਕੌਰ ਬੱਬਰ**

ਚੰਡੀਗੜ੍ਹ 4 ਮਾਰਚ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਰਾਜਪਾਲ ਦੇ ਭਾਸ਼ਣ ਤੋਂ ਭੱਜ ਜਾਣ ਲਈ ਵਿਰੋਧੀ ਧਿਰ ਉਤੇ ਜੰਮ ਕੇ ਵਰ੍ਹਦਿਆਂ ਕਿਹਾ ਕਿ ਅਸਲ 'ਚ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਕੀਤੇ ਜਾ ਰਹੇ ਉਪਰਾਲੇ ਵਿਰੋਧੀ ਪਾਰਟੀ ਦੇ ਵਿਧਾਇਕਾਂ ਨੂੰ ਹਜ਼ਮ ਨਹੀਂ ਹੋ ਰਹੇ। ਸਦਨ 'ਚ ਰਾਜਪਾਲ ਦੇ ਭਾਸ਼ਣ 'ਤੇ ਚਰਚਾ 'ਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਨੇਤਾਵਾਂ ਨੂੰ ਸੂਬੇ ਦੀ ਭੋਰਾ ਵੀ ਪ੍ਰਵਾਹ ਨਹੀਂ ਸਗੋਂ ਇਹ ਲੋਕ ਕਿਸੇ ਨਾ ਕਿਸੇ ਢੰਗ ਨਾਲ ਸਿਆਸੀ ਚੌਧਰੀ ਬਣੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਅਣਥੱਕ ਯਤਨ ਕਰ ਰਹੀ ਹੈ ਤਾਂ ਵਿਰੋਧੀ ਪਾਰਟੀ ਅੰਨਦਾਤਿਆਂ ਦੇ ਮੁੱਦਿਆਂ 'ਤੇ ਸਿਰਫ ਮਗਰਮੱਛ ਦੇ ਹੰਝੂ ਵਹਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਲੀਡਰਾਂ ਦੇ ਸ਼ੱਕੀ ਕਿਰਦਾਰ ਕਰਕੇ ਇਨ੍ਹਾਂ ਨੂੰ ਸੂਬੇ ਦੇ ਲੋਕਾਂ ਨੇ ਮੂੰਹ ਨਹੀਂ ਲਾਇਆ ਅਤੇ ਹੁਣ ਅਗਾਮੀ ਲੋਕ ਸਭਾ ਚੋਣਾਂ 'ਚ ਵੀ ਇਹ ਪੰਜਾਬ ਵਾਸੀ ਇਨ੍ਹਾਂ ਨੂੰ ਸਬਕ ਸਿਖਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ 'ਚ ਸੂਬਾ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਬੇਮਿਸਾਲ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਲੋਕਾਂ ਦੀ ਭਲਾਈ ਜਾਂ ਲੋਕਾਂ ਦੀ ਖੁਸਹਾਲੀ ਨਾਲ ਕੋਈ ਲੈਣਾ-ਦੇਣਾ ਨਹੀਂ ਸਗੋਂ ਇਨ੍ਹਾਂ ਆਗੂਆਂ ਨੂੰ ਸਿਰਫ ਸੱਤਾ ਹਾਸਲ ਕਰਨ ਦੀ ਚਿੰਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ,"ਇਨ੍ਹਾਂ ਲੋਕਾਂ ਦੀਆਂ ਮਾੜੀਆਂ ਨੀਤੀਆਂ ਨੇ



ਸੂਬੇ ਦਾ ਭਵਿੱਖ ਤਬਾਹ ਕਰ ਦਿੱਤਾ ਹੈ। ਲੋਕਾਂ ਨੂੰ ਦੋ ਡੰਗ ਦੀ ਰੋਟੀ ਦਾ ਬੰਦੋਬਸਤ ਕਰਨ ਲਈ ਮਾਮੂਲੀ ਜਿਹੀਆਂ ਨੌਕਰੀਆਂ ਕਰਨੀਆਂ ਪਈਆਂ ਹਨ, ਜਦੋਂ ਕਿ ਇਨ੍ਹਾਂ ਲੋਕਾਂ ਨੇ ਆਪਣੇ ਪਿਓ-ਦਾਦਿਆਂ ਦੇ ਤਸਕਰੀ ਦੇ 'ਸੋਨੇ ਦੇ ਬਿਸਕੁਟਾਂ' ਦੇ ਸਹਾਰੇ ਜ਼ਿ?ਦਗੀ ਦਾ ਆਨੰਦ ਮਾਣਿਆ ਹੈ।" ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ 'ਚ ਸਰਕਾਰ ਨੇ ਇੱਕ ਵਾਰ ਵੀ ਇਹ ਨਹੀਂ ਕਿਹਾ ਕਿ ਸੂਬੇ ਦਾ ਖਜਾਨਾ ਖਾਲੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦਾ ਇਕ-ਇਕ ਪੈਸਾ ਲੋਕਾਂ ਦੀ ਭਲਾਈ ਲਈ ਸੂਝ-ਬੂਝ ਨਾਲ ਵਰਤਿਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ ਸੂਬੇ ਨੇ ਬੇਮਿਸਾਲ ਤਰੱਕੀ ਅਤੇ ਵਿਕਾਸ ਕੀਤਾ ਹੈ ਜਿਸ ਨੂੰ ਇਹ ਆਗੂ ਹਜਮ ਨਹੀਂ ਕਰ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਆਮ ਆਦਮੀ ਕਲੀਨਿਕ, ਤੀਰਥ ਯਾਤਰਾ ਯੋਜਨਾ, ਸਕੂਲ ਆਫ ਐਮੀਨੈਂਸ, ਮੁਫਤ ਬਿਜਲੀ, ਬੁਨਿਆਦੀ ਢਾਂਚੇ ਦਾ ਵੱਡੇ ਪੱਧਰ 'ਤੇ ਵਿਕਾਸ ਜਾਂ ਹੋਰ ਲੋਕ ਪੱਖੀ ਪਹਿਲਕਦਮੀਆਂ ਦੀ ਕੋਈ ਪ੍ਰਵਾਹ ਨਹੀਂ। ਉਨ੍ਹਾਂ ਕਿਹਾ ਕਿ ਇਨ੍ਹਾਂ ਲਾਲਸੀ ਲੀਡਰਾਂ ਨੂੰ ਸਿਰਫ ਸੱਤਾ ਦੀ ਭੁੱਖ ਹੈ ਕਿਉਂਕਿ ਇਹ ਲੋਕ ਇਸ ਤੋਂ ਬਿਨਾਂ ਨਹੀਂ ਰਹਿ ਸਕਦੇ ਅਤੇ ਵਿਰੋਧੀ ਧਿਰ 'ਚ ਰਹਿ ਕੇ ਇਨ੍ਹਾਂ ਦਾ ਗੁਜਾਰਾ ਹੁਣ ਬਹੁਤ ਔਖਾ ਹੋ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੀ ਨਿਰਾਸਾਜਨਕ ਕਾਰਗੁਜਾਰੀ ਤੋਂ ਤੰਗ ਆ ਕੇ ਲੋਕਾਂ ਨੇ ਸਾਲ 2022 'ਚ ਗੈਰ-ਸਿਆਸੀ ਪਿਛੋਕੜ ਵਾਲੇ 95 ਫੀਸਦੀ ਲੋਕਾਂ ਨੂੰ ਆਪਣੇ ਵਿਧਾਇਕ ਚੁਣਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ 1080 ਕਰੋੜ ਰੁਪਏ ਦੀ ਲਾਗਤ ਨਾਲ ਨਿੱਜੀ ਕੰਪਨੀ ਦੇ ਜੀ. ਵੀ. ਕੇ. ਪਾਵਰ ਪਾਵਰ ਦੀ ਮਾਲਕੀ ਵਾਲੇ ਗੋਇੰਦਵਾਲ ਪਾਵਰ ਪਲਾਂਟ ਨੂੰ ਖਰੀਦ ਕੇ ਸਫਲਤਾ ਦੀ ਨਵੀਂ ਕਹਾਣੀ ਲਿਖੀ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਪਹਿਲੀ ਵਾਰ ਉਲਟਾ ਰੁਝਾਨ ਦੇਖਣ ਨੂੰ ਮਿਲਿਆ ਹੈ ਕਿਉਂਕਿ ਸਰਕਾਰ ਨੇ ਪ੍ਰਾਈਵੇਟ ਪਾਵਰ ਪਲਾਂਟ ਖਰੀਦਿਆ ਹੈ ਜਦਕਿ ਪਹਿਲਾਂ ਸੂਬਾ ਸਰਕਾਰਾਂ ਆਪਣੀਆਂ ਜਾਇਦਾਦਾਂ ਚਹੇਤੇ ਵਿਅਕਤੀਆਂ ਨੂੰ ਕੌਡੀਆਂ ਦੇ ਭਾਅ ਵੇਚਦੀਆਂ ਸਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਇਸ ਥਰਮਲ ਪਲਾਂਟ ਦਾ ਨਾਂ ਤੀਜੇ ਸਿੱਖ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ, ਜਿਨ੍ਹਾਂ ਨੇ ਆਪਣਾ ਜ਼ਿ?ਆਦਾਤਰ ਸਮਾਂ ਗੋਇੰਦਵਾਲ ਸਾਹਿਬ ਵਿਖੇ ਬਿਤਾਇਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ 'ਚੋਂ ਬਹੁਤੇ ਆਗੂ 'ਮੌਕਾਪ੍ਰਸਤ ਅਤੇ ਦਲ-ਬਦਲੂ' ਹਨ ਜੋ ਆਪਣੇ ਸਵਾਰਥਾਂ ਅਨੁਸਾਰ ਵਫਾਦਾਰੀ ਬਦਲ ਲੈਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਕਦੇ ਵੀ ਆਮ ਆਦਮੀ ਦੀ ਭਲਾਈ ਦੀ ਪ੍ਰਵਾਹ ਨਹੀਂ ਕੀਤੀ ਅਤੇ ਹਮੇਸ਼ਾ ਆਪਣੇ ਹਿੱਤਾਂ ਨੂੰ ਪਹਿਲ ਦਿੱਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਸਿਰਫ ਆਪਣੀ ਹਾਈਕਮਾਨ ਨੂੰ ਖੁਸ ਕਰਨ ਲਈ ਪੰਜਾਬ ਦਾ ਪੈਸਾ ਦੂਜੇ ਸੂਬਿਆਂ 'ਚ ਲੁਟਾ ਦਿੱਤਾ ਹੈ, ਜਿਸ ਨਾਲ ਸਰਕਾਰੀ ਖਜਾਨੇ ਨੂੰ ਭਾਰੀ ਨੁਕਸਾਨ ਹੋਇਆ ਹੈ ਅਤੇ ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਮੁੱਖ ਮੰਤਰੀ ਨੇ ਸਦਨ ਦੇ ਸਪੀਕਰ ਨੂੰ ਜਿੰਦਰਾ ਭੇਟ ਕਰਕੇ ਵਿਧਾਨ ਸਭਾ ਸਦਨ ਦੇ ਗੇਟ ਨੂੰ ਅੰਦਰੋਂ ਤਾਲਾ ਲਗਾਉਣ ਦੀ ਅਪੀਲ ਕੀਤੀ ਤਾਂ ਜੋ ਵਿਰੋਧੀ ਧਿਰ ਬਾਹਰ ਨਾ ਜਾ ਸਕੇ।

## ਸਰਕਾਰ ਦੇ ਸਖਤ ਇਤਰਾਜ ਦਾ ਅਸਰ, ਕੁਝ ਹੀ ਘੰਟਿਆਂ 'ਚ ਭਾਰਤੀ ਐਪਸ ਪਲੇਅ ਸਟੋਰ 'ਤੇ ਬਹਾਲ

**ਏਜੰਸੀਆਂ**

ਨਵੀਂ ਦਿੱਲੀ 4 ਮਾਰਚ। ਗੂਗਲ ਨੇ ਆਪਣੇ ਪਲੇਅ ਸਟੋਰ ਤੋਂ ਕੁਝ ਭਾਰਤੀ ਐਪਸ ਨੂੰ ਹਟਾਉਣ ਦਾ ਫੈਸਲਾ ਕੀਤਾ ਸੀ। ਗੂਗਲ ਦੇ ਇਸ ਫੈਸਲੇ ਦਾ ਪਹਿਲਾਂ ਸਟਾਰਟਅੱਪ ਦੇ ਸੀ. ਈ. ਓਜ ਅਤੇ ਸੰਸਥਾਪਕਾਂ ਨੇ ਵਿਰੋਧ ਕੀਤਾ ਅਤੇ ਫਿਰ ਸਰਕਾਰ ਨੇ ਸਖਤ ਇਤਰਾਜ ਪ੍ਰਗਟਾਇਆ। ਇਸ ਤੋਂ ਬਾਅਦ ਗੂਗਲ ਨੇ ਆਪਣਾ ਫੈਸਲਾ ਵਾਪਸ ਲੈਂਦੇ ਹੋਏ ਸਾਦੀ ਡਾਟ ਕਾਮ ਸਮੇਤ ਕਈ ਐਪਸ ਨੂੰ ਪਲੇਅ ਸਟੋਰ 'ਤੇ ਬਹਾਲ ਕਰ ਦਿੱਤਾ। ਦਰਅਸਲ ਸੁੱਕਰਵਾਰ ਸਾਮ ਨੂੰ ਸਾਹਮਣੇ ਆਈ ਖਬਰ 'ਚ ਕਿਹਾ ਗਿਆ ਸੀ ਕਿ ਗੂਗਲ ਨੇ 10 ਭਾਰਤੀ ਐਪਸ ਨੂੰ ਪਲੇਅ ਸਟੋਰ ਤੋਂ ਹਟਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ 'ਚ ਸਾਦੀ ਡਾਟ ਕਾਮ, ਨੌਕਰੀ ਡਾਟ ਕਾਮ, 99 ਏਕੜ ਵਰਗੇ ਨਾਂ ਸਾਮਲ ਹਨ। ਪਿਛਲੇ ਸਾਲ ਕੰਪਨੀ ਨੇ ਕੁਝ ਐਪਸ ਡਿਵੈਲਪਰਾਂ ਨੂੰ ਚੇਤਾਵਨੀ ਵੀ ਦਿੱਤੀ ਸੀ। ਇਸ ਤੋਂ ਬਾਅਦ ਕੇਂਦਰੀ ਦੂਰਸੰਚਾਰ ਮੰਤਰੀ ਅਸਵਨੀ ਵੈਸਨਵ ਨੇ ਗੂਗਲ ਦੇ ਇਸ ਫੈਸਲੇ 'ਤੇ ਸਖਤ ਰਵੱਈਆ ਅਪਣਾਇਆ। ਨਾਲ ਹੀ,



ਉਨ੍ਹਾਂ ਨੇ ਇਹ ਵੀ ਕਿਹਾ ਕਿ ਐਪਸ ਨੂੰ ਹਟਾਉਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਇਸ ਵਿਵਾਦ ਨੂੰ ਸੁਲਝਾਉਣ ਲਈ ਸਰਕਾਰ ਨੇ ਗੂਗਲ ਅਤੇ ਐਪ ਮਾਲਕਾਂ ਨਾਲ ਇਕ ਮੀਟਿੰਗ ਦਾ ਵੀ ਆਯੋਜਨ ਕੀਤਾ ਸੀ ਪਰ ਮੀਟਿੰਗ ਤੋਂ ਪਹਿਲਾਂ ਹੀ ਗੂਗਲ ਨੇ ਆਪਣਾ ਫੈਸਲਾ ਵਾਪਸ ਲੈ ਲਿਆ। ਅਸਵਿਨੀ ਵੈਸ਼ਨਵ ਨੇ ਕਿਹਾ ਕਿ ਸਟਾਰਟਅੱਪ ਈਕੋ ਸਿਸਟਮ ਭਾਰਤੀ ਅਰਥਵਿਵਸਥਾ ਦੀ ਕੁੰਜੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਮਾਮਲਾ ਸਰਵਿਸ ਫੀਸ ਦਾ ਭੁਗਤਾਨ ਨਾ ਕਰਨ ਦਾ ਸੀ। ਇਸ ਤੋਂ ਬਾਅਦ ਗੂਗਲ ਨੇ ਹਣ ਇਨ੍ਹਾਂ ਐਪਸ ਨੂੰ ਪਲੇਟਫਾਰਮ ਤੋਂ ਹਟਾਉਣ ਦਾ ਫੈਸਲਾ ਕੀਤਾ ਸੀ। ਦਰਅਸਲ, ਕਈ ਸਟਾਰਟਅਪ ਚਾਹੁੰਦੇ ਸਨ ਕਿ ਗੂਗਲ ਵੱਲੋਂ ਚਾਰਜ ਨਾ ਲਾਇਆ ਜਾਵੇ ਅਤੇ ਫਿਰ ਉਨ੍ਹਾਂ ਨੇ ਇਹ ਭੁਗਤਾਨ ਨਹੀਂ ਕੀਤਾ। ਹਾਲਾਂਕਿ ਇਹ ਮਾਮਲਾ ਸੁਪਰੀਮ ਕੋਰਟ ਵੀ ਪਹੁੰਚ ਗਿਆ ਸੀ। ਗੂਗਲ ਦੇ ਇਸ ਫੈਸਲੇ ਦੀ ਕਈ ਲੋਕਾਂ ਨੇ ਆਲੋਚਨਾ ਕੀਤੀ। ਕੂੱਕੂ ਐੱਫ. ਐੱਮ. ਦੇ ਸੀ. ਈ. ਓ. ਲਾਲ ਚੰਦ ਬਿਸੂ ਨੇ 'ਐਕਸ' 'ਤੇ ਪੋਸਟ ਕਰ ਕੇ ਗੂਗਲ ਦੀ ਆਲੋਚਨਾ ਕੀਤੀ ਅਤੇ ਇਸ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ।

## ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਲਖਨਊ 4 ਮਾਰਚ। ਉੱਤਰ ਪ੍ਰਦੇਸ਼ ਪੁਲਸ ਨੇ ਸੋਮਵਾਰ ਨੂੰ ਕਿਹਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾਉਣ



ਦੀ ਧਮਕੀ ਮਿਲੀ ਹੈ। ਜਿਸ ਤੋਂ ਬਾਅਦ ਇਕ ਅਣਪਛਾਤੇ ਵਿਅਕਤੀ ਖ਼ਿ?ਲਾਫ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਅਨੁਸਾਰ, ਧਮਕੀ ਭਰਿਆ ਫੋਨ 2 ਮਾਰਚ ਨੂੰ ਸੁਰੱਖਿਆ ਹੈੱਡ ਕੁਆਰਟਰ 'ਚ ਤਾਇਨਾਤ ਇਕ ਚੀਫ ਕਾਂਸਟੇਬਲ ਨੂੰ ਕੀਤਾ ਗਿਆ ਸੀ। ਅਧਿਕਾਰੀਆਂ ਨੇ ਕਿਹਾ,"ਫੋਨ ਕਰਨ ਵਾਲੇ ਨੇ ਚੀਫ ਕਾਂਸਟੇਬਲ ਨੂੰ ਕਿਹਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ ਅਤੇ ਫੋਨ ਕੱਟ ਦਿੱਤਾ।" ਪੁਲਸ ਨੇ ਕਿਹਾ ਕਿ ਫੋਨ ਕਰਨ ਵਾਲੇ ਖ਼ਿ?ਲਾਫ ਮਹਾਨਗਰ ਪੁਲਸ ਸਟੇਸ਼ਨ 'ਚ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਅਤੇ ਜਾਂਚ ਜਾਰੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਯੋਗੀ ਅਤੇ ਰਾਮ ਮੰਦਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਜਾ ਚੁੱਕੀ ਹੈ। ਧਮਕੀ ਦੇਣ ਵਾਲੇ 2 ਦੋਸ਼ੀਆਂ ਨੂੰ ਉੱਤਰ ਪ੍ਰਦੇਸ਼ ਐੱਸ.ਟੀ.ਐੱਫ. ਨੇ ਰਾਜਧਾਨੀ ਲਖਨਊ ਦੇ ਗੋਮਤੀ ਨਗਰ ਸਥਿਤ ਵਿਭੂਤੀ ਇਲਾਕੇ ਤੋਂ ਗ੍ਰਿਫਤਾਰ ਕੀਤਾ ਸੀ। ਦੋਸ਼ੀਆਂ ਦੇ ਨਾਂ ਤਾਹਰ ਸਿੰਘ ਅਤੇ ਓਮਪ੍ਰਕਾਸ਼ ਮਿਸ਼ਰਾ ਸਨ ਅਤੇ ਦੋਵੇਂ ਹੀ ਰਾਜ ਦੇ ਗੋਂਡਾ ਜ਼ਿ?ਲ੍ਹੇ ਦੇ ਰਹਿਣ ਵਾਲੇ ਸਨ। ਗ੍ਰਿਫਤਾਰ ਦੋਸ਼ੀਆਂ ਨੇ ਪੁੱਛ-ਗਿੱਛ 'ਚ ਦੱਸਿਆ ਕਿ ਉਹ ਇਕ ਪੈਰਾਮੈਡੀਕਲ ਇੰਸਟੀਚਿਊਟ 'ਚ ਕੰਮ ਕਰਦੇ ਸਨ।

## ਖੁੱਦ ਬਣੇ ਬਾਬਾ ਦੇ ਸੈਕਸ ਰੈਕੇਟ ਦਾ ਪਰਦਾਫਾਸ, 2 ਔਰਤਾਂ ਸਮੇਤ 7 ਗ੍ਰਿਫਤਾਰ

ਠਾਣੇ, 4 ਮਾਰਚ। ਮਹਾਰਾਸਟਰ ਦੇ ਠਾਣੇ 'ਚ ਅਮੀਰ ਬਣਨ ਦੇ ਇਛੁਕ ਲੋਕਾਂ ਲਈ ਯੱਗ ਦੀ ਆੜ 'ਚ ਕਥਿਤ ਤੌਰ 'ਤੇ ਸੈਕਸ ਰੈਕੇਟ ਚਲਾਉਣ ਦੇ ਦੋਸ ਹੇਠ ਇੱਕ ਖੁੱਦ ਬਣੇ ਬਾਬਾ ਸਮੇਤ 7 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਠਾਣੇ ਦੀ ਅਪਰਾਧ ਸਾਖਾ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਰਾਬੋਡੀ ਤੋਂ 15 ਸਾਲ ਦੀ ਇਕ ਕੁੜੀ ਨੂੰ ਅਗਵਾ ਤੇ ਲਾਪਤਾ ਕਰਨ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਇਸ ਰੈਕੇਟ ਦੀ ਜਾਂਚ ਸੁਰੂ ਹੋਈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਅਸਲਮ ਖਾਨ ਤੇ ਸਲੀਮ ਸੇਖ ਨਾਂ ਦੇ ਦੋ ਵਿਅਕਤੀਆਂ ਨੂੰ 25 ਫਰਵਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਮੁੱਖ ਮੁਲਜਮ ਸਾਹਿਬ ਲਾਲ ਵਜੀਰ ਸੇਖ ਉਰਫ ਯੂਸਫ ਬਾਬਾ ਬਾਰੇ ਪੁਲਸ ਨੂੰ ਸੂਚਿਤ ਕੀਤਾ, ਜਿਸ ਨੂੰ ਕੁਝ ਸਮੇਂ ਬਾਅਦ ਫੜ ਲਿਆ ਗਿਆ। ਜਾਂਚ ਤੋਂ ਪਤਾ ਲੱਗਾ ਕਿ ਯੂਸਫ ਬਾਬਾ ਅਤੇ ਉਸ ਦੇ ਸਾਥੀ ਗਰੀਬ ਔਰਤਾਂ ਨੂੰ ਕਾਲੇ ਜਾਦੂ ਰਾਹੀਂ ਅਮੀਰ ਬਣਾਉਣ ਦਾ ਵਾਅਦਾ ਕਰਦੇ ਸਨ। ਕੁਝ ਰੀਤੀ ਰਿਵਾਜਾਂ 'ਚ ਔਰਤਾਂ ਨੂੰ ਨਗਨ ਹਾਲਤ 'ਚ ਸਾਮਲ ਕੀਤਾ ਗਿਆ।

## ਦਿੱਲੀ ਦੀ ਪ੍ਰਤੀ ਵਿਅਕਤੀ ਆਮਦਨ ਦੋ ਸਾਲਾਂ 'ਚ 22 ਫੀਸਦੀ ਵਧੀ: ਆਰਥਿਕ ਸਮੀਖਿਆ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 4 ਮਾਰਚ। ਦਿੱਲੀ ਦੀ ਪ੍ਰਤੀ ਵਿਅਕਤੀ ਆਮਦਨ ਦੋ ਸਾਲਾਂ ਵਿਚ 22 ਫੀਸਦੀ ਵਧ ਕੇ ਚਾਲੂ ਵਿੱਤੀ ਸਾਲ ਵਿਚ 4.61 ਲੱਖ ਰੁਪਏ ਹੋ ਗਈ ਹੈ। ਸ਼ੁੱਕਰਵਾਰ ਨੂੰ ਪੇਸ਼ ਕੀਤੀ ਗਈ ਰਾਜ ਆਰਥਿਕ ਸਮੀਖਿਆ ਵਿਚ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੇ ਵਿਧਾਨ ਸਭਾ ਵਿਚ ਵਿੱਤੀ ਸਾਲ 2023-24 ਦੀ ਆਰਥਿਕ ਸਮੀਖਿਆ ਪੇਸ਼ ਕਰਦੇ ਹੋਏ ਕਿਹਾ ਕਿ ਦਿੱਲੀ ਸਰਕਾਰ ਨੇ ਸੁਚਾਰੂ ਕੰਮਕਾਜ ਵਿਚ ਪੈਦਾ ਹੋਈਆਂ ਰੁਕਾਵਟਾਂ ਦੇ ਬਾਵਜੂਦ ਇਸ ਦੀ ਪ੍ਰਤੀ ਵਿਅਕਤੀ ਆਮਦਨ ਵਿਚ ਵਾਧਾ ਦਰਜ ਕੀਤਾ ਹੈ। ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਅਗਲੇ ਵਿੱਤੀ ਸਾਲ 2024-25 ਲਈ ਰਾਜ ਦਾ ਬਜਟ ਚਾਰ ਮਾਰਚ ਨੂੰ ਵਿਧਾਨਸਭ ਵਿਚ ਪੇਸ਼ ਕੀਤਾ ਜਾਵੇਗਾ। ਉਹਨਾਂ ਨੇ ਆਰਥਿਕ ਸਮੀਖਿਆ ਦਾ ਵੇਰਵਾ ਦਿੰਦੇ ਹੋਏ ਕਿਹਾ ਕਿ ਵਿੱਤੀ ਸਾਲ 2023-



24 ਵਿਚ ਮੌਜੂਦਾ ਕੀਮਤਾਂ 'ਤੇ ਦਿੱਲੀ ਦਾ ਜੀਐੱਸਡੀਪੀ (ਕੁੱਲ ਰਾਜ ਘਰੇਲੂ ਉਤਪਾਦ) 11,07,746 ਕਰੋੜ ਰੁਪਏ ਤੱਕ ਪਹੁੰਚਣ ਦੀ ਸੰਭਾਵਨਾ ਹੈ, ਜੋ 2022-23 ਦੀ ਤੁਲਣਾ ਵਿਚ 9.17 ਫੀਸਦੀ ਤੋਂ ਵੱਧ ਹੈ। ਵਿੱਤੀ ਸਾਲ 2022-23 ਵਿੱਚ ਦਿੱਲੀ ਦੀ ਜੀਐੱਸਡੀਪੀ 10.14 ਲੱਖ ਕਰੋੜ ਰੁਪਏ ਸੀ। ਆਤਿਸੀ ਨੇ ਕਿਹਾ ਕਿ ਕੋਵਿਡ ਤੋਂ ਬਾਅਦ ਦੇ ਦੌਰ ਵਿੱਚ ਦਿੱਲੀ ਦੀ ਅਸਲ ਜੀਐੱਸਡੀਪੀ 2021-22 ਵਿੱਚ 8.76 ਫੀਸਦੀ ਅਤੇ 2022-23 ਵਿੱਚ 7.85 ਫੀਸਦੀ ਦੀ ਦਰ ਨਾਲ ਵਧਿਆ, ਜੋ ਦੇਸ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਤੇਜ ਹੈ। ਉਹਨਾਂ ਨੇ ਕਿਹਾ ਕਿ ਦਿੱਲੀ ਦੀ ਜਨਸੰਖਿਆ ਭਾਰਤ ਦੀ ਜਨਸੰਖਿਆ ਦਾ 1.5 ਫੀਸਦੀ ਹੈ, ਜਦਕਿ ਇਸ ਦੀ ਜੀਡੀਪੀ ਦਾ ਭਾਰਤ ਦੀ ਜੀਡੀਪੀ ਵਿਚ ਕਰੀਬ 3.9 ਫੀਸਦੀ ਯੋਗਦਾਨ ਹੈ। ਵਿੱਤੀ ਸਾਲ 2021-22 ਵਿਚ ਦਿੱਲੀ ਦੀ ਪ੍ਰਤੀ ਵਿਅਕਤੀ ਆਮਦਨ 3,76,217 ਰੁਪਏ ਸੀ, ਜੋ 2023-24 ਵਿੱਚ ਵਧ ਕੇ 4,61,910 ਰੁਪਏ ਹੋ ਗਈ। ਇਸ ਤਰ੍ਹਾਂ ਦੋ ਸਾਲਾਂ ਵਿੱਚ 22 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਜਨਵਰੀ-ਦਸੰਬਰ 2023 ਵਿੱਚ ਦਿੱਲੀ ਦੀ ਮਹਿੰਗਾਈ ਦਰ 2.81 ਫੀਸਦੀ ਸੀ, ਜਦੋਂ ਕਿ ਇਸੇ ਸਮੇਂ ਦੌਰਾਨ ਰਾਸਟਰੀ ਮਹਿੰਗਾਈ ਦਰ 5.65 ਫੀਸਦੀ ਸੀ।

## ਭਾਰਤ ਫੌਜੀ ਸਾਜੋ-ਸਾਮਾਨ ਲਈ ਦਰਾਮਦ 'ਤੇ ਨਿਰਭਰ ਨਹੀਂ ਰਹਿ ਸਕਦਾ: ਰਾਜਨਾਥ ਸਿੰਘ

ਨਵੀਂ ਦਿੱਲੀ 4 ਮਾਰਚ। ਘਰੇਲੂ ਨਿਰਮਾਣ ਨੂੰ ਉਤਸਾਹਿਤ ਕਰਨ ਦੀ ਨਰਿੰਦਰ ਮੋਦੀ ਸਰਕਾਰ ਦੀ ਤਰਜੀਹ 'ਤੇ ਜੋਰ ਦਿੰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਭਾਰਤ ਵਰਗਾ ਵੱਡਾ ਦੇਸ ਫੌਜੀ ਸਾਜੋ-ਸਾਮਾਨ ਦੀ ਦਰਾਮਦ 'ਤੇ ਨਿਰਭਰ ਨਹੀਂ ਰਹਿ ਸਕਦਾ ਕਿਉਂਕਿ ਅਜਿਹੀ ਨਿਰਭਰਤਾ ਉਸ ਦੀ ਰਣਨੀਤਕ ਖੁਦਮੁਖਤਿਆਰੀ ਦੇ ਖਿਲਾਫ 'ਘਾਤਕ' ਹੋ ਸਕਦੀ ਹੈ। 'ਡੇਫਕਨੈਕਟ 2024' ਸੰਮੇਲਨ ਨੂੰ ਸੰਬੋਧਨ ਕਰਦਿਆਂ ਰਾਜਨਾਥ ਨੇ ਦਾਅਵਾ ਕੀਤਾ ਕਿ ਰੱਖਿਆ ਦਰਾਮਦਾਂ 'ਤੇ ਨਿਰਭਰਤਾ ਕਾਰਨ ਭਾਰਤ ਨੂੰ ਅਤੀਤ 'ਚ ਮੁਸਕਲ ਸਮਿਆਂ ਦਾ ਸਾਹਮਣਾ ਕਰਨਾ ਪਿਆ ਹੈ। ਰਾਜਨਾਥ ਸਿੰਘ ਨੇ ਕਿਹਾ ਕਿ ਅਸੀਂ ਰਣਨੀਤਕ ਖੁਦਮੁਖਤਿਆਰੀ ਤਾਂ ਹੀ ਬਰਕਰਾਰ ਰੱਖ ਸਕਾਂਗੇ ਜਦੋਂ ਹਥਿਆਰ ਅਤੇ ਉਪਕਰਨ ਸਾਡੇ ਦੇਸ 'ਚ ਸਾਡੇ ਆਪਣੇ ਲੋਕਾਂ ਵਲੋਂ ਬਣਾਏ ਜਾਣਗੇ। ਅਸੀਂ ਇਸ ਦਿਸਾ 'ਚ ਕੰਮ ਕੀਤਾ ਅਤੇ ਅਸੀਂ ਸਕਾਰਾਤਮਕ ਨਤੀਜੇ ਵੀ ਦੇਖੇ। ਉਨ੍ਹਾਂ ਕਿਹਾ ਕਿ ਸਾਲ 2014 ਦੇ ਆਲੇ-ਦੁਆਲੇ ਸਾਡਾ ਘਰੇਲੂ ਰੱਖਿਆ ਉਤਪਾਦਨ 44,000 ਕਰੋੜ ਰੁਪਏ ਸੀ, ਅੱਜ ਸਾਡਾ ਘਰੇਲੂ ਰੱਖਿਆ ਉਤਪਾਦਨ 1 ਲੱਖ ਕਰੋੜ ਰੁਪਏ ਦੇ ਰਿਕਾਰਡ ਅੰਕੜੇ ਨੂੰ ਪਾਰ ਕਰ ਗਿਆ ਹੈ ਅਤੇ ਇਹ ਲਗਾਤਾਰ ਵਧ ਰਿਹਾ ਹੈ।

# ਸਰਕਾਰ ਜੇਕਰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦਾ ਕਾਨੂੰਨ ਲਿਆਉਂਦੀ ਤਾਂ ਕਿਸਾਨ ਫਿਰ ਬਾਰਡਰਾਂ 'ਤੇ ਨਾ ਡਟਦੇ : ਹੁੱਡਾ

**ਤੇਜਿੰਦਰ ਕੌਰ ਬੱਬਰ**


ਚੰਡੀਗੜ੍ਹ 4 ਮਾਰਚ। ਕਾਂਗਰਸ ਆਗੂ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਜੇਕਰ ਸਰਕਾਰ ਖੇਤੀ ਉਤਪਾਦ ਘੱਟੋ-ਘੱਟ ਸਮਰਥਨ ਮੁੱਲ () ਤੋਂ ਹੇਠਾਂ ਦੀ ਦਰ 'ਤੇ ਖਰੀਦਣ ਨੂੰ ਅਪਰਾਧ ਬਣਾਉਣ ਲਈ ਚੌਥਾ ਕਾਨੂੰਨ ਲਿਆਉਂਦੀ ਹੈ ਤਾਂ ਕਿਸਾਨਾਂ ਨੂੰ ਫਿਰ ਤੋਂ ਸਰਕਾਰ ਨਾਲ ਜੰਗ ਨਹੀਂ ਲੜਨੀ ਪੈਂਦੀ। ਸਰਕਾਰ 2020 ਵਿਚ ਤਿੰਨ ਵਿਵਾਦਪੂਰਨ ਖੇਤੀ ਕਾਨੂੰਨ ਲੈ ਕੇ ਆਈ ਸੀ, ਜਿਸ ਨੂੰ ਸਰਕਾਰ ਨੇ ਖੇਤੀ ਖੇਤਰ ਵਿਚ ਸੁਧਾਰਾਂ ਲਈ ਜਰੂਰੀ ਦੱਸਿਆ ਸੀ। ਹਾਲਾਂਕਿ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿਚ ਕਿਸਾਨਾਂ ਦੇ ਲੰਬੇ ਚਲੇ ਅੰਦੋਲਨ ਮਗਰੋਂ ਨਵੰਬਰ 2021 ਵਿਚ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ। ਅੰਦੋਲਨਕਾਰੀ ਕਿਸਾਨ ਫਸਲਾਂ ਲਈ 'ਤੇ ਕਾਨੂੰਨੀ ਬਣਾਉਣ ਦੀ ਮੰਗ ਕਰ ਰਹੇ ਹਨ ਪਰ ਸਰਕਾਰ ਇਸ 'ਤੇ ਰਾਜੀ ਨਹੀਂ ਹੋਈ। ਉਹ ਆਪਣੀਆਂ ਮੰਗਾਂ ਨੂੰ ਲੈ ਕੇ 'ਦਿੱਲੀ ਚਲੋ' ਪ੍ਰਦਰਸ਼ਨ ਦੇ ਤੌਰ 'ਤੇ ਪਿਛਲੇ ਕਈ ਦਿਨਾਂ ਤੋਂ ਪੰਜਾਬ-ਹਰਿਆਣਾ ਬਾਰਡਰ 'ਤੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਡਟੇ ਹੋਏ ਹਨ। ਹੁੱਡਾ ਨੇ ਕਿਹਾ ਕਿ ਜੇਕਰ ਇਹ ਉਦੋਂ ਕੀਤਾ ਹੁੰਦਾ ਤਾਂ ਕਿਸਾਨ ਫਿਰ ਤੋਂ ਪ੍ਰਦਰਸ਼ਨ ਦੇ ਰਸਤੇ 'ਤੇ ਨਹੀਂ ਜਾਂਦੇ। ਉਨ੍ਹਾਂ ਨੇ ਕਿਹਾ ਕਿ ਸਰਕਾਰ ਕੋਲ ਹੁਣ ਵੀ ਸਮਾਂ ਹੈ ਅਤੇ ਉਨ੍ਹਾਂ ਕਿਸਾਨਾਂ ਦੇ ਮੁੱਦੇ ਹੱਲ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤੁਰੰਤ ਉਨ੍ਹਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਹੁੱਡਾ ਮੁਤਾਬਕ ਜਦੋਂ ਕੇਂਦਰ ਜੂਨ



2020 ਵਿਚ ਪਹਿਲਾ ਆਰਡੀਨੈਂਸ ਲੈ ਕੇ ਆਈ ਸੀ ਤਾਂ ਮੈਂ ਸੰਸਦ 'ਚ ਤਿੰਨੋਂ ਕਾਨੂੰਨਾਂ ਦੇ ਪਾਸ ਹੋਣ ਤੋਂ ਪਹਿਲਾਂ ਕਿਹਾ ਸੀ ਕਿ ਖੇਤੀ ਉਤਪਾਦ ਨੂੰ ਤੋਂ ਹੇਠਾਂ ਦੀ ਦਰ 'ਤੇ ਖਰੀਦਣ ਨੂੰ ਅਪਰਾਧ ਬਣਾਉਣ ਲਈ ਚੌਥਾ ਕਾਨੂੰਨ ਲਿਆਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ 'ਇੰਡੀਆ' ਗਠਜੋੜ ਸੱਤਾ ਵਿਚ ਆਉਂਦਾ ਹੈ ਤਾਂ ਉਨ੍ਹਾਂ ਦੀ ਪਾਰਟੀ ਲਈ ਕਾਨੂੰਨੀ ਗਾਰੰਟੀ ਯਕੀਨੀ ਕਰੇਗੀ। ਲੋਕ ਸਭਾ ਚੋਣਾਂ ਦੀਆਂ ਤਾਰੀਖਾਂ ਦੇ ਜਲਦ ਐਲਾਨ ਹੋਣ ਦੀ ਸੰਭਾਵਨਾ ਨਾਲ ਹੁੱਡਾ ਨੇ ਕਿਹਾ ਕਿ ਕਾਂਗਰਸ ਪੂਰੀ ਤਰ੍ਹਾਂ ਤਿਆਰ ਹੈ ਅਤੇ ਉਹ ਆਮ ਆਦਮੀ ਪਾਰਟੀ (ਆਪ) ਨਾਲ ਗਠਜੋੜ ਵਿਚ ਬਹੁਤ ਚੰਗਾ ਪ੍ਰਦਰਸ਼ਨ ਕਰੇਗੀ। ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਵਿਚੋਂ 'ਆਪ' ਨੂੰ ਕੁਰੂਕਸ਼ੇਤਰ ਸੀਟ ਦਿੱਤੀ ਗਈ ਹੈ, ਜਦਕਿ ਬਾਕੀ ਦੀਆਂ 9 ਸੀਟਾਂ 'ਤੇ ਕਾਂਗਰਸ ਲੜੇਗੀ। 'ਆਪ' ਨੇ ਕੁਰੂਕੇਸ਼ਤਰ ਸੀਟ ਤੋਂ ਆਪਣੀ ਹਰਿਆਣਾ ਇਕਾਈ ਦੇ ਮੁਖੀ ਸੁਸ਼ੀਲ ਗੁਪਤਾ ਨੂੰ ਖੜ੍ਹਾ ਕੀਤਾ ਹੈ। ਭਾਜਪਾ ਦੇ ਇਸ ਵਾਰ '400 ਪਾਰ' ਜਾਣ ਦੇ ਦਾਅਵਿਆਂ 'ਤੇ ਹੁੱਡਾ ਨੇ ਕਿਹਾ ਹਰ ਕੋਈ ਉਨ੍ਹਾਂ ਦੇ 'ਜੁਮਲਿਆਂ' ਬਾਰੇ ਜਾਣਦਾ ਹੈ। ਇਹ ਇਕ ਹੋਰ 'ਜੁਮਲਾ' ਹੈ। ਲੋਕ ਕੇਂਦਰ ਅਤੇ ਹਰਿਆਣਾ ਵਿਚ ਬਦਲਾਅ ਲਈ ਵੋਟ ਕਰਨਗੇ।

## ਭਾਰਤੀ ਪੁਰਾਤੱਤਵ ਵਿਭਾਗ ਅਤੇ ਹਰਿਆਣਾ ਵਿਚਕਾਰ ਸਮਝੌਤਾ ਮੰਗ ਪੱਤਰ 'ਤੇ ਕੀਤੇ ਦਸਤਖਤ

ਚੰਡੀਗੜ੍ਹ/ਨਵੀਂ ਦਿੱਲੀ 4 ਮਾਰਚ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੀ ਪ੍ਰਧਾਨਗੀ ਹੇਠ ਐਤਵਾਰ ਨੂੰ ਨਵੀਂ ਦਿੱਲੀ ਦੇ ਹਰਿਆਣਾ ਭਵਨ ਵਿਖੇ ਭਾਰਤ ਦੇ ਪੁਰਾਤੱਤਵ ਵਿਭਾਗ ਅਤੇ ਸੂਬਾ ਸਰਕਾਰ ਦਰਮਿਆਨ ਇਕ ਸਮਝੌਤਾ ਮੰਗ ਪੱਤਰ () 'ਤੇ ਦਸਤਖਤ ਕੀਤੇ ਗਏ। ਇਸ ਸਮਝੌਤੇ ਤਹਿਤ ਹਿਸਾਰ ਨੇੜੇ ਇਤਿਹਾਸਕ ਸਥਾਨ ਅਗਰੋਹਾ ਵਿਖੇ ਪੁਰਾਤੱਤਵ ਖੁਦਾਈ ਕੀਤੀ ਜਾਵੇਗੀ। ਪਹਿਲੇ ਪੜਾਅ ਵਿਚ ਗਰਾਊਂਡ ਪੈਨੇਟਰੇਟਿੰਗ ਰਾਡਾਰ (ਜੀ. ਪੀ. ਆਰ.) ਸਰਵੇਖਣ ਅਤੇ ਬਾਅਦ ਵਿਚ ਸਾਈਟ ਦੀ ਖੋਦਾਈ ਕੀਤੀ ਜਾਵੇਗੀ। ਇਸ ਮੌਕੇ ਐਲਾਨ ਕਰਦਿਆਂ ਖੱਟੜ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਮੈਡੀਕਲ ਕਾਲਜ, ਅਗਰੋਹਾ ਵਿਚ ਇਕ ਚੇਅਰ ਮਹਾਰਾਜਾ ਅਗਰਸੇਨ ਜੀ ਦੇ ਨਾਮ 'ਤੇ ਸਥਾਪਿਤ ਕੀਤੀ ਜਾਵੇਗੀ। ਸੂਬਾ ਸਰਕਾਰ ਹਰਿਆਣਾ ਨੂੰ ਸੈਰ-ਸਪਾਟਾ ਨਕਸੇ 'ਤੇ ਉਜਾਗਰ ਕਰਨ ਅਤੇ ਸੈਰ-ਸਪਾਟੇ ਨੂੰ ਉਤਸਾਹਿਤ ਕਰਨ ਦੇ ਉਦੇਸ ਨਾਲ ਲਗਾਤਾਰ ਅੱਗੇ ਵਧ ਰਹੀ ਹੈ। ਇਸ ਦਿਸਾ 'ਚ ਇਕ ਹੋਰ ਲੜੀ ਜੋੜੀ ਗਈ ਹੈ। ਅੱਜ ਨਵੀਂ ਦਿੱਲੀ ਸਥਿਤ ਹਰਿਆਣਾ ਭਵਨ 'ਚ ਭਾਰਤ ਦੇ ਪੁਰਾਤੱਤਵ ਵਿਭਾਗ ਅਤੇ ਹਰਿਆਣਾ ਸਰਕਾਰ ਦਰਮਿਆਨ ਇਕ ਸਮਝੌਤਾ ਮੰਗ ਪੱਤਰ 'ਤੇ ਦਸਤਖਤ ਕੀਤੇ ਗਏ। ਇਸ ਸਮਝੌਤੇ ਤਹਿਤ




ਹਿਸਾਰ ਨੇੜੇ ਇਤਿਹਾਸਕ ਸਥਾਨ ਅਗਰੋਹਾ ਵਿਖੇ ਪੁਰਾਤੱਤਵ ਖੋਦਾਈ ਕੀਤੀ ਜਾਵੇਗੀ। ਪਹਿਲੇ ਪੜਾਅ ਵਿਚ ਜੀ. ਪੀ. ਆਰ ਸਰਵੇਖਣ ਅਤੇ ਬਾਅਦ ਵਿਚ ਥਾਂ ਦੀ ਖੋਦਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਮੈਂ ਐਲਾਨ ਕਰਦਾ ਹਾਂ ਕਿ ਮਹਾਰਾਜਾ ਅਗਰਸੇਨ ਮੈਡੀਕਲ ਕਾਲਜ ਅਗਰੋਹਾ ਵਿਚ ਮਹਾਰਾਜਾ ਅਗਰਸੇਨ ਜੀ ਦੇ ਨਾਮ 'ਤੇ 1 ਚੇਅਰ ਸਥਾਪਿਤ ਕੀਤੀ ਜਾਵੇਗੀ।

# ਲੱਖਾਂ ਕਮਾਉਣ ਦੇ ਚੱਕਰ ਵਿਚ ਟ੍ਰੈਵਲ ਏਜੰਟਾਂ ਨੇ ਕਈਆਂ 'ਤੇ ਲਗਵਾ ਦਿੱਤਾ 10 ਸਾਲ ਦਾ ਬੈਨ

ਜਲੰਧਰ 4 ਮਾਰਚ। ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਡਾਲਰਾਂ-ਪੌਂਡਾਂ ਦੇ ਸੁਨਹਿਰੀ ਸੁਪਨੇ ਦਿਖਾ ਕੇ, ਯੂ. ਕੇ. 'ਚ ਵਰਕ ਪਰਮਿਟ ਦਵਾਉਣ ਦਾ ਝਾਂਸਾ ਦੇ ਕੇ ਤੇ ਉਥੇ ਲੱਖਾਂ ਰੁਪਏ ਮਹੀਨਾ ਕਮਾਉਣ ਦੇ ਨਾਲ-ਨਾਲ ਕੁਝ ਸਮੇਂ ਬਾਅਦ ਉਥੇ ਹੀ ਪੀ. ਆਰ. ਹੋਣ ਦੀ ਗੱਲ ਕਹਿ ਕੇ ਲੋਕਾਂ ਨਾਲ ਹੈਲਥਕੇਅਰ, ਕੰਸਟਰੱਕਸ਼ਨ ਤੇ ਆਈ. ਟੀ. ਸੈਕਟਰ 'ਚ ਹੋਏ ਫਰਜੀਵਾੜੇ ਤੋਂ ਬਾਅਦ ਹੁਣ ਕਥਿਤ ਤੌਰ 'ਤੇ ਟ੍ਰੈਵਲ ਏਜੰਟਾਂ ਵੱਲੋਂ ਮੈਕਸੀਕੋ ਰਾਹੀਂ ਅਮਰੀਕਾ ਵਿਚ 'ਡੌਂਕੀ' ਲੁਆ ਕੇ ਭੇਜਣ ਦਾ ਫਰਜੀਵਾੜਾ ਸਾਹਮਣੇ ਆ ਰਿਹਾ ਹੈ। ਸੂਤਰਾਂ ਮੁਤਾਬਕ ਪੰਜਾਬ ਦੇ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਯੂ. ਕੇ. ਵਰਕ ਪਰਮਿਟ ਦੇ ਨਾਂ 'ਤੇ ਲੱਖਾਂ-ਕਰੋੜਾਂ ਰੁਪਏ ਕਮਾ ਕੇ ਲੋਕਾਂ ਦੀ ਜਹਿੰਦਗੀ ਨਾਲ ਖਿਲਵਾੜ ਕੀਤਾ ਹੈ, ਜਿਸ ਕਾਰਨ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਵੀ ਹੁਣ ਉਨ੍ਹਾਂ ਨੂੰ ਉਥੇ ਕੰਮ ਨਹੀਂ ਮਿਲ ਰਿਹਾ ਤੇ ਕੰਪਨੀਆਂ ਬੰਦ ਹੋਣ 'ਤੇ ਉਨ੍ਹਾਂ ਦੇ ਸਿਰ 'ਤੇ ਇਲ-ਲੀਗਲ ਹੋਣ ਦੀ ਤਲਵਾਰ ਵੀ ਲਟਕਣ ਲੱਗੀ ਹੈ। ਸੂਤਰਾਂ ਨੇ ਦੱਸਿਆ ਕਿ ਸੂਬੇ ਭਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਵਰਕ ਪਰਮਿਟ ਦੇ ਨਾਂ 'ਤੇ ਅਜਿਹੀ ਖੇਡ ਖੇਡੀ ਕਿ ਲੋਕਾਂ ਨੂੰ ਯੂ. ਕੇ. ਤੋਂ ਮੈਕਸੀਕੋ ਅਤੇ ਉਥੋਂ 'ਡੌਂਕੀ' ਲੁਆ ਕੇ ਅਮਰੀਕਾ ਭੇਜਣ ਦੇ ਨਾਂ 'ਤੇ ਇਕ ਹੀ ਵਰਕ ਪਰਮਿਟ 'ਤੇ ਲੱਖਾਂ ਰੁਪਏ ਵੱਖਰੇ ਤੌਰ 'ਤੇ ਕਮਾ ਲਏ ਹਨ। ਜੇਕਰ ਯੂ. ਕੇ. ਹੈਲਥਕੇਅਰ, ਆਈ. ਟੀ. ਸੈਕਟਰ ਤੇ ਕੰਸਟਰੱਕਸ਼ਨ ਕੈਟਾਗਰੀ ਵਿਚ ਕੋਈ ਇਨ੍ਹਾਂ ਦੇ ਹੱਥੇ ਚੜ੍ਹ ਕੇ ਆਪਣਾ ਬਿਨੈ-ਪੱਤਰ ਅਪਲਾਈ ਕਰਦਾ ਸੀ ਤਾਂ ਕਈ ਟ੍ਰੈਵਲ ਕਾਰੋਬਾਰੀ ਵਰਕ ਪਰਮਿਟ ਦੇ ਨਾਂ 'ਤੇ ਇਕ ਬਿਨੈਕਾਰ ਤੋਂ 30 ਤੋਂ 40 ਲੱਖ ਰੁਪਏ ਤਾਂ ਲੈਂਦੇ ਹੀ ਸਨ ਜਦਕਿ ਉਸਦੇ ਨਾਲ ਹੀ ਫਰਜੀ ਸਪਾਉਸ ਬਣਾ ਕੇ ਉਸ ਦਾ ਵਰਕ ਪਰਮਿਟ ਲੁਆਉਣ ਤੇ ਬਾਅਦ 'ਚ ਉਸ ਨੂੰ ਉਥੋਂ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਸਪਾਉਸ ਤੋਂ 50 ਤੋਂ 60 ਲੱਖ ਰੁਪਏ ਵੱਖ ਤੋਂ ਲੈਂਦੇ ਸਨ। ਸੂਤਰਾਂ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਬਿਨੈਕਾਰ ਕੋਲ ਯੂ. ਕੇ. ਦਾ ਵੈਲਿਡ ਵੀਜਾ ਹੁੰਦਾ ਹੈ ਤਾਂ ਉਸ ਨੂੰ ਮੈਕਸੀਕੋ ਵਿਚ ਆਨ-ਅਰਾਈਵਲ ਵੀਜਾ ਮਿਲਦਾ ਸੀ। ਬਸ ਇਸੇ ਗੱਲ ਦਾ ਕੁਝ ਟ੍ਰੈਵਲ ਕਾਰੋਬਾਰੀਆਂ ਨੇ ਖੂਬ ਫਾਇਦਾ ਉਠਾਇਆ। ਇਕ ਵਰਕ ਪਰਮਿਟ 'ਤੇ ਸਪਾਉਸ ਨੂੰ ਨਾਲ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਕਮਾ ਕੇ ਆਪਣੀਆਂ ਜੇਬਾਂ ਵਿਚ ਪਾ ਲਏ। ਇਸ ਫਰਜੀਵਾੜੇ ਦਾ ਪਤਾ ਲੱਗਣ 'ਤੇ ਹੁਣ ਯੂ. ਕੇ. ਸਰਕਾਰ ਮਾਰਚ/ਅਪ੍ਰੈਲ ਤੋਂ ਸਪਾਉਸ ਵੀਜੇ 'ਤੇ ਪਾਬੰਦੀ ਲਾ ਸਕਦੀ ਹੈ। ਯੂ. ਕੇ. ਸਰਕਾਰ ਨੇ ਇਸ ਫਰਜੀਵਾੜੇ ਨੂੰ ਦੇਖਦੇ ਹੋਏ ਲਗਭਗ ਇਕ ਹਜਾਰ ਕੰਪਨੀਆਂ ਦੇ ਲਾਇਸੈਂਸ ਤਕ ਰੱਦ ਕਰ ਦਿੱਤੇ ਹਨ, ਜਿਸ ਕਾਰਨ ਪੰਜਾਬ ਵਿਚ ਵੱਡੇ ਪੱਧਰ 'ਤੇ 'ਕਾਸ' ਦਾ ਗੋਰਖਧੰਦਾ ਕਰਨ ਵਾਲੇ ਟ੍ਰੈਵਲ ਏਜੰਟਾਂ ਦਾ ਧੰਦਾ ਹੀ ਠੱਪ ਹੋ ਗਿਆ ਕਿਉਂਕਿ ਕੰਪਨੀਆਂ ਬੰਦ ਹੋਣ 'ਤੇ ਉਥੇ ਪਹੁੰਚੇ ਲੋਕਾਂ ਦੇ ਵਰਕ ਪਰਮਿਟ ਵੀ ਰੱਦ ਹੋ ਗਏ ਹਨ। ਇਸ ਕਾਰਨ ਹੁਣ ਲੋਕਾਂ ਨੂੰ ਵੱਖਰੀ ਕੰਪਨੀ ਵਿਚ ਵੱਖਰਾ ਪਰਮਿਟ ਲੈਣ ਲਈ ਫਿਰ ਤੋਂ ਲੱਖਾਂ ਰੁਪਏ ਖਰਚਣੇ ਹੋਣਗੇ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ 'ਕਾਸ' ਦੇ ਨਾਂ 'ਤੇ ਠੱਗੀ ਕਰਨ ਵਾਲੇ ਕਈ ਟ੍ਰੈਵਲ ਏਜੰਟਾਂ ਅਤੇ ਕਈ ਗੁਜਰਾਤੀਆਂ ਖਿਲਾਫ ਪੁਲਸ ਤੇ ਪ੍ਰਸ਼ਾਸਨ ਨੂੰ ਕਾਰਵਾਈ ਕਰਨ ਦੇ ਨਾਂ 'ਤੇ ਸ਼ਿਕਾਇਤਾਂ ਆ ਸਕਦੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਧੰਦੇ ਵਿਚ ਮੋਟੀ ਕਮਾਈ ਹੁੰਦੀ ਦੇਖ ਅਤੇ ਇਕ ਬਿਨੈਕਾਰ ਨੂੰ ਯੂ. ਕੇ. ਵਰਕ ਪਰਮਿਟ 'ਤੇ ਭੇਜਣ ਦੇ ਨਾਂ 'ਤੇ



ਇਸ ਧੰਦੇ ਵਿਚ ਟ੍ਰੈਵਲ ਏਜੰਟ ਅਤੇ ਗੁਜਰਾਤੀ ਮਿਲੀਭੁਗਤ ਕਰ ਕੇ 10 ਤੋਂ 15 ਲੱਖ ਰੁਪਏ ਕਮਾ ਰਹੇ ਸਨ, ਜਿਸ ਦੇ ਨਾਲ ਹੀ ਬੀ.2ਬੀ. ਦਾ ਕਾਰੋਬਾਰ ਵੀ ਉਹ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਮੈਨਪਾਵਰ ਦੇ ਲਾਇਸੈਂਸ ਦੇ ਬਿਨਾਂ ਹੀ ਕਰ ਰਹੇ ਸਨ। ਹੁਣ ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਨਾ ਤਾਂ ਪੁਲਸ ਤੇ ਨਾ ਹੀ ਪ੍ਰਸ਼ਾਸਨ ਦਾ ਕੋਈ ਡਰ ਸੀ। ਬੀ.2ਬੀ. (ਬਿਜਨੈੱਸ ਟੂ ਬਿਜਨੈੱਸ) ਯਾਨੀ ਯੂ. ਕੇ. ਵਰਕ ਪਰਮਿਟ ਦਾ 'ਕਾਸ' ਆਉਣ 'ਤੇ ਉਹ ਟ੍ਰੈਵਲ ਕਾਰੋਬਾਰੀਆਂ ਨੂੰ ਵੀ ਆਪਣਾ ਲੱਖਾਂ ਰੁਪਏ ਦਾ ਮਾਰਜਨ ਰੱਖ ਕੇ ਵੇਚਦੇ ਸਨ। ਇਸ ਤੋਂ ਪਹਿਲਾਂ ਬੀ.2ਬੀ. ਲਈ ਪਹਿਲਾਂ ਸੂਬੇ ਦੇ ਕਈ ਹੋਟਲਾਂ ਵਿਚ ਉਕਤ ਲੋਕ ਮੀਟਿੰਗ ਲਈ ਬੈਠਦੇ ਸਨ, ਫਿਰ ਇਸ ਗੋਰਖਧੰਦੇ ਨੂੰ ਅੰਜਾਮ ਦਿੰਦੇ ਸਨ। ਇਸ ਤੋਂ ਬਾਅਦ ਹੌਲੀ-ਹੌਲੀ 'ਕਾਸ' ਦੀ ਡਿਮਾਂਡ ਇੰਨੀ ਵਧੀ ਕਿ ਗੁਜਰਾਤੀ ਵੀ ਕਈ-ਕਈ ਵਾਰ ਪੰਜਾਬ ਆਉਣ ਲੱਗੇ ਪਰ ਹੁਣ ਇਸ ਫਰਜੀਵਾੜੇ ਦੇ ਫੜੇ ਜਾਣ ਤੋਂ ਬਾਅਦ ਤੇ ਪੁਲਸ ਦੀ ਕਾਰਵਾਈ ਤੋਂ ਬਚਣ ਲਈ ਗੁਜਰਾਤੀ ਪੰਜਾਬ ਛੱਡ ਕੇ ਗੁਜਰਾਤ ਨੂੰ ਭੱਜ ਖੜ੍ਹੇ ਹੋਏ। ਵਰਕ ਪਰਮਿਟ ਦੇ ਨਾਂ 'ਤੇ ਲੱਖਾਂ ਰੁਪਏ ਕਮਾਉਣ ਦੇ ਚੱਕਰ ਵਿਚ ਕਈ ਕਥਿਤ ਟ੍ਰੈਵਲ ਏਜੰਟਾਂ ਨੇ ਤਾਂ 'ਕਾਸ' ਵਿਚ ਹੀ ਫਰਜੀਵਾੜਾ ਕਰ ਕੇ ਕਈ ਬਿਨੈਕਾਰਾਂ ਦੇ ਬਿਨੈ-ਪੱਤਰ ਅਪਲਾਈ ਕਰਵਾ ਦਿੱਤੇ। ਫਰਜੀਵਾੜਾ ਫੜੇ ਜਾਣ ਤੋਂ ਬਾਅਦ ਯੂ. ਕੇ. ਸਰਕਾਰ ਨੇ ਬਿਨੈ-ਪੱਤਰ ਅਪਲਾਈ ਕਰਨ ਵਾਲੇ ਲੋਕਾਂ 'ਤੇ 10 ਸਾਲ ਤਕ ਦਾ ਬੈਨ ਲਾ ਦਿੱਤਾ, ਜਿਸ ਨੂੰ ਲੈ ਕੇ ਕਈ ਟ੍ਰੈਵਲ ਏਜੰਟਾਂ ਦੇ ਦਫਤਰਾਂ ਵਿਚ ਰੋਜਾਨਾ ਵਿਵਾਦ ਵਧ ਰਹੇ ਹਨ। ਸੂਤਰਾਂ ਨੇ ਦੱਸਿਆ ਕਿ ਕਈ ਏਜੰਟਾਂ ਨੇ ਇਸ ਗੋਰਖਧੰਦੇ ਨੂੰ ਅੰਜਾਮ ਦੇ ਕੇ ਕਰੋੜਾਂ ਰੁਪਏ ਕਮਾਏ ਅਤੇ ਇਸ ਧੰਦੇ ਤੋਂ ਮੋਟੀ ਕਮਾਈ ਕਰ ਕੇ ਉਕਤ ਏਜੰਟਾਂ ਨੇ ਪੂਰੇ ਸੂਬੇ ਦੇ ਕਈ ਸ਼ਹਿਰਾਂ ਵਿਚ ਪ੍ਰਾਪਰਟੀ ਵੀ ਖਰੀਦੀ ਪਰ ਯੂ. ਕੇ. ਸਰਕਾਰ ਵੱਲੋਂ ਇਹ ਫਰਜੀਵਾੜਾ ਫੜੇ ਜਾਣ ਤੋਂ ਬਾਅਦ ਉਕਤ ਏਜੰਟਾਂ ਨੇ ਆਪਣੇ ਪਰਿਵਾਰਾਂ ਨੂੰ ਹੀ ਵਿਦੇਸ਼ ਭੇਜ ਦਿੱਤਾ ਤਾਂ ਕਿ ਪੁਲਸ ਦੀ ਕਾਰਵਾਈ ਤੋਂ ਬਚ ਸਕਣ। ਜਾਣਕਾਰੀ ਮੁਤਾਬਕ ਉਕਤ ਟ੍ਰੈਵਲ ਏਜੰਟਾਂ ਦਾ ਵੀ ਲੋਕਾਂ ਨਾਲ ਵਰਕ ਪਰਮਿਟ ਦੇ ਨਾਂ 'ਤੇ ਲੱਖਾਂ ਰੁਪਏ ਦਾ ਲੈਣ-ਦੇਣ ਪੈਂਡਿੰਗ ਪਿਆ ਹੈ, ਜਿਸ ਨੂੰ ਲੈ ਕੇ ਲੋਕਾਂ ਨਾਲ ਉਨ੍ਹਾਂ ਦੇ ਕਈ ਵਾਰ ਵਿਵਾਦ ਹੋ ਚੁੱਕੇ ਹਨ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿਚ ਟ੍ਰੈਵਲ ਕਾਰੋਬਾਰੀਆਂ ਖਿਲਾਫ ਸ਼ਿਕਾਇਤਾਂ ਵਧ ਸਕਦੀਆਂ ਹਨ। ਏ. ਡੀ. ਜੀ. ਪੀ. (ਐੱਨ. ਆਰ. ਆਈ.) ਪ੍ਰਵੀਨ ਸਿਨ੍ਹਾ ਨੇ ਦੱਸਿਆ ਕਿ ਨਿਯਮਾਂ ਦਾ ਉਲੰਘਣ ਕਰਨ ਤੇ ਬਿਨਾਂ ਲਾਇਸੈਂਸ ਦੇ ਇਹ ਨਾਜਾਇਜ ਕਾਰੋਬਾਰ ਕਰਨ ਵਾਲਿਆਂ ਖਿਲਾਫ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਸੂਬੇ ਭਰ ਵਿਚ ਬਿਨਾਂ ਲਾਇਸੈਂਸ ਦੇ ਨਾਜਾਇਜ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਪੁਲਸ ਪ੍ਰਸ਼ਾਸਨ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵਿਦੇਸ਼ ਜਾਣ ਤੋਂ ਪਹਿਲਾਂ ਆਪਣਾ ਬਿਨੈ-ਪੱਤਰ ਅਪਲਾਈ ਕਰਨ ਤੋਂ ਪਹਿਲਾਂ ਜਰੂਰ ਚੈੱਕ ਕਰ ਲੈਣ ਕਿ ਕਿਹੜਾ ਟ੍ਰੈਵਲ ਏਜੰਟ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।

## ਜਲੰਧਰ ਕਮਿਸਨਰੇਟ ਪੁਲਸ ਨੇ ਨਸਾ ਤਸਕਰੀ ਦੇ ਗਿਰੋਹ ਦਾ ਕੀਤਾ ਪਰਦਾਫਾਸ ਕੀਤਾ

ਜਲੰਧਰ 4 ਮਾਰਚ। ਪੁਲਸ ਕਮਿਸਨਰ ਸ੍ਰੀ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ 50 ਗ੍ਰਾਮ ਹੈਰੋਇਨ ਸਮੇਤ ਇੱਕ ਅਪਰਾਧੀ ਨੂੰ ਗ੍ਰਿਫਤਾਰ ਕਰਕੇ ਨਸਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸਨਰ ਨੇ ਦੱਸਿਆ ਕਿ ਸਿਟੀ ਪੁਲਸ ਵੱਲੋਂ ਨਸਾ ਤਸਕਰਾਂ ਨੂੰ ਫੜਨ ਲਈ ਵਿਸੇਸ ਚੌਕਸੀ ਵਿੱਢੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੇ ਤਹਿਤ ਪੁਲਸ ਵੱਲੋਂ ਵਾਈ ਪੁਆਇੰਟ ਹਰਨਾਮ ਦਾਸ ਪੁਰਾ ਵਿਖੇ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇੱਕ ਵਿਅਕਤੀ ਉਨ੍ਹਾਂ ਵੱਲ ਆਉਂਦਾ ਦੇਖਿਆ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਨੌਜਵਾਨ ਤੇ ਸੱਕ ਹੋਣ 'ਤੇ ਪੁਲਸ ਪਾਰਟੀਆਂ ਨੇ ਉਨ੍ਹਾਂ ਨੂੰ ਰੁਕਣ ਲਈ ਕਿਹਾ। ਪੁਲਸ ਕਮਿਸਨਰ ਨੇ ਦੱਸਿਆ




ਕਿ ਪੁਲਸ ਪਾਰਟੀ ਨੇ ਉਕਤ ਨੌਜਵਾਨ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਜਿਸ ਦੌਰਾਨ ਉਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਕਾਰਵਾਈ ਕਰਦਿਆਂ ਉਕਤ ਵਿਅਕਤੀ ਜਿਸ ਦੀ ਪਛਾਣ ਗੁਰਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ 4722 ਵਾਰਡ ਨੰ 7 ਸੇਰਪੁਰ ਜੰਡਿਆਲਾ ਗੁਰੂ ਅੰਮ੍ਰਿਤਸਰ ਵਜੋਂ ਕੀਤੀ ਹੈ ਨੂੰ ਗ੍ਰਿਫਤਾਰ ਕਰ ਲਿਆ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮਾਂ ਖਿ਼ਲਾਫ ਥਾਣਾ ਡਿਵੀਜਨ 2 ਜਲੰਧਰ ਵਿਖੇ ਮੁਕੱਦਮਾ ਨੰਬਰ 20 ਮਿਤੀ 25-02-2024 ਅਧੀਨ 21-61-85 ਐੱਨਡੀਪੀਐੱਸ ਐਕਟ ਦਰਜ ਕੀਤਾ ਗਿਆ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਅਜੇ ਤੱਕ ਦੋਸੀ ਦੇ ਕਿਸੇ ਵੀ ਅਪਰਾਧਿਕ ਪਿਛੋਕੜ ਦਾ ਪਤਾ ਨਹੀਂ ਲੱਗਾ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

## ਭ੍ਰਿਸ਼ਟਾਚਾਰ ਦੇ ਕੇਸ 'ਚ ਕਈ ਅਧਿਕਾਰੀਆਂ 'ਤੇ ਡਿੱਗ ਸਕਦੀ ਹੈ ਗਾਜ, ਸਖਤ ਮਿਹਨਤ ਕਰ ਰਹੇ ਗੁਰਸੇਵਕ ਸਿੰਘ

ਅੰਮ੍ਰਿਤਸਰ 4 ਮਾਰਚ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਿਸ ਤਰ੍ਹਾਂ ਭ੍ਰਿਸ਼ਟਾਚਾਰ ਰੋਕਣ ਲਈ ਮੁਹਿੰਮ ਚਲਾਈ ਹੈ, ਉਸ ਤਹਿਤ ਪੰਜਾਬ 'ਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰੀ ਵਿਜੀਲੈਂਸ ਟੀਮ ਦੇ ਘੇਰੇ 'ਚ ਆ ਚੁੱਕੇ ਹਨ। ਜੇਕਰ ਗੱਲ ਕਰੀਏ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੀ ਤਾਂ ਇਥੇ ਭ੍ਰਿਸ਼ਟਾਚਾਰ ਘੱਟ ਹੋਣ ਦੀ ਬਜਾਏ ਵਧਦਾ ਹੀ ਜਾ ਰਿਹਾ ਹੈ। ਪਿਛਲੇ ਇਕ ਦੋ ਸਾਲਾਂ 'ਚ ਕਈ ਮਾਮਲੇ ਭ੍ਰਿਸ਼ਟਾਚਾਰ ਦੇ ਵੇਖਣ ਨੂੰ ਮਿਲੇ ਹਨ, ਜਿਸ 'ਚ ਕਈ ਅਧਿਕਾਰੀ ਅਤੇ ਕਰਮਚਾਰੀ ਵਿਜੀਲੈਂਸ ਟੀਮ ਦੇ ਘੇਰੇ 'ਚ ਆ ਚੁੱਕੇ ਹਨ, ਕੁਝ ਲੋਕ ਜੇਲ੍ਹ 'ਚ ਹਨ ਅਤੇ ਕੁਝ ਜਮਾਨਤ 'ਤੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਤਾ ਲੱਗਾ ਹੈ ਕਿ ਆਉਂਦੇ ਦਿਨਾਂ 'ਚ ਨਗਰ ਨਿਗਮ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ 'ਤੇ ਵੀ ਗਾਜ ਡਿੱਗ ਸਕਦੀ ਹੈ, ਕਿਉਂਕਿ ਇਹ ਸਭ ਵਿਜੀਲੈਂਸ ਟੀਮ ਦੀ ਰਾਡਾਰ 'ਤੇ ਹਨ। ਸੂਤਰਾਂ ਅਨੁਸਾਰ ਟਰੱਸਟ ਦੇ ਕੰਮਾਂ ਦੀ ਚੈਕਿੰਗ ਲਈ ਵਿਜੀਲੈਂਸ ਟੀਮ ਨੇ ਟੈਕਨੀਕਲ ਟੀਮ ਦਾ ਗਠਨ ਕੀਤਾ ਹੈ, ਜਿਸ 'ਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਪਿਛਲੇ ਚੇਅਰਮੈਨਾਂ ਦੇ ਕਾਰਜਕਾਲ 'ਚ ਠੇਕੇਦਾਰੀ ਫਰਮਾਂ ਦੀ ਗਲਤ ਢੰਗ ਨਾਲ ਰਜਿਸਟਰੇਸ਼ਨ ਲੈ ਕੇ ਅਲਾਟ ਕੀਤੇ ਗਏ ਡਿਵੈਲਪਮੈਂਟ ਦੇ ਕੰਮਾਂ ਦੀ ਗਹਿਰਾਈ ਨਾਲ ਜਾਂਚ ਕਰ ਸਕਦੇ ਹਨ, ਕੁਝ ਕਰ ਰਹੇ ਹਨ ਤਾਂ ਕਿ ਇਹ ਪਤਾ ਲਗ ਸਕੇ ਕਿ ਸਰਕਾਰ ਨਾਲ ਕਿੰਨੇ ਕਰੋੜ ਦੀ ਠੱਗੀ ਮਾਰੀ ਗਈ ਹੈ। ਪਹਿਲਾਂ ਵਿਜੀਲੈਂਸ ਜਾਂਚ 'ਚ ਸਾਹਮਣੇ ਆਇਆ ਸੀ ਕਿ ਕਈ ਅਜਿਹੀਆਂ ਠੇਕੇਦਾਰੀ ਫਰਮਾਂ ਹਨ, ਜਿਨ੍ਹਾਂ 'ਚ ਇਨ੍ਹਾਂ ਲੋਕਾਂ ਨੇ ਖੁਦ ਕੰਮ ਅਲਾਟ ਕਰਵਾ ਕੇ ਸਰਕਾਰੀ ਖਜ਼ਾਨੇ 'ਚੋਂ ਪੈਸੇ ਲਏ ਹਨ। ਵਿਜੀਲੈਂਸ ਨੇ ਟਰੱਸਟ ਦੇ ਕਈ ਅਧਿਕਾਰੀਆਂ ਦੇ ਬਿਆਨ ਕਲਮਬੰਦ ਕੀਤੇ ਹਨ। ਇਸ ਤੋਂ ਪਹਿਲਾਂ ਨਗਰ ਸੁਧਾਰ ਟਰੱਸਟ ਦੇ ਅਕਾਊਂਟੈਂਟ ਵਿਸ਼ਾਲ ਸ਼ਰਮਾ




ਵਾਸੀ ਅੰਮ੍ਰਿਤਸਰ ਨੂੰ 8 ਲੱਖ ਰੁਪਏ ਰਿਸ਼ਵਤ ਲੈਣ ਦੇ ਮਾਮਲੇ 'ਚ ਗੌਤਮ ਮਜੀਠੀਆ ਵਾਸੀ ਗ੍ਰੀਨ ਫੀਲਡ ਮਜੀਠਾ ਰੋਡ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਹੋਇਆ ਹੈ। ਅੱਜ ਫਿਰ ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ 'ਚ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤਹਿਤ ਨਗਰ ਸੁਧਾਰ ਟਰੱਸਟ 'ਚ ਤਾਇਨਾਤ ਜੂਨੀਅਰ ਇੰਜੀਨੀਅਰ ਜਗਜੀਤ ਸਿੰਘ ਅਤੇ ਸੇਲਜ਼ ਕਲਰਕ ਸੰਜੀਵ ਕੁਮਾਰ ਨੂੰ 50,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਇਸ ਮਾਮਲੇ 'ਚ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਦੇ ਐੱਸ. ਐੱਸ. ਪੀ. ਗੁਰਸੇਵਕ ਸਿੰਘ ਇਸ ਮਾਮਲੇ ਤੋਂ ਬਾਅਦ ਹੋਰ ਵੀ ਸਖਤੀ ਨਾਲ ਜਾਂਚ ਕਰਨ ਲਈ ਤਿਆਰ ਹਨ ਅਤੇ ਪੰਜਾਬ 'ਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭ੍ਰਿਸ਼ਟਾਚਾਰ ਰੋਕਣ ਦੀ ਮੁਹਿੰਮ ਨੂੰ ਨੇਪਰੇ ਚਾੜ੍ਹਨ ਲਈ ਸਖਤ ਮਿਹਨਤ ਕਰ ਰਹੇ ਹਨ।

## ਲਖਵਿੰਦਰ ਸਿੰਘ ਰੰਧਾਵਾ ਨੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਜਲੰਧਰ ਦਾ ਵਾਧੂ ਚਾਰਜ ਸੰਭਾਲਿਆ

ਜਲੰਧਰ 4 ਮਾਰਚ। ਪੰਜਾਬ ਸਰਕਾਰ ਵੱਲੋਂ ਤਾਇਨਾਤ ਕੀਤੇ ਗਏ ਲਖਵਿੰਦਰ ਸਿੰਘ ਰੰਧਾਵਾ ਨੇ ਅੱਜ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਜਲੰਧਰ ਦਾ ਵਾਧੂ ਚਾਰਜ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਤੋਂ ਬਾਅਦ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੇਂਡੂ ਖੇਤਰ ਦੇ ਸਰਵਪੱਖੀ ਵਿਕਾਸ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣਾ ਅਤੇ ਪੇਂਡੂ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ ਸਬੰਧੀ ਪ੍ਰਾਜੈਕਟ ਪੂਰੀ ਪਾਰਦਰਸ਼ਤਾ ਅਤੇ ਗੁਣਵੱਤਾ ਦੇ ਨਾਲ ਨਿਰਧਾਰਿਤ ਸਮੇਂ ਦੇ ਅੰਦਰ ਮੁਕੰਮਲ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਲੋਕ ਭਲਾਈ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਦਾ ਕਰਨ ਲਈ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਲਈ ਕਿਹਾ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਸਕੀਮਾਂ ਦੇ ਲਾਭ ਤੋਂ ਵਾਂਝਾ ਨਾ ਰਹੇ।

## ਵਧਦੀਆਂ ਵਿਆਜ ਦਰਾਂ ਕਾਰਨ ਲੋਕਾਂ ਦਾ ਵਧਿਆ ਇਨ੍ਹਾਂ ਸੇਵਿੰਗ ਸਕੀਮਾਂ ਵੱਲ ਆਕਰਸਨ

ਨਵੀਂ ਦਿੱਲੀ 4 ਮਾਰਚ। ਵਧਦੀਆਂ ਵਿਆਜ ਦਰਾਂ ਕਾਰਨ ਪਹਿਲਾਂ ਨਾਲੋਂ ਜ਼ਿਆਦਾ ਲੋਕ ਫਿਕਸਡ ਸੇਵਿੰਗ ਸਕੀਮਾਂ ਵੱਲ ਆਕਰਸ਼ਿਤ ਹੋ ਰਹੇ ਹਨ। ਕੁੱਲ ਬੈਂਕ ਡਿਪਾਜ਼ਿਟਾਂ 'ਚ ਅਜਿਹੇ ਨਿਵੇਸ ਮਾਧਿਅਮਾਂ ਦੀ ਹਿੱਸੇਦਾਰੀ ਦਸੰਬਰ 2023 'ਚ ਵਧ ਕੇ 60.3 ਫੀਸਦੀ ਹੋ ਗਈ ਹੈ। ਇਹ ਜਾਣਕਾਰੀ ਭਾਰਤੀ ਰਿਜਰਵ ਬੈਂਕ (ਆਰ. ਬੀ. ਆਈ.) ਦੇ ਅੰਕੜਿਆਂ ਤੋਂ ਮਿਲੀ ਹੈ। ਇਹ ਅੰਕੜਾ ਮਾਰਚ 2023 'ਚ 57.2 ਫੀਸਦੀ ਸੀ। ਅਪ੍ਰੈਲ-ਦਸੰਬਰ 2023 ਦੌਰਾਨ ਕੁੱਲ ਜਮ੍ਹਾ ਰਕਮਾਂ 'ਚ ਜੋ ਵਾਧਾ ਹੋਇਆ, ਉਸ 'ਚ ਫਿਕਸਡ ਡਿਪਾਜ਼ਿਟ ਦਾ ਹਿੱਸਾ ਲਗਭਗ 97.6 ਫੀਸਦੀ ਸੀ। ਇਸ ਮਿਆਦ ਦੌਰਾਨ, ਚਾਲੂ ਖਾਤਾ ਅਤੇ ਬਚਤ ਖਾਤਾ (ਸੀ. ਏ. ਐੱਸ. ਏ.) ਜਮ੍ਹਾ ਦੇ ਹਿੱਸੇ 'ਚ ਗਿਰਾਵਟ ਹੋਈ। ਆਰ. ਬੀ. ਆਈ. ਨੇ ਆਪਣੀ 'ਤਿਮਾਹੀ ਬੇਸਿਕ ਸਟੈਟਿਸਟਿਕਸ ਰਿਟਰਨ (ਬੀ. ਐੱਸ. ਆਰ.)-2 : ਅਨੁਸੂਚਿਤ ਵਪਾਰਕ ਬੈਂਕਾਂ 'ਚ ਜਮ੍ਹਾ-ਦਸੰਬਰ 2023' 'ਚ ਇਹ ਜਾਣਕਾਰੀ ਦਿੱਤੀ। ਇਸ 'ਚ ਕਿਹਾ ਗਿਆ ਕਿ ਫਿਕਸਡ ਡਿਪਾਜ਼ਿਟ 'ਤੇ ਵਧਦੇ ਰਿਟਰਨ ਬੈਂਕ ਡਿਪਾਜ਼ਿਟ 'ਚ ਢਾਂਚਾਗਤ ਬਦਲਾਅ ਲਿਆ ਰਹੇ ਹਨ।

## ਅਮਰੀਕੀ ਡਾਲਰ ਮੁਕਾਬਲੇ ਭਾਰਤੀ ਰੁਪਇਆ ਚਾਰ ਪੈਸੇ ਵਧ ਕੇ ਖੁੱਲ੍ਹਿਆ

ਮੁੰਬਈ 4 ਮਾਰਚ। ਵਿਦੇਸੀ ਫੰਡਾਂ ਦੇ ਪ੍ਰਵਾਹ ਅਤੇ ਹੋਰ ਵਿਰੋਧੀ ਮੁਦਰਾਵਾਂ ਦੇ ਮੁਕਾਬਲੇ ਡਾਲਰ ਵਿਚ ਕਮਜੋਰੀ ਵਿਚਕਾਰ ਸੋਮਵਾਰ ਨੂੰ ਸੂਰੂਆਤੀ ਕਾਰੋਬਾਰ ਵਿਚ ਰੁਪਿਆ ਚਾਰ ਪੈਸੇ ਵਧ ਕੇ 82.87 ਪ੍ਰਤੀ ਡਾਲਰ 'ਤੇ ਪਹੁੰਚ ਗਿਆ। ਵਿਦੇਸੀ ਮੁਦਰਾ ਕਾਰੋਬਾਰੀਆਂ ਅਨੁਸਾਰ, ਸਟਾਕ ਦੀਆਂ ਵਧਦੀਆਂ ਕੀਮਤਾਂ ਨੇ ਵੀ ਰੁਪਏ ਨੂੰ ਸਮਰਥਨ ਦਿੱਤਾ। ਹਾਲਾਂਕਿ ਕੱਚੇ ਤੇਲ ਦੀਆਂ ਕੀਮਤਾਂ ਵਧਣ ਕਾਰਨ ਰੁਪਏ ਦਾ ਲਾਭ ਸੀਮਤ ਰਿਹਾ। ਅੰਤਰ-ਬੈਂਕ ਵਿਦੇਸੀ ਮੁਦਰਾ ਬਾਜਾਰ ਵਿਚ, ਰੁਪਿਆ ਸੂਰੂਆਤੀ ਕਾਰੋਬਾਰ ਵਿਚ ਡਾਲਰ ਦੇ ਮੁਕਾਬਲੇ ਚਾਰ ਪੈਸੇ ਵਧ ਕੇ 82.86 'ਤੇ ਖੁੱਲ੍ਹਿਆ ਅਤੇ ਡਾਲਰ ਮੁਕਾਬਲੇ ਸ਼ੁਰੂਆਤੀ ਕਾਰੋਬਾਰ ਵਿਚ 4 ਪੈਸੇ ਦੇ ਵਾਧੇ ਨਾਲ 82.87 ਪ੍ਰਤੀ ਡਾਲਰ 'ਤੇ ਪਹੁੰਚ ਗਿਆ। ਇਹ ਪਿਛਲੀ ਬੰਦ ਕੀਮਤ ਨਾਲੋਂ ਚਾਰ ਪੈਸੇ ਦਾ ਵਾਧਾ ਹੈ। ਸੁੱਕਰਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 82.91 ਦੇ ਪੱਧਰ 'ਤੇ ਬੰਦ ਹੋਇਆ ਸੀ। ਛੇ ਪ੍ਰਮੁੱਖ ਵਿਸਵ ਮੁਦਰਾਵਾਂ ਦੇ ਮੁਕਾਬਲੇ ਡਾਲਰ ਦੀ ਮਜਬੂਤੀ ਦਾ ਅੰਦਾਜਾ ਲਗਾਉਣ ਵਾਲਾ ਡਾਲਰ ਸੂਚਕ ਅੰਕ 0.01 ਫੀਸਦੀ ਡਿੱਗ ਕੇ 103.79 'ਤੇ ਆ ਗਿਆ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ ਫਿਊਚਰਜ 0.10 ਫੀਸਦੀ ਵਧ ਕੇ 83.63 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਿਆ। ਸਟਾਕ ਮਾਰਕੀਟ ਦੇ ਅੰਕੜਿਆਂ ਦੇ ਅਨੁਸਾਰ, ਵਿਦੇਸੀ ਸੰਸਥਾਗਤ ਨਿਵੇਸਕ (ਐਫਆਈਆਈ) ਸੁੱਕਰਵਾਰ ਨੂੰ ਸੁੱਧ ਖਰੀਦਦਾਰ ਸਨ ਅਤੇ ਉਨ੍ਹਾਂ ਨੇ 128.94 ਕਰੋੜ ਰੁਪਏ ਦੇ ਸੇਅਰ ਖਰੀਦੇ।

# ਪੁਲਸ ਨੇ ਸਾਈਬਰ ਫਰਾਡ ਗਿਰੋਹ ਦਾ ਕੀਤਾ ਪਰਦਾਫਾਸ

ਚੰਡੀਗੜ੍ਹ 4 ਮਾਰਚ। ਹਰਿਆਣਾ ਪੁਲਸ ਨੇ ਗੁਰੂਗ੍ਰਾਮ ਵਿੱਚ ਇੱਕ ਸਾਈਬਰ ਫਰਾਡ ਗਿਰੋਹ ਦਾ ਪਰਦਾਫਾਸ ਕੀਤਾ ਹੈ ਅਤੇ ਇੱਕ ਨਿੱਜੀ ਬੈਂਕ ਦੇ ਇੱਕ ਸਹਾਇਕ ਮੈਨੇਜਰ ਅਤੇ ਦੋ ਡਿਪਟੀ ਮੈਨੇਜਰਾਂ ਸਮੇਤ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਸੂਤਰਾਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਗ੍ਰਿਫਤਾਰ ਕੀਤੇ ਗਏ ਲੋਕ ਕਥਿਤ ਤੌਰ 'ਤੇ ਗਾਹਕਾਂ ਦੇ ਬੈਂਕ ਖਾਤਿਆਂ ਨਾਲ ਜੁੜੀ ਜਾਣਕਾਰੀ ਸਾਂਝੀ ਕਰਕੇ ਸਾਈਬਰ ਅਪਰਾਧੀਆਂ ਨਾਲ ਸਹਿਯੋਗ ਕਰਦੇ ਸਨ। ਪੁਲਸ ਟੀਮ ਨੇ ਮੁਲਜਮਾਂ ਦੇ ਕਬਜੇ 'ਚੋਂ ਦੋ ਮੋਬਾਈਲ ਫੋਨ ਬਰਾਮਦ ਕੀਤੇ ਹਨ। ਪੁਲਸ ਨੇ ਇਹ ਕਾਰਵਾਈ ਮਾਨੇਸਰ ਪੁਲਸ ਸਟੇਸਨ ਵਿੱਚ ਇੱਕ ਵਿਅਕਤੀ ਵੱਲੋਂ ਦਰਜ ਕਰਵਾਈ ਲਿਖਤੀ ਸਿ਼ਕਾਇਤ ਦੇ ਆਧਾਰ 'ਤੇ ਕੀਤੀ ਹੈ। ਸਿ਼ਕਾਇਤ 'ਚ ਕਿਹਾ ਗਿਆ ਹੈ ਕਿ ਨਵੰਬਰ 2023 'ਚ ਉਸ ਨੂੰ ਕਿਸੇ ਵਿਅਕਤੀ ਵੱਲੋਂ ਆਪਣੇ ਦੋਸਤ ਦੇਵੇਂਦਰ ਦਾ ਫੋਨ ਆਇਆ ਅਤੇ ਕਿਹਾ ਕਿ ਉਸ ਦਾ ਬੇਟਾ ਹਸਪਤਾਲ 'ਚ ਦਾਖਲ ਹੈ ਅਤੇ ਉਸ ਨੂੰ ਇਲਾਜ ਲਈ 10,000 ਰੁਪਏ ਟਰਾਂਸਫਰ ਕਰਨ ਦੀ ਬੇਨਤੀ ਕੀਤੀ। ਸਿ਼ਕਾਇਤਕਰਤਾ ਨੇ ਰਕਮ ਟਰਾਂਸਫਰ ਕਰ ਦਿੱਤੀ ਪਰ ਬਾਅਦ ਵਿੱਚ ਪਤਾ ਲੱਗਾ ਕਿ ਉਸ ਨਾਲ ਧੋਖਾ ਹੋਇਆ ਹੈ। ਇਸ ਤੋਂ ਬਾਅਦ ਮਾਨੇਸਰ ਦੇ ਸਾਈਬਰ ਕ੍ਰਾਈਮ ਪੁਲਸ ਸਟੇਸਨ 'ਚ ਮਾਮਲਾ ਦਰਜ ਕੀਤਾ ਗਿਆ। ਮਾਨੇਸਰ ਦੇ ਸਾਈਬਰ ਕ੍ਰਾਈਮ ਥਾਣੇ ਦੇ ਇੰਸਪੈਕਟਰ ਸੰਦੀਪ ਅਹਲਾਵਤ ਨੇ ਕਾਰਵਾਈ ਕਰਦੇ ਹੋਏ ਇਸ ਘਟਨਾ 'ਚ ਬੈਂਕ ਖਾਤੇ ਮੁਹੱਈਆ ਕਰਵਾਉਣ ਵਾਲੇ ਕਥਿਤ ਤੌਰ 'ਤੇ ਚਾਰ ਦੋਸੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜਮਾਂ ਦੀ ਪਛਾਣ ਮੋਹਿਤ ਰਾਠੀ, ਮਹੇਸ ਕੁਮਾਰ, ਵਿਸਵਕਰਮਾ ਮੌਰਿਆ ਅਤੇ ਹਯਾਤ ਵਜੋਂ ਹੋਈ ਹੈ। ਰਾਠੀ ਨੂੰ 21 ਫਰਵਰੀ ਨੂੰ ਬਿਲਾਸਪੁਰ (ਗੁਰੂਗ੍ਰਾਮ) ਤੋਂ, ਮਹੇਸ ਕੁਮਾਰ ਨੂੰ 22 ਫਰਵਰੀ ਨੂੰ ਕਲਵਾਗੀ ਪਿੰਡ ਤੋਂ, ਵਿਸਵਕਰਮਾ ਮੌਰਿਆ ਨੂੰ 26 ਫਰਵਰੀ ਨੂੰ ਮਾਨੇਸਰ ਤੋਂ ਅਤੇ ਹਯਾਤ ਨੂੰ ਮੇਵਾਤ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਗੁਰੂਗ੍ਰਾਮ ਦੀ ਐਮਜੀ ਰੋਡ 'ਤੇ ਸਥਿਤ ਇੱਕ ਨਿੱਜੀ ਬੈਂਕ ਦੀ ਸਾਖਾ ਵਿੱਚ ਕੰਮ ਕਰਦੇ ਮੋਹਿਤ ਰਾਠੀ (ਸਹਾਇਕ ਮੈਨੇਜਰ), ਮਹੇਸ ਕੁਮਾਰ (ਡਿਪਟੀ ਮੈਨੇਜਰ) ਅਤੇ ਵਿਸਵਕਰਮਾ ਮੌਰਿਆ (ਡਿਪਟੀ ਮੈਨੇਜਰ) ਨੇ ਹਯਾਤ ਦੇ ਜਰੀਏ ਮੇਵਾਤ ਵਿੱਚ ਸਾਈਬਰ ਅਪਰਾਧ ਧੋਖਾਧੜੀ ਦੇ ਮਾਸਟਰਮਾਈਂਡ ਦੇ



ਨਾਲ ਮਿਲ ਕੇ ਬੈਂਕ ਖਾਤਾ ਮੁਹੱਈਆ ਕਰਵਾਇਆ। ਇਸ ਧੋਖਾਧੜੀ ਦੇ ਬਦਲੇ ਪ੍ਰਤੀ ਖਾਤਾ 15,000 ਤੋਂ 20,000 ਰੁਪਏ ਤੱਕ ਦੀ ਫੀਸ ਵਸੂਲੀ ਗਈ। ਮੁਲਜਮਾਂ ਨੇ ਪਹਿਲਾਂ ਹਯਾਤ ਰਾਹੀਂ ਸਾਈਬਰ ਅਪਰਾਧੀਆਂ ਨੂੰ ਬੈਂਕ ਖਾਤੇ ਮੁਹੱਈਆ ਕਰਵਾਏ ਸਨ ਅਤੇ ਫਿਲਹਾਲ ਉਨ੍ਹਾਂ ਨਾਲ ਸਿੱਧਾ ਸੰਪਰਕ ਕੀਤਾ ਸੀ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਬੈਂਕ ਖਾਤਿਆਂ ਵਿੱਚ ਸਾਈਬਰ ਅਪਰਾਧੀਆਂ ਵੱਲੋਂ ਸਿ਼ਕਾਇਤਕਰਤਾ ਤੋਂ ਪੈਸੇ ਟਰਾਂਸਫਰ ਕੀਤੇ ਗਏ ਸਨ, ਉਹ ਇਨ੍ਹਾਂ ਵਿਅਕਤੀਆਂ ਵੱਲੋਂ ਖੋਲ੍ਹ ਕੇ ਸਾਈਬਰ ਅਪਰਾਧੀਆਂ ਨੂੰ ਉਪਲਬਧ ਕਰਵਾਏ ਗਏ ਸਨ। ਮੁਲਜਮ ਸੱਤ ਮਹੀਨਿਆਂ ਤੋਂ ਬੈਂਕ ਵਿੱਚ ਕੰਮ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਦੋ ਹਜਾਰ ਦੇ ਕਰੀਬ ਬੈਂਕ ਖਾਤੇ ਖੋਲ੍ਹੇ। ਇਹ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਇਹ ਸਾਰੇ ਖਾਤਿਆਂ ਦੀ ਵਰਤੋਂ ਧੋਖਾਧੜੀ ਲਈ ਕੀਤੀ ਗਈ ਸੀ। ਮੁਲਜਮਾਂ ਨੇ ਬਿਲਾਸਪੁਰ ਇਲਾਕੇ ਵਿੱਚ ਸਥਿਤ ਕੰਪਨੀਆਂ ਵਿੱਚ ਮੁਲਾਜਮਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੇ ਨਾਂ 'ਤੇ ਬੈਂਕ ਖਾਤੇ ਖੋਲ੍ਹਣ ਲਈ ਦਸਤਾਵੇਜ ਹਾਸਲ ਕੀਤੇ। ਇਨ੍ਹਾਂ ਖਾਤਿਆਂ ਦੀ ਵਰਤੋਂ ਸਾਈਬਰ ਅਪਰਾਧੀ ਕਰਦੇ ਸਨ। ਉਨ੍ਹਾਂ ਦੱਸਿਆ ਕਿ ਪੁਲਸ ਟੀਮ ਮੁਲਜਮਾਂ ਵੱਲੋਂ ਖੋਲ੍ਹੇ ਬੈਂਕ ਖਾਤਿਆਂ ਦੇ ਵੇਰਵੇ ਹਾਸਲ ਕਰ ਰਹੀ ਹੈ ਅਤੇ ਹੋਰ ਸਾਥੀਆਂ ਅਤੇ ਵਾਰਦਾਤਾਂ ਬਾਰੇ ਜਾਣਕਾਰੀ ਦੇਣ ਲਈ ਡੂੰਘਾਈ ਨਾਲ ਪੁੱਛਗਿੱਛ ਕਰ ਰਹੀ ਹੈ। ਪੁੱਛਗਿੱਛ ਦੌਰਾਨ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਭਾਰਤ ਬਣੇਗਾ ਸੈਮੀਕੰਡਕਟਰ ਖੇਤਰ ਦਾ ਵੱਡਾ ਖਿਡਾਰੀ, ਮਿਲਿਆ ਮੋਟੇ ਨਿਵੇਸ ਦਾ ਪ੍ਰਸਤਾਵ

ਪੁਣੇ 4 ਮਾਰਚ। ਕੇਂਦਰੀ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ ਰਾਜੀਵ ਚੰਦਰਸੇਖਰ ਨੇ ਕਿਹਾ ਹੈ ਕਿ ਭਾਰਤ ਨੇ ਪਿਛਲੇ ਦੋ ਸਾਲਾਂ ਵਿਚ ਸੈਮੀਕੰਡਕਟਰ ਖੇਤਰ ਵਿਚ ਮਹੱਤਵਪੂਰਨ ਤਰੱਕੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਸਰਕਾਰ ਨੂੰ ਗਲੋਬਲ ਚਿੱਪ ਨਿਰਮਾਤਾਵਾਂ ਤੋਂ 2.50 ਲੱਖ ਕਰੋੜ ਰੁਪਏ ਦੇ ਨਿਵੇਸ ਪ੍ਰਸਤਾਵ ਪ੍ਰਾਪਤ ਹੋਏ ਹਨ। ਇਲੈਕਟ੍ਰਾਨਿਕਸ ਅਤੇ ਤਕਨਾਲੋਜੀ ਰਾਜ ਮੰਤਰੀ ਨੇ ਕਿਹਾ, "ਪਿਛਲੇ 10 ਸਾਲਾਂ ਵਿੱਚ, ਭਾਰਤ 'ਨਾਜ਼ੁਕ ਪੰਜ' ਵਿੱਚੋਂ ਬਾਹਰ ਆ ਗਿਆ ਹੈ ਅਤੇ ਅੱਜ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਚੰਦਰਸੇਖਰ ਨੇ ਬੁੱਧਵਾਰ ਨੂੰ ਪੁਣੇ 'ਚ ਆਯੋਜਿਤ 'ਵਿਕਸਿਤ ਭਾਰਤ ਅੰਬੈਸਡਰ ਮੀਟ' ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਭਾਰਤ ਆਪਣੀਆਂ ਸਮਾਵੇਸੀ ਨੀਤੀਆਂ ਦੇ ਲਿਹਾਜ ਨਾਲ ਦੁਨੀਆ ਭਰ ਦੇ ਦੇਸਾਂ ਲਈ ਪ੍ਰੇਰਨਾ ਸਰੋਤ ਬਣ ਗਿਆ ਹੈ। ਉਨ੍ਹਾਂ ਕਿਹਾ, "ਅਸੀਂ ਆਪਣੀਆਂ



ਸੰਮਲਿਤ ਨੀਤੀਆਂ ਦੇ ਰੂਪ ਵਿੱਚ, ਸਾਡੇ ਕੰਮ ਕਰਨ ਦੇ ਤਰੀਕੇ ਅਤੇ ਸਰਕਾਰਾਂ ਦੇ ਲੋਕਾਂ ਲਈ ਕੰਮ ਕਰਨ ਦੇ ਤਰੀਕੇ ਨੂੰ ਬਦਲਣ ਦੇ ਸੰਦਰਭ ਵਿੱਚ ਦੁਨੀਆ ਭਰ ਦੇ ਦੇਸਾਂ ਲਈ ਉਮੀਦ ਅਤੇ ਪ੍ਰੇਰਨਾ ਦਾ ਸਰੋਤ ਬਣ ਗਏ ਹਾਂ।" ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਗਲੇ ਕੁਝ ਸਾਲਾਂ ਵਿੱਚ 'ਵਿਕਸਿਤ ਭਾਰਤ' ਦਾ ਟੀਚਾ ਨਿਰਧਾਰਤ ਕੀਤਾ ਹੈ। ਸਮਾਗਮ ਦੇ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੰਦਰਸੇਖਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ 2022 ਲਈ ਸੈਮੀਕੰਡਕਟਰ ਨੀਤੀ ਦਾ ਐਲਾਨ ਕੀਤਾ ਸੀ ਅਤੇ ਇਸ ਨੇ ਤੁਰੰਤ ਵਿਸਵ ਦਾ ਧਿਆਨ ਖਿੱਚਿਆ ਸੀ। ਉਨ੍ਹਾਂ ਕਿਹਾ, "ਅੱਜ ਭਾਰਤ ਸਰਕਾਰ ਨੂੰ ਗਲੋਬਲ ਸੈਮੀਕੰਡਕਟਰ ਕੰਪਨੀਆਂ ਤੋਂ 2.50 ਲੱਖ ਕਰੋੜ ਰੁਪਏ ਤੋਂ ਵੱਧ ਦੇ ਨਿਵੇਸ ਪ੍ਰਸਤਾਵ ਪ੍ਰਾਪਤ ਹੋਏ ਹਨ।

## ਮੁਕੇਰੀਆਂ 'ਚ ਡੋਲੀ ਵਾਲੀ ਕਾਰ ਹੋਈ ਹਾਦਸੇ ਦਾ ਸ਼ਿਕਾਰ, ਉੱਡੇ ਪਰੱਖਚੇ, ਮਚਿਆ ਚੀਕ-ਚਿਹਾੜਾ

ਮੁਕੇਰੀਆਂ 4 ਮਾਰਚ। ਹਿਮਾਚਲ ਤੋਂ ਗੁਰਦਾਸਪੁਰ ਜਾ ਰਹੀ ਲਾੜੇ ਦੀ ਕਾਰ ਹਲਕਾ ਮੁਕੇਰੀਆਂ ਦੇ ਪਿੰਡ ਹਵੇਲ ਚਾਂਗ ਨੇੜੇ ਹਾਦਸੇ ਦਾ ਸਿ਼ਕਾਰ ਹੋ ਗਈ। ਹਾਦਸੇ ਵਿੱਚ ਕਾਰ ਵਿੱਚ ਸਵਾਰ ਕੁੱਲ 6 ਵਿਅਕਤੀਆਂ ਵਿੱਚੋਂ ਲਾੜੇ ਦੀ ਭੈਣ ਸਮੇਤ ਡਰਾਈਵਰ ਗੰਭੀਰ ਜਖਮੀ ਹੋ ਗਿਆ। ਕਾਰ ਵਿੱਚ ਸਵਾਰ ਸਾਰੇ ਲੋਕ ਹਿਮਾਚਲ ਪ੍ਰਦੇਸ ਦੇ ਹਮੀਰਪੁਰ ਜਿ਼ਲ੍ਹੇ ਦੇ ਵਾਸੀ ਸਨ। ਹਾਦਸੇ ਤੋਂ ਬਾਅਦ ਰਾਹਗੀਰਾਂ ਦੀ ਮਦਦ ਨਾਲ ਸਾਰਿਆਂ ਨੂੰ ਮੁਕੇਰੀਆਂ ਦੇ ਇਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿੱਥੇ ਲਾੜੇ ਸਮੇਤ ਹੋਰ ਸਵਾਰੀਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ। ਇਥੋਂ ਲਾੜੇ ਦੀ ਭੈਣ ਅਤੇ ਡਰਾਈਵਰ ਨੂੰ ਛੱਡ ਕੇ ਸਾਰੇ ਵਿਆਹ ਸਮਾਗਮ ਵਿੱਚ ਸਾਮਲ ਹੋਣ ਲਈ ਹਸਪਤਾਲ ਤੋਂ ਰਵਾਨਾ ਹੋਏ। ਡਾਕਟਰਾਂ ਮੁਤਾਬਕ ਲਾੜੇ ਦੀ ਭੈਣ ਕਵਿਤਾ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ, ਜਦਕਿ ਕਾਰ ਚਾਲਕ ਸਿਰ ਅਤੇ ਛਾਤੀ 'ਚ ਤੇਜ ਦਰਦ ਦੀ ਸਿ਼ਕਾਇਤ ਕਰਦੇ ਹੋਏ ਹਸਪਤਾਲ 'ਚ ਜੇਰੇ ਇਲਾਜ ਹੈ। ਜਾਣਕਾਰੀ ਦਿੰਦੇ ਹੋਏ ਡਰਾਈਵਰ ਨਰਿੰਦਰ ਅਤੇ ਭੈਣ ਕਵਿਤਾ ਨੇ ਦੱਸਿਆ ਕਿ ਕਾਰ 'ਚ ਸਵਾਰ ਲਾੜੇ ਸਮੇਤ ਕੁੱਲ 6 ਲੋਕ ਰਾਤ ਕਰੀਬ 2 ਵਜੇ ਹਮੀਰਪੁਰ ਤੋਂ ਮੁੰਡੇ ਦੇ ਵਿਆਹ ਲਈ ਰਵਾਨਾ ਹੋਏ ਸਨ। ਕਾਰ ਵਿੱਚ ਲਾੜੇ ਦੀਆਂ ਦੋ ਭੈਣਾਂ ਅਤੇ ਦੋ ਭਰਾ ਮੌਜੂਦ ਸਨ। ਜਿਵੇਂ ਹੀ ਕਾਰ ਤਲਵਾੜਾ ਮੁਕੇਰੀਆਂ ਨੇੜੇ ਪਿੰਡ ਹਵੇਲ ਚਾਂਗ ਕੋਲ ਪੁੱਜੀ ਤਾਂ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਚਿੱਟੇ ਦੇ ਦਰੱਖਤ ਨਾਲ ਜਾ ਟਕਰਾਈ। ਜਿਸ ਤੋਂ ਬਾਅਦ ਯਾਤਰੀਆਂ ਦੀ ਮਦਦ ਨਾਲ ਸਾਨੂੰ ਮੁਕੇਰੀਆਂ 'ਚ ਦਾਖਲ ਕਰਵਾਇਆ ਗਿਆ। ਇਸ ਦੇ ਨਾਲ ਹੀ ਹਾਦਸੇ ਤੋਂ ਬਾਅਦ ਪਿੱਛੇ ਤੋਂ ਆ ਰਹੇ ਹੋਰ ਪਰਿਵਾਰਕ ਮੈਂਬਰਾਂ ਨੇ ਸਾਰਿਆਂ ਨੂੰ ਪਹਿਲ ਦਿੱਤੀ ਅਤੇ ਲਾੜੇ ਅਤੇ ਹੋਰਾਂ ਨੂੰ ਗੁਰਦਾਸਪੁਰ ਲੈ ਕੇ ਵਿਆਹ ਲਈ ਪੁੱਜੇ, ਜਦਕਿ ਕੁਝ ਜਖਮੀ ਅਜੇ ਵੀ ਨੇੜੇ ਹੀ ਹਨ। ਹਾਦਸੇ 'ਚ ਡਰਾਈਵਰ ਦੀ ਹਾਲਤ ਕਾਫੀ ਗੰਭੀਰ ਦੱਸੀ ਜਾ ਰਹੀ ਹੈ, ਜਿਸ ਦੀ ਸਕੈਨਿੰਗ ਸਮੇਤ ਹੋਰ ਜਾਂਚ ਹਸਪਤਾਲ ਵਿੱਚ ਕੀਤੀ ਜਾ ਰਹੀ ਹੈ।

# ਨਗਰ ਨਿਗਮ ਲਈ ਆਮਦਨ ਦਾ ਸਾਧਨ ਬਣੇਗਾ ਸ਼ਹਿਰ 'ਚ ਲੱਗਾ ਕੂੜੇ ਦਾ ਢੇਰ

ਜਲੰਧਰ 4 ਮਾਰਚ। ਸਾਲਿਡ ਵੇਸਟ ਮੈਨੇਜਮੈਂਟ ਦੇ ਮਾਮਲੇ 'ਚ ਜੇਕਰ ਜਲੰਧਰ ਨਗਰ ਨਿਗਮ ਦੀ ਨਵੀਂ ਯੋਜਨਾ ਕਾਮਯਾਬ ਰਹੀ ਤਾਂ ਨਿਗਮ ਨੂੰ ਆਉਣ ਵਾਲੇ ਸਮੇਂ ਵਿਚ ਕੂੜੇ ਤੋਂ ਵੀ ਕਮਾਈ ਹੋ ਸਕਦੀ ਹੈ। ਪਤਾ ਲੱਗਾ ਹੈ ਕਿ ਸਾਲਿਡ ਵੇਸਟ ਮੈਨੇਜਮੈਂਟ ਸਬੰਧੀ ਪਹਿਲਾ ਪਾਇਲਟ ਪ੍ਰਾਜੈਕਟ, ਜੋ ਜਲੰਧਰ ਨਿਗਮ ਵੱਲੋਂ 66 ਫੁੱਟੀ ਰੋਡ 'ਤੇ ਫੋਲੜੀਵਾਲ ਸੀਵਰੇਜ ਟਰੀਟਮੈਂਟ ਪਲਾਂਟ ਅੰਦਰ ਲਾਇਆ ਜਾ ਰਿਹਾ ਹੈ, ਉਸਦਾ ਇਕ ਮੰਤਵ ਇਹ ਵੀ ਹੈ ਕਿ ਕੂੜੇ ਅੰਦਰ ਲੁਕੇ ਖਜਾਨੇ ਨੂੰ ਪਛਾਣ ਕੇ ਉਸ ਨੂੰ ਕਮਾਈ ਦਾ ਸਾਧਨ ਬਣਾਇਆ ਜਾ ਸਕੇ। ਖਾਸ ਗੱਲ ਇਹ ਹੈ ਕਿ ਇਸ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਤਹਿਤ ਜਿਥੇ ਡਰੰਮ ਕੰਪੋਸਟਿੰਗ ਤਕਨੀਕ ਰਾਹੀਂ ਕੂੜੇ ਨੂੰ ਖਾਦਾਂ ਵਚ ਬਦਲਿਆ ਜਾਣਾ ਹੈ, ਉਥੇ ਹੀ ਫੋਲੜੀਵਾਲ ਸੀਵਰੇਜ ਟਰੀਟਮੈਂਟ ਪਲਾਂਟ ਅੰਦਰ ਐੱਮ.ਆਰ. ਐੱਫ. ਯਾਨੀ ਮਟੀਰੀਅਲ ਰਿਕਵਰੀ ਫੈਸਿਲਿਟੀ ਸੈਂਟਰ ਵੀ ਬਣਾਇਆ ਜਾ ਰਿਹਾ ਹੈ। ਉਂਝ ਤਾਂ ਇਸ ਪਲਾਂਟ ਦੇ ਇਕ ਪੜਾਅ ਵਿਚ ਘਰ-ਘਰ ਵਿਚੋਂ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਹੋ ਕੇ ਹੀ ਆਵੇਗਾ ਪਰ ਪ੍ਰੋਸੈਸਿੰਗ ਪਲਾਂਟ ਦੇ ਨਾਲ ਹੀ ਲੱਗਣ ਜਾ ਰਹੇ ਐੱਮ. ਆਰ. ਐੱਫ. ਸੈਂਟਰ ਵਿਚ ਵੀ ਕੂੜੇ ਨੂੰ ਵੱਖ-ਵੱਖ ਕਰਨ ਦੀ ਸਹੂਲਤ ਮੌਜੂਦ ਰਹੇਗੀ। ਮਾਹਿਰਾਂ ਮੁਤਾਬਕ ਘਰਾਂ ਵਿਚੋਂ ਇਕੱਠੇ ਕੀਤੇ ਗਏ ਕੂੜੇ ਨੂੰ ਕਨਵੇਅਰ ਬੈਲਟ 'ਤੇ ਚਲਾਇਆ ਜਾਵੇਗਾ। ਇਸ ਤੋਂ ਬਾਅਦ ਉਸ ਵਿਚੋਂ ਕਈ ਚੀਜਾਂ ਵੱਖ ਕੀਤੀਆਂ ਜਾ ਸਕਣਗੀਆਂ। ਡਰੰਮ ਕੰਪੋਸਟਿੰਗ ਸਬੰਧੀ ਪ੍ਰਕਿਰਿਆ ਤੋਂ ਬਾਅਦ ਕੂੜੇ ਨੂੰ ਖਾਦ ਵਿਚ ਬਦਲਣ ਲਈ ਇਥੇ ਪਹਿਲਾਂ ਤੋਂ ਹੀ ਬਣੇ ਪਿਟ ਕੰਪੋਸਟਿੰਗ ਯੂਨਿਟ ਨੂੰ ਵੀ ਕੰਮ ਵਿਚ ਲਾਇਆ ਜਾਵੇਗਾ ਅਤੇ ਇਸ ਸਾਰੀ ਪ੍ਰਕਿਰਿਆ ਤੋਂ ਬਾਅਦ ਜੋ ਖਾਦ ਤਿਆਰ ਹੋਵੇਗੀ, ਉਸ ਨੂੰ ਵੇਚ ਕੇ ਨਗਰ ਨਿਗਮ ਲੱਖਾਂ-ਕਰੋੜਾਂ ਦੀ ਕਮਾਈ ਕਰੇਗਾ। ਜਿ਼ਕਰਯੋਗ ਹੈ ਕਿ ਇਸ ਸਮੇਂ ਵੀ ਫੋਲੜੀਵਾਲ ਸੀਵਰੇਜ ਟਰੀਟਮੈਂਟ ਪਲਾਂਟ ਅੰਦਰ ਕੂੜੇ ਦਾ ਬਹੁਤ ਵੱਡਾ ਡੰਪ ਬਣਿਆ ਹੋਇਆ ਹੈ, ਜਿਥੇ ਨੇੜਲੀਆਂ ਕਈ ਵਾਰਡਾਂ ਦਾ ਕੂੜਾ ਆਉਂਦਾ ਹੈ। ਇਸ ਕੂੜੇ ਨੂੰ ਨਗਰ ਨਿਗਮ ਵਰਿਆਣਾ ਡੰਪ ਤਕ ਭੇਜਣ ਦੇ ਕੰਮ 'ਤੇ ਕਰੋੜਾਂ ਰੁਪਏ ਖਰਚ ਕਰਦਾ ਹੈ। ਜੇਕਰ ਇਥੇ ਪ੍ਰੋਸੈਸਿੰਗ ਪਲਾਂਟ ਲੱਗਦਾ ਹੈ ਤਾਂ ਸਾਰਾ ਕੂੜਾ ਇਥੇ ਪ੍ਰੋਸੈੱਸ ਹੋ ਜਾਵੇਗਾ। ਅਜਿਹੇ ਵਿਚ ਨਿਗਮ ਦੇ ਉਹ ਕਰੋੜਾਂ ਰੁਪਏ ਵੀ ਬਚਣਗੇ ਅਤੇ ਉਸਨੂੰ ਖਾਦ ਆਦਿ ਵੇਚ ਕੇ ਜ਼ਿਆਦਾ ਕਮਾਈ ਵੀ ਹੋਵੇਗੀ। ਫੋਲੜੀਵਾਲ ਪਲਾਂਟ ਅੰਦਰ ਸਾਲਿਡ ਵੇਸਟ ਮੈਨੇਜਮੈਂਟ ਸਿਸਟਮ ਲਾਉਣ ਤੋਂ ਬਾਅਦ ਜਿਥੇ ਨਗਰ ਨਿਗਮ ਕੂੜੇ ਤੋਂ ਬਣੀ ਖਾਦ ਨੂੰ ਵੇਚੇਗਾ, ਉਥੇ ਹੀ ਇਸ ਪ੍ਰੋਸੈਸਿੰਗ ਪਲਾਂਟ ਤਹਿਤ ਵੇਸਟ ਪਲਾਸਟਿਕ ਨਾਲ ਟਾਈਲਾਂ ਬਣਾਉਣ ਦਾ ਕਾਰਖਾਨਾ ਵੀ ਲਾਇਆ ਜਾ ਰਿਹਾ ਹੈ। ਇਸ ਪ੍ਰਕਿਰਿਆ ਨਾਲ ਜਿਥੇ ਸ਼ਹਿਰ ਦੇ ਇਕ ਵੱਡੇ ਹਿੱਸੇ ਨੂੰ ਪਲਾਸਟਿਕ ਤੋਂ ਮੁਕਤੀ ਮਿਲੇਗੀ, ਉਥੇ ਹੀ ਵਰਿਆਣਾ ਡੰਪ ਤਕ ਭੇਜਣ ਦੇ ਕੰਮ 'ਤੇ ਕਰੋੜਾਂ ਰੁਪਏ ਖਰਚ ਕਰਦਾ ਹੈ। ਜੇਕਰ ਇਥੇ ਪ੍ਰੋਸੈਸਿੰਗ ਪਲਾਂਟ ਲੱਗਦਾ ਹੈ ਤਾਂ ਸਾਰਾ ਕੂੜਾ ਇਥੇ ਪ੍ਰੋਸੈੱਸ ਹੋ ਜਾਵੇਗਾ। ਅਜਿਹੇ ਵਿਚ ਨਿਗਮ ਦੇ ਉਹ ਕਰੋੜਾਂ ਰੁਪਏ ਵੀ ਬਚਣਗੇ ਅਤੇ ਉਸਨੂੰ ਖਾਦ ਆਦਿ ਵੇਚ ਕੇ ਜ਼ਿਆਦਾ ਕਮਾਈ ਵੀ ਹੋਵੇਗੀ। ਫੋਲੜੀਵਾਲ ਪਲਾਂਟ ਅੰਦਰ ਸਾਲਿਡ ਵੇਸਟ ਮੈਨੇਜਮੈਂਟ ਸਿਸਟਮ ਲਾਉਣ ਤੋਂ ਟਾਈਲਾਂ ਨੂੰ ਵੇਚਣ ਨਾਲ ਨਿਗਮ ਨੂੰ ਵਾਧੂ ਕਮਾਈ ਵੀ ਹੋ ਸਕਦੀ ਹੈ। ਇਨ੍ਹਾਂ ਟਾਈਲਾਂ ਨੂੰ ਫੁੱਟਪਾਥਾਂ ਅਤੇ ਪਾਰਕਾਂ ਆਦਿ ਵਚ ਵੀ ਲਾਇਆ ਜਾ ਸਕਦਾ ਹੈ। ਖਾਸ ਗੱਲ ਇਹ ਹੈ ਕਿ ਵੇਸਟ ਪਲਾਸਟਿਕ ਨਾਲ ਟਾਈਲਾਂ ਬਣਾਉਣ ਦੇ ਕੰਮ ਵਿਚ ਪਾਣੀ ਦੀਆਂ ਖਾਲੀ ਬੋਤਲਾਂ, ਸ਼ੈਂਪੂ ਆਦਿ ਦੀਆਂ ਬੋਤਲਾਂ ਅਤੇ ਹੋਰ ਉਤਪਾਦ ਵੀ ਲਾਏ ਜਾ ਸਕਦੇ ਹਨ। ਨਗਰ ਨਿਗਮ ਦਾ ਪ੍ਰਯੋਗ ਜੇਕਰ ਕਾਮਯਾਬ ਰਿਹਾ ਤਾਂ ਇਥੇ ਵੀ ਕੂੜੇ ਤੋਂ ਨਿਕਲਣ ਵਾਲੇ ਵੇਸਟ ਪਲਾਸਟਿਕ ਤੋਂ ਸੁੰਦਰ ਟਾਈਲਾਂ ਬਣਾਈਆਂ ਜਾ ਸਕਦੀਆਂ ਹਨ, ਜਿਵੇ ਬੈਂਗਲੁਰੂ ਅਤੇ ਹੋਰ ਥਾਵਾਂ 'ਤੇ ਪਹਿਲਾਂ ਤੋਂ ਹੀ ਬਣ ਰਹੀਆਂ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਐੱਨ. ਜੀ. ਟੀ. ਤੋਂ ਪ੍ਰਾਪਤ ਹੁਕਮਾਂ ਤੋਂ ਬਾਅਦ ਜਲੰਧਰ ਨਿਗਮ ਨੇ ਫੋਲੜੀਵਾਲ ਵਿਚ ਕੂੜੇ ਤੋਂ ਖਾਦ ਬਣਾਉਣ ਵਾਲਾ ਕਾਰਖਾਨਾ ਲਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਕਾਰਖਾਨੇ ਦੇ ਨਾਲ ਬਣਨ ਵਾਲੇ ਐੱਮ. ਆਰ. ਐੱਫ. ਸੈਂਟਰ ਲਈ 20 ਮਸ਼ੀਨਾਂ ਦੀ ਖਰੀਦ ਹੋਣੀ ਹੈ, ਜਿਨ੍ਹਾਂ ਵਿਚੋਂ 8 ਮਸ਼ੀਨਾਂ ਨਿਗਮ ਕੋਲ ਪਹੁੰਚ ਚੁੱਕੀ ਹੈ ਅਤੇ ਉਨ੍ਹਾਂ ਸਾਰੀਆਂ ਮਸ਼ੀਨਾਂ ਨੂੰ ਫੋਲੜੀਵਾਲ ਪਲਾਂਟ ਅੰਦਰ ਭੇਜ ਦਿੱਤਾ ਗਿਆ ਹੈ। ਜਲਦ ਨਿਗਮ ਨੂੰ 12 ਹੋਰ ਮਸ਼ੀਨਾਂ ਪ੍ਰਾਪਤ ਹੋ ਜਾਣਗੀਆਂ, ਜਿਨ੍ਹਾਂ ਨੂੰ ਵੀ ਇਥੇ ਫਿੱਟ ਕੀਤਾ ਜਾਵੇਗਾ। ਐੱਮ. ਆਰ. ਐੱਫ. ਸੈਂਟਰ ਚਾਲੂ ਹੋਣ ਤੋਂ ਬਾਅਦ ਹੀ ਇਥੇ ਡਰੰਮ ਕੰਪੋਸਟਿੰਗ ਯੂਨਿਟ ਲਾਇਆ ਜਾਵੇਗਾ, ਜਿਸ ਤਹਿਤ ਹੋਰ ਬਹੁਤ ਸਾਰੀਆਂ ਮਸ਼ੀਨਰੀ ਇਥੇ ਲਾਈ ਜਾਵੇਗੀ। ਪਤਾ ਲੱਗਾ ਹੈ ਕਿ ਇਸ ਕੂੜੇ ਦੇ ਕਾਰਖਾਨੇ ਦੇ ਸੰਚਾਲਨ ਲਈ ਨਗਰ ਨਿਗਮ ਨੇ ਵਰਕਫੋਰਸ ਦੀ ਵਿਵਸਥਾ ਵੀ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਲਈ ਪ੍ਰਕਿਰਿਆ ਵੀ ਚਾਲੂ ਹੋ ਚੁੱਕੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਭਾਰੀ ਮਾਤਰਾ 'ਚ ਅਫੀਮ ਸਣੇ 2 ਗ੍ਰਿਫਤਾਰ

ਫਤਿਹਗੜ੍ਹ ਸਾਹਿਬ 4 ਮਾਰਚ। ਥਾਣਾ ਸਰਹਿੰਦ ਪੁਲਸ ਨੇ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਦੇ ਹੁਕਮਾਂ 'ਤੇ ਚਲਾਈ ਨਸ਼ਾ ਵਿਰੋਧੀ



ਮੁਹਿੰਮ ਦੇ ਤਹਿਤ 2 ਕਿਲੋ ਅਫੀਮ ਸਣੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸੁਖਵੀਰ ਸਿੰਘ ਅਤੇ ਥਾਣਾ ਸਰਹਿੰਦ ਦੇ ਐੱਸ. ਐੱਚ. ਓ. ਨਰਪਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੇ ਪੁਲਸ ਪਾਰਟੀ ਸਣੇ ਟੀ-ਪੁਆਂਇਟ ਪਿੰਡ ਤਰਖਾਣ ਮਾਜਰਾ ਕੋਲੋਂ ਗਸ਼ਤ ਦੌਰਾਨ ਭਾਦਸੋਂ ਸਾਈਡ ਤੋਂ ਐਕਟਿਵਾ ਨੰਬਰ ਪੀ. ਬੀ. 10 ਐੱਚ. ਐੱਚ. 8616 ਤੇ ਆਉਂਦੇ 2 ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 2 ਕਿਲੋ ਅਫੀਮ ਬਰਾਮਦ ਹੋਈ। ਕਾਬੂ ਕੀਤੇ ਵਿਅਕਤੀਆਂ ਦੀ ਪਛਾਣ ਬਲਜੀਤ ਸਿੰਘ ਪੁੱਤਰ ਮਾੜਾ ਸਿੰਘ ਵਾਸੀ ਪਿੰਡ ਗੁਰਮ ਨੇੜੇ ਡੇਹਲੋਂ ਜ਼ਿਲ੍ਹਾ ਲੁਧਿਆਣਾ ਅਤੇ ਸ਼ਾਮ ਲਾਲ ਪੁੱਤਰ ਭਾਗਲ ਰਾਮ ਵਾਸੀ ਹਾਲਾਪੁਰ ਜ਼ਿਲ੍ਹਾ ਸੁਲਤਾਨਪੁਰ ਯੂ. ਪੀ., ਹਾਲ ਵਾਸੀ ਡੇਹਲੋਂ ਦੇ ਤੌਰ 'ਤੇ ਹੋਈ ਹੈ। ਬਲਜੀਤ ਸਿੰਘ ਅਤੇ ਸ਼ਾਮ ਲਾਲ ਦੇ ਖਿਲਾਫ ਐੱਨ. ਡੀ. ਪੀ. ਐੱਸ. ਐਕਟ ਅਧੀਨ ਥਾਣਾ ਸਰਹਿੰਦ ਵਿਖੇ ਮਾਮਲਾ ਦਰਜ ਕਰਕੇ ਮਾਨਯੋਗ ਅਦਾਲਤ ਫਤਿਹਗੜ੍ਹ ਸਾਹਿਬ 'ਚ ਪੇਸ਼ ਕਰਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਅਤੇ ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸਮਾਰਟ ਸਿਟੀ ਦੇ ਕੰਮਾਂ ਦੀ ਵਿਜੀਲੈਂਸ ਜਾਂਚ ਲਈ ਪੰਜਾਬ ਸਰਕਾਰ ਨੇ ਬਣਾਈਆਂ ਟੈਕਨੀਕਲ ਟੀਮਾਂ

ਜਲੰਧਰ 4 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਮਾਰਟ ਸਿਟੀ ਮਿਸ਼ਨ ਤਹਿਤ ਪਿਛਲੇ 5 ਸਾਲਾਂ ਦੌਰਾਨ ਜਲੰਧਰ ਸਮਾਰਟ ਸਿਟੀ ਨੇ ਕੁੱਲ 64 ਪ੍ਰਾਜੈਕਟ ਬਣਾਏ, ਜਿਨ੍ਹਾਂ ਵਿਚੋਂ ਲਗਭਗ 30 ਪ੍ਰਾਜੈਕਟ ਤਾਂ ਪੂਰੇ ਹੋ ਚੁੱਕੇ ਹਨ ਪਰ 30 ਪ੍ਰਾਜੈਕਟ ਅਜੇ ਵੀ ਅਜਿਹੇ ਹਨ, ਜਿਹੜੇ ਕਿਸੇ ਨਾ ਕਿਸੇ ਕਾਰਨ ਕਰਕੇ ਲਟਕ ਰਹੇ ਹਨ। ਬਾਕੀ ਬਚਦੇ 4-5 ਪ੍ਰਾਜੈਕਟ ਰੱਦ ਕੀਤੇ ਜਾ ਚੁੱਕੇ ਹਨ। ਸਮਾਰਟ ਸਿਟੀ ਦੇ ਲਟਕ ਰਹੇ ਪ੍ਰਾਜੈਕਟਾਂ ਕਾਰਨ ਸ਼ਹਿਰ ਨਿਵਾਸੀ ਲੰਮੇ ਸਮੇਂ ਤੋਂ ਸਮੱਸਿਆਵਾਂ ਝੱਲ ਰਹੇ ਹਨ, ਜਿਸ ਕਾਰਨ ਨਾ ਸਿਰਫ ਪਹਿਲੀ ਕਾਂਗਰਸ ਸਰਕਾਰ, ਸਗੋਂ ਮੌਜੂਦਾ 'ਆਪ' ਸਰਕਾਰ ਨੂੰ ਵੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੱਤਾ 'ਤੇ ਕਾਬਜ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲਗਭਗ 9 ਮਹੀਨੇ ਪਹਿਲਾਂ ਜਲੰਧਰ ਸਮਾਰਟ ਸਿਟੀ ਵੱਲੋਂ ਕਰਵਾਏ ਗਏ ਸਾਰੇ ਪ੍ਰਾਜੈਕਟਾਂ ਦੀ ਜਾਂਚ ਦਾ ਜ਼ਿੰਮਾ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਸੀ ਪਰ ਕਈ ਕਾਰਨਾਂ ਕਰਕੇ ਵਿਜੀਲੈਂਸ ਇਸ ਜਾਂਚ ਨੂੰ ਜ਼ਿਆਦਾ ਅੱਗੇ ਨਹੀਂ ਵਧਾ ਸਕੀ। ਵਿਜੀਲੈਂਸ ਨਾਲ ਜੁੜੇ ਅਧਿਕਾਰੀਆਂ ਨੇ ਇਸ ਜਾਂਚ ਲਈ ਪੰਜਾਬ ਸਰਕਾਰ ਤੋਂ ਟੈਕਨੀਕਲ ਟੀਮਾਂ ਦੀ ਮੰਗ ਕੀਤੀ ਸੀ। ਪਤਾ ਲੱਗਾ ਹੈ ਕਿ ਹੁਣ ਜਾ ਕੇ ਪੰਜਾਬ ਸਰਕਾਰ ਨੇ ਪੀ. ਡਬਲਯੂ. ਡੀ. ਅਤੇ ਹੋਰ ਵਿਭਾਗਾਂ 'ਤੇ ਆਧਾਰਿਤ




ਟੈਕਨੀਕਲ ਟੀਮਾਂ ਦਾ ਗਠਨ ਕਰ ਦਿੱਤਾ ਹੈ, ਜਿਸ ਵਿਚ ਜੇ. ਈ. ਅਤੇ ਐੱਸ. ਡੀ. ਓ. ਪੱਧਰ ਦੇ ਅਧਿਕਾਰੀ ਤੋਂ ਇਲਾਵਾ ਉੱਚ ਅਹੁਦਿਆਂ 'ਤੇ ਤਾਇਨਾਤ ਅਧਿਕਾਰੀ ਵੀ ਸ਼ਾਮਲ ਹਨ। ਇਹ ਟੀਮਾਂ ਜਲਦ ਵਿਜੀਲੈਂਸ ਬਿਊਰੋ ਦੀ ਸਹਾਇਤਾ ਲਈ ਭੇਜੀਆਂ ਜਾ ਰਹੀਆਂ ਹਨ, ਜਿਸ ਤੋਂ ਬਾਅਦ ਸਾਈਟ 'ਤੇ ਜਾ ਕੇ ਜਾਂਚ ਆਰੰਭ ਹੋ ਜਾਵੇਗੀ। ਹੁਣ ਤੱਕ ਵਿਜੀਲੈਂਸ ਬਿਊਰੋ ਨਾਲ ਜੁੜੇ ਅਧਿਕਾਰੀਆਂ ਨੇ ਕਈ ਪ੍ਰਾਜੈਕਟਾਂ ਦੀ ਜਿਹੜੀ ਦਸਤਾਵੇਜੀ ਜਾਂਚ ਕੀਤੀ ਹੈ, ਉਸ ਵਿਚ ਇਹ ਗੱਲ ਪ੍ਰਮੁੱਖ ਰੂਪ ਨਾਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਜਿਹੜੀ ਡੀ. ਪੀ. ਆਰ. ਬਣੀ ਜਾਂ ਟੈਂਡਰ ਲੱਗੇ, ਉਨ੍ਹਾਂ ਦੇ ਉਲਟ ਜਾ ਕੇ ਹੀ ਕਈ ਅਜਿਹੇ ਕੰਮ ਕਰਵਾਏ ਗਏ, ਜਿਨ੍ਹਾਂ ਦਾ ਵਰਣਨ ਹੀ ਡੀ. ਪੀ. ਆਰ. ਅਤੇ ਟੈਂਡਰ ਵਿਚ ਨਹੀਂ ਸੀ। 21 ਕਰੋੜ ਰੁਪਏ ਦੇ ਚੌਂਕ ਸੁੰਦਰੀਕਰਨ ਪ੍ਰਾਜੈਕਟ ਤਹਿਤ ਸ਼ਹਿਰ ਵਿਚ 2 ਥਾਵਾਂ 'ਤੇ ਸੜਕ ਪਾਰ ਕਰਨ ਲਈ ਐਸਕੇਲੇਟਰ ਵਾਲੇ ਫੁੱਟਓਵਰ ਬ੍ਰਿਜ ਬਣਾਉਣ ਦੇ ਐਸਟੀਮੇਟ ਪਾ ਦਿੱਤੇ ਗਏ, ਜਿਨ੍ਹਾਂ 'ਤੇ 6-7 ਕਰੋੜ ਰੁਪਏ ਦਾ ਖਰਚ ਆਉਣਾ ਸੀ। ਬਾਅਦ ਵਿਚ ਐਸਕੇਲੇਟਰ ਦੀ ਆਈਟਮ ਨੂੰ ਫਜ਼ੂਲ ਦੱਸ ਦਿੱਤਾ ਗਿਆ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਜਲੰਧਰ ਵਿਚ ਸੜਕਾਂ 'ਤੇ ਐਸਕੇਲੇਟਰ ਲੱਗਣੇ ਹੀ ਨਹੀਂ ਸਨ ਤਾਂ ਫਿਰ ਉਨ੍ਹਾਂ ਨੂੰ ਡੀ. ਪੀ. ਆਰ. ਅਤੇ ਟੈਂਡਰ ਵਿਚ ਸ਼ਾਮਲ ਕਿਉਂ ਕੀਤਾ ਗਿਆ। ਟੈਂਡਰ ਵਿਚ 11 ਚੌਂਕ ਸੁੰਦਰੀਕਰਨ ਲਈ ਲਏ ਗਏ ਸਨ ਪਰ ਉਨ੍ਹਾਂ ਵਿਚੋਂ 3 ਨੂੰ ਕੱਢ ਦਿੱਤਾ ਗਿਆ ਅਤੇ 8 ਚੌਂਕਾਂ 'ਤੇ ਸਿਰਫ 8 ਕਰੋੜ ਰੁਪਏ ਖਰਚ ਹੋਏ। ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ ਵਿਚ ਸਿਰਫ ਪੁਰਾਣੀਆਂ ਲਾਈਟਾਂ ਨੂੰ ਬਦਲਣ ਦੀ ਹੀ ਵਿਵਸਥਾ ਸੀ ਪਰ ਕੰਪਨੀ ਨੇ ਲਗਭਗ 20 ਹਜਾਰ ਤੋਂ ਵੱਧ ਨਵੀਆਂ ਲਾਈਟਾਂ ਪਤਾ ਨਹੀਂ ਕਿਥੇ ਲਾ ਦਿੱਤੀਆਂ, ਜਿਨ੍ਹਾਂ ਨੂੰ ਹੁਣ ਜਾ ਕੇ ਗਿਣਿਆ ਜਾ ਰਿਹਾ ਹੈ। ਨਹਿਰ ਦੇ ਸੁੰਦਰੀਕਰਨ ਸਬੰਧੀ ਪ੍ਰਾਜੈਕਟ ਵਿਚ ਵੀ ਕਾਫੀ ਗੜਬੜੀ ਕੀਤੀ ਗਈ। ਪਹਿਲਾਂ ਨਹਿਰ ਕੰਢੇ ਬਣਨ ਵਾਲੇ ਵਾਕਿੰਗ ਟਰੈਕ ਨੂੰ ਮਿੱਟੀ ਦਾ ਬਣਾ ਦਿੱਤਾ ਗਿਆ ਪਰ ਬਾਅਦ ਵਿਚ ਉਸ 'ਤੇ ਟਾਈਲਾਂ ਲੁਆ ਦਿੱਤੀਆਂ ਗਈਆਂ। ਇਸੇ ਤਰ੍ਹਾਂ ਪਾਰਕਾਂ ਨਾਲ ਸਬੰਧਤ ਕੰਮਾਂ ਵਿਚ ਵੀ ਘਟੀਆ ਮਟੀਰੀਅਲ ਦੀ ਵਰਤੋਂ ਹੋਈ, ਜਿਸ ਸਬੰਧੀ ਸ਼ਿਕਾਇਤਾਂ ਨੂੰ ਦਬਾ ਦਿੱਤਾ ਗਿਆ। ਹੁਣ ਇਹ ਸਾਰੇ ਮਾਮਲੇ ਖੁੱਲ੍ਹ ਸਕਦੇ ਹਨ ਅਤੇ ਵਰਤੇ ਮਟੀਰੀਅਲ ਦੀ ਜਾਂਚ ਹੋ ਸਕਦੀ ਹੈ। ਸਮਾਰਟ ਸਿਟੀ ਦੇ ਵਧੇਰੇ ਕੰਮ ਪਿਛਲੀ ਕਾਂਗਰਸ ਸਰਕਾਰ ਦੇ ਆਖਰੀ 3 ਸਾਲਾਂ ਦੌਰਾਨ ਹੋਏ। ਉਸ ਸਮੇਂ ਸਮਾਰਟ ਸਿਟੀ ਵਿਚ ਰਹੇ ਅਧਿਕਾਰੀਆਂ ਨੇ ਨਾ ਸਿਰਫ ਹਰ ਡੀ. ਪੀ. ਆਰ. ਅਤੇ ਹਰ ਟੈਂਡਰ ਨੂੰ ਆਪਣੀ ਮਨਮਰਜੀ ਨਾਲ ਬਦਲ ਦਿੱਤਾ, ਸਗੋਂ ਚਹੇਤੇ ਠੇਕੇਦਾਰਾਂ ਤੋਂ ਵੀ ਮਨਮਰਜੀ ਦੇ ਹੀ ਕੰਮ ਕਰਵਾਏ। ਕੁਆਲਿਟੀ ਦਾ ਕੋਈ ਧਿਆਨ ਨਹੀਂ ਰੱਖਿਆ ਗਿਆ, ਨਾ ਕਿਸੇ ਠੇਕੇਦਾਰ ਨੂੰ ਨੋਟਿਸ ਜਾਰੀ ਹੋਇਆ, ਨਾ ਉਨ੍ਹਾਂ ਨੂੰ ਬਲੈਕਲਿਸਟ ਕੀਤਾ ਗਿਆ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਜੁਰਮਾਨਾ ਹੀ ਲਾਇਆ ਗਿਆ। ਸਮਾਰਟ ਸਿਟੀ ਦੇ ਵਧੇਰੇ ਪ੍ਰਾਜੈਕਟ ਗਲਤ ਡਿਜਾਈਨਿੰਗ ਅਤੇ ਕੰਸਲਟੈਂਸੀ ਦਾ ਸ਼ਿਕਾਰ ਹੋਏ।

ਕਈ ਪ੍ਰਾਜੈਕਟ ਕੁਝ ਅਜਿਹੇ ਠੇਕੇਦਾਰਾਂ ਨੂੰ ਅਲਾਟ ਕਰ ਦਿੱਤੇ ਗਏ, ਜਿਹੜੇ ਯਾਰੀ-ਦੋਸਤੀ ਦੀ ਸ਼੍ਰੇਣੀ ਵਿਚ ਆਉਂਦੇ ਸਨ। ਇਸੇ ਕਾਰਨ ਮੰਨਿਆ ਜਾ ਰਿਹਾ ਹੈ ਕਿ ਤਕਨੀਕੀ ਜਾਂਚ ਪੂਰੀ ਹੁੰਦੇ ਹੀ ਵਿਜੀਲੈਂਸ ਬਿਊਰੋ ਵੱਲੋਂ ਜਲੰਧਰ ਸਮਾਰਟ ਸਿਟੀ ਵਿਚ ਪਿਛਲੇ ਸਮੇਂ ਦੌਰਾਨ ਰਹੇ ਅਧਿਕਾਰੀਆਂ ਨੂੰ ਵੀ ਤਲਬ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ 'ਤੇ ਕੇਸ ਤੱਕ ਦਰਜ ਹੋਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ। ਜਿਹੜੇ ਅਧਿਕਾਰੀਆਂ ਨੇ ਪੰਜਾਬ ਸਰਕਾਰ ਵੱਲੋਂ ਭੇਜੀ ਗਈ ਥਰਡ ਪਾਰਟੀ ਏਜੰਸੀ ਦੀਆਂ ਸਿਫਾਰਿਸ਼ਾਂ ਨੂੰ ਵੀ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਸੀ, ਉਨ੍ਹਾਂ ਤੋਂ ਵੀ ਜਵਾਬਤਲਬੀ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ ਸਮਾਰਟ ਸਿਟੀ ਵਿਚ ਰਹੇ ਕਈ ਅਧਿਕਾਰੀ ਹੁਣ ਜਾਂ ਤਾਂ ਰਿਟਾਇਰ ਹੋ ਚੁੱਕੇ ਹਨ ਜਾਂ ਨੌਕਰੀ ਛੱਡ ਕੇ ਜਾ ਚੁੱਕੇ ਹਨ ਪਰ ਪੰਜਾਬ ਸਰਕਾਰ ਤੋਂ ਭਾਰੀ-ਭਰਕਮ ਪੈਨਸ਼ਨਾਂ ਲੈ ਰਹੇ ਹਨ।

# ਬਹੁ-ਚਰਚਿਤ ਮਲਸੀਆਂ ਗੋਲੀ ਕਾਂਡ: ਹੁਣ ਤੱਕ ਦੋਹਾਂ ਧਿਰਾਂ ਦੇ 10 ਦੋਸੀ ਗ੍ਰਿਫਤਾਰ, ਕੁਝ ਦੇ ਵਿਦੇਸ ਭੱਜਣ ਦੀ ਚਰਚਾ

ਮਲਸੀਆਂ 4 ਮਾਰਚ। ਮਲਸੀਆਂ ਵਿਖੇ ਨਗਰ ਕੀਰਤਨ ਦੌਰਾਨ 4 ਜਨਵਰੀ ਨੂੰ 2 ਧਿਰਾਂ 'ਚ ਅੰਨ੍ਹੇਵਾਹ ਚੱਲੀਆਂ ਗੋਲੀਆਂ ਦੇ 10 ਦੋਸੀਆਂ ਨੂੰ ਹੁਣ ਤੱਕ ਪੁਲਸ ਗ੍ਰਿਫਤਾਰ ਕਰਨ 'ਚ ਸਫਲ ਰਹੀ ਹੈ, ਜਿਨ੍ਹਾਂ 'ਚ ਇਕ ਧਿਰ ਦੇ 4 ਅਤੇ ਦੂਜੀ ਧਿਰ



ਦੇ 6 ਦੋਸੀ ਸਾਮਲ ਹਨ। ਦੋਹਾਂ ਧਿਰਾਂ ਦੇ 9 ਦੋਸੀ ਅਤੇ ਕੁਝ ਅਣਪਛਾਤੇ ਅਜੇ ਵੀ ਫਰਾਰ ਹਨ। ਇੱਥੇ ਇਹ ਵਰਣਨਯੋਗ ਹੈ ਕਿ ਉਕਤ ਗੋਲੀਕਾਂਡ 'ਚ ਦੋਹਾਂ ਧਿਰਾਂ ਦੇ 4 ਨੌਜਵਾਨ ਗੋਲੀ ਲੱਗਣ ਕਾਰਨ ਜਖਮੀ ਹੋਏ ਸਨ। ਇਸ ਸਬੰਧੀ ਐੱਸਐੱਚਓ ਸਾਹਕੋਟ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਹੁਣ ਤੱਕ ਗ੍ਰਿਫਤਾਰ ਕੀਤੇ ਦੋਸੀਆਂ 'ਚ ਅਰਸਦੀਪ ਸਿੰਘ ਉਰਫ ਅਰਸ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਫਕਰੂਵਾਲ, ਅਸਮਨਦੀਪ ਸਿੰਘ ਉਰਫ ਅਸਮਨ ਪੁੱਤਰ ਬਲਦੇਵ ਵਾਸੀ ਪਿੰਡ ਨਿਹਾਲੂਵਾਲ, ਗੁਰਵਿੰਦਰ ਸਿੰਘ ਉਰਫ ਗਿੰਦਾ ਪੁੱਤਰ ਮਲਕੀਤ ਸਿੰਘ ਵਾਸੀ ਪੱਤੀ ਲਕਸੀਆਂ (ਮਲਸੀਆਂ), ਸੁਰਜੀਤ ਸਿੰਘ ਵਿਰਕ ਉਰਫ ਬਾਬਾ ਪੁੱਤਰ ਹਰਜਿੰਦਰ ਸਿੰਘ ਵਿਰਕ ਵਾਸੀ ਦਾਨੇਵਾਲ, ਇੰਦਰਜੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਢੰਡੋਵਾਲ, ਹਰਜਿੰਦਰ ਸਿੰਘ ਉਰਫ ਜਿੰਦੂ ਪੁੱਤਰ ਰੇਸਮ ਸਿੰਘ ਵਾਸੀ ਸ਼ਾਲਾ ਨਗਰ (ਮਲਸੀਆਂ), ਰਾਜਬੀਰ ਸਿੰਘ ਉਰਫ ਰਾਜਾ ਪੁੱਤਰ ਕੁਲਵਿੰਦਰ ਸਿੰਘ ਵਾਸੀ ਪੱਤੀ ਸਾਲਾ ਨਗਰ ਮਲਸੀਆਂ, ਰਾਜਵਿੰਦਰ ਸਿੰਘ ਉਰਫ ਇੰਦਾ ਪੁੱਤਰ ਬਲਕਾਰ ਸਿੰਘ ਵਾਸੀ ਮੁਹੱਲਾ ਬਾਗਵਾਲਾ ਸਾਹਕੋਟ, ਬਲਜਿੰਦਰ ਸਿੰਘ ਉਰਫ ਜਸਨ ਪੁੱਤਰ ਅਜੈਬ ਸਿੰਘ ਵਾਸੀ ਤਲਵੰਡੀ ਬੂਟੀਆਂ, ਵਿਨੋਦ ਕੁਮਾਰ ਉਰਫ ਮੋਟਾ ਪੁੱਤਰ ਪੱਪੂ ਵਾਸੀ ਸਾਹਕੋਟ ਸਾਮਲ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ 9 ਦੋਸੀ ਫਰਾਰ ਹਨ, ਜਦ ਕਿ ਕੁਝ ਅਣਪਛਾਤਿਆਂ ਦੀ ਪਛਾਣ ਹੋਣੀ ਅਜੇ ਬਾਕੀ ਹੈ। ਕੁਲ 19 ਦੋਸੀਆਂ 'ਚੋਂ 5 ਨੂੰ 'ਏ' ਕੈਟਾਗਰੀ, ਜਦ ਕਿ 14 ਨੂੰ 'ਬੀ' ਕੈਟਾਗਰੀ 'ਚ ਰੱਖਿਆ ਗਿਆ ਹੈ। ਦੋਸੀਆਂ ਕੋਲੋਂ ਤਿੰਨ 32 ਬੋਰ ਨਾਜਾਇਜ ਪਿਸਟਲ, 7 ਜ਼ਿੰਦਾ ਕਾਰਤੂਸ ਅਤੇ 18 ਖੋਲ ਬਰਾਮਦ ਹੋਏ ਹਨ। ਇਸ ਤੋਂ ਇਲਾਵਾ ਇਕ ਟਕੂਆ, ਇਕ ਕਰੋਲਾ ਕਾਰ ਅਤੇ ਇਕ ਮੋਟਰਸਾਈਕਲ ਬਰਾਮਦ ਹੋਇਆ ਹੈ। ਫਰਾਰ ਦੋਸੀਆਂ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਅਤੇ ਅਦਾਲਤ 'ਚ ਭਗੌੜਾ ਕਰਾਰ ਦਿੱਤੇ ਜਾਣ ਦੀ ਕਾਰਵਾਈ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਫਰਾਰ ਦੋਸੀਆਂ ਲਈ ਐੱਲਓਸੀ ਵੀ ਜਾਰੀ ਕੀਤੀ ਜਾ ਚੁੱਕੀ ਹੈ। ਕੁਝ ਦੋਸੀਆਂ ਦੇ ਵਿਦੇਸ ਭੱਜਣ ਦੀ ਚਰਚਾ: ਇਲਾਕੇ 'ਚ ਇਹ ਵੀ ਚਰਚਾ ਹੈ ਕਿ ਮਲਸੀਆਂ ਗੋਲੀਕਾਂਡ ਦੇ ਕੁਝ ਦੋਸੀ ਪੁਲਸ ਕਾਰਵਾਈ ਤੋਂ ਬਚਣ ਲਈ ਵਿਦੇਸ ਭੱਜ ਗਏ ਹਨ ਜਾਂ ਵਿਦੇਸ ਭੱਜਣ ਦੀ ਫਰਾਕ 'ਚ ਹਨ।

# 263 ਇਮੀਗ੍ਰੇਸ਼ਨ ਕੰਸਲਟੈਂਸੀ ਤੇ ਆਇਲੈਟਸ ਸੈਂਟਰਾਂ ਖਿਲਾਫ ਜਲੰਧਰ ਪ੍ਰਸ਼ਾਸਨ ਦੀ ਵੱਡੀ ਕਾਰਵਾਈ

ਜਲੰਧਰ 4 ਮਾਰਚ। ਪੰਜਾਬ ਟਰੈਵਲ ਪ੍ਰੋਫੈਸ਼ਨਲਜ ਰੈਗੂਲੇਸ਼ਨ ਐਕਟ 2014 ਤਹਿਤ ਨਿਰਧਾਰਿਤ ਨਿਯਮਾਂ ਦਾ ਉਲੰਘਣ ਕਰਨ 'ਤੇ ਡੀ. ਸੀ. ਜਸਪ੍ਰੀਤ ਸਿੰਘ ਨੇ ਜ਼ਿਲ੍ਹੇ ਨਾਲ ਸਬੰਧਤ 263 ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ। ਵਰਣਨਯੋਗ ਹੈ ਕਿ 'ਜਗ ਬਾਣੀ' ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਯਮਾਂ ਦਾ ਪਾਲਣ ਨਾ ਕਰਨ ਵਾਲੇ ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਰੱਦ ਕਰਨ ਸਬੰਧੀ 5 ਮਾਰਚ ਨੂੰ ਹੀ ਖੁਲਾਸਾ ਕਰ ਦਿੱਤਾ ਸੀ। ਇਸ ਸਬੰਧ ਵਿਚ ਜ਼ਿਆਦਾ ਜਾਣਕਾਰੀ ਦਿੰਦਿਆਂ ਡੀ. ਸੀ. ਨੇ ਕਿਹਾ ਕਿ ਇਸ ਤੋਂ ਪਹਿਲਾਂ ਪ੍ਰਸ਼ਾਸਨ ਵੱਲੋਂ ਜਾਰੀ ਕਾਰਨ ਦੱਸੋ ਨੋਟਿਸ ਦਾ ਲਿਖਤੀ ਜਵਾਬ ਨਾ ਦੇਣ ਕਾਰਨ 495 ਇਮੀਗ੍ਰੇਸ਼ਨ ਕੰਸਲਟੈਂਟ ਅਤੇ ਟਿਕਟਿੰਗ ਏਜੰਟ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਸਸਪੈਂਡ ਕਰ ਦਿੱਤੇ ਸਨ। ਜ਼ਿਲ੍ਹਾ ਪ੍ਰਸ਼ਾਸਨ ਦੀ ਇਸ ਕਾਰਵਾਈ ਤੋਂ ਬਾਅਦ 232 ਕੰਸਲਟੈਂਟਸ ਨੇ ਆਪਣੀ ਮਹੀਨਾਵਾਰ ਕਾਰਵਾਈ ਰਿਪੋਰਟ ਦੇ ਨਾਲ ਆਪਣਾ ਜਵਾਬ ਜਮ੍ਹਾ ਕਰਵਾ ਦਿੱਤਾ ਸੀ, ਜਦਕਿ ਬਾਕੀਆਂ ਨੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸਾਂ ਦਾ ਕੋਈ ਜਵਾਬ ਨਹੀਂ ਦਿੱਤਾ, ਜਿਸ ਨੂੰ ਵੇਖਦੇ ਹੋਏ ਅਜਿਹੇ ਸਾਰੇ ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੇ ਗਏ ਹਨ। ਡੀ. ਸੀ. ਨੇ ਸਾਰੇ ਲਾਇਸੈਂਸ ਪ੍ਰਾਪਤ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਨੂੰ ਐਕਟ ਦੇ ਤਹਿਤ ਨਿਰਧਾਰਿਤ ਨਿਯਮਾਂ ਦਾ ਸਖਤੀ ਨਾਲ ਪਾਲਣ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜਿਹੜੇ ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਈਲੈਟਸ ਸੈਂਟਰਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ, ਉਨ੍ਹਾਂ ਦੀ ਸੂਚੀ ਐੱਨ. ਆਈ. ਸੀ. ਜਲੰਧਰ ਦੀ ਅਧਿਕਾਰਤ ਵੈੱਬਸਾਈਟ 'ਤੇ ਵੀ ਦੇਖੀ ਜਾ ਸਕਦੀ ਹੈ। ਵਰਣਨਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਬੀਤੀ 7 ਜਨਵਰੀ ਨੂੰ ਪੰਜਾਬ ਟਰੈਵਲ ਪ੍ਰੋਫੈਸ਼ਨਲਜ ਰੈਗੂਲੇਸ਼ਨ ਐਕਟ 2014 ਤਹਿਤ ਨਿਰਧਾਰਿਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ 495 ਇਮੀਗ੍ਰੇਸ਼ਨ ਕੰਸਲਟੈਂਸੀ ਅਤੇ ਆਇਲੈਟਸ ਸੈਂਟਰਾਂ ਦੇ ਲਾਇਸੈਂਸ ਸਸਪੈਂਡ ਕੀਤੇ ਸਨ, ਜਿਨ੍ਹਾਂ ਵਿਚ 239 ਇਮੀਗ੍ਰੇਸ਼ਨ ਕੰਸਲਟੈਂਟਸ ਅਤੇ 129 ਆਇਲੈਟਸ ਸੈਂਟਰਾਂ ਦੇ ਨਾਂ ਸ਼ਾਮਲ ਸਨ। ਇਸ ਤੋਂ ਪਹਿਲਾਂ ਪ੍ਰਸ਼ਾਸਨ ਨੇ ਨਿਯਮਾਂ ਦੀ ਉਲੰਘਣ ਕਰਨ ਵਾਲੇ ਕੁੱਲ 1320 ਇਮੀਗ੍ਰੇਸ਼ਨ ਕੰਸਲਟੈਂਸੀ, ਟਿਕਟਿੰਗ ਏਜੰਟ ਅਤੇ ਆਇਲੈਟਸ ਸੈਂਟਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਸਨ ਅਤੇ ਉਨ੍ਹਾਂ ਵਿਚੋਂ 495 ਲਿਖਤੀ ਜਵਾਬ ਦੇਣ ਵਿਚ ਅਸਫਲ ਰਹੇ। ਇਸੇ ਕਾਰਨ ਉਨ੍ਹਾਂ ਦੇ ਕਾਰੋਬਾਰੀ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਸਸਪੈਂਡ ਕਰ ਦਿੱਤੇ ਗਏ ਸਨ।

# ਹਿਮਾਚਲ ਪ੍ਰਦੇਸ਼ ਤੋਂ ਹੈਰੋਇਨ ਲਿਆ ਕੇ ਵੇਚਦੇ ਸਨ ਪਤੀ-ਪਤਨੀ , ਡਰਗ ਮਨੀ ਸਣੇ ਚੜ੍ਹੇ ਪੁਲਸ ਅੜਿੱਕੇ

ਗੁਰਦਾਸਪੁਰ 4 ਮਾਰਚ। ਸੀ.ਆਈ.ਏ ਸਟਾਫ ਗੁਰਦਾਸਪੁਰ ਨੇ ਪਤੀ-ਪਤਨੀ ਨੂੰ ਕਾਬੂ ਕਰਕੇ ਉਨ੍ਹਾਂ ਤੋਂ 100 ਗ੍ਰਾਮ ਹੈਰੋਇਨ ਅਤੇ 1 ਲੱਖ 50 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕੀਤੀ ਹੈ। ਦੋਸ਼ੀ ਪਤੀ ਪਹਿਲਾਂ ਵੀ ਐੱਨ.ਡੀ.ਪੀ.ਐੱਸ ਐਕਟ ਅਧੀਨ ਗ੍ਰਿਫਤਾਰ ਹੋ ਚੁੱਕਾ ਹੈ ਅਤੇ ਹੁਣ ਜਮਾਨਤ 'ਤੇ ਸੀ। ਇਸ ਸਬੰਧੀ ਸੀ.ਆਈ.ਏ ਸਟਾਫ ਗੁਰਦਾਸਪੁਰ ਦੇ ਇੰਚਾਰਜ ਕਪਿਲ ਕੌਂਸਲ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਮੁਖਬਰ ਨੇ ਸੂਚਨਾ ਦਿੱਤੀ ਸੀ ਕਿ ਸਤਨਾਮ ਸਿੰਘ ਉਰਫ ਸੱਤੀ ਵਾਸੀ ਪਨਿਆੜ ਜੋ ਨਸ਼ੀਲੇ ਪਦਾਰਥ ਵੇਚਣ ਦਾ ਧੰਦਾ ਕਰਦਾ ਹੈ ਉਹ ਹਿਮਾਚਲ ਪ੍ਰਦੇਸ਼ ਦੇ ਕਸਬਾ ਛੰਨੀ ਬੇਲੀ ਤੋਂ ਆਪਣੀ ਸਕੂਟਰੀ 'ਤੇ ਹੈਰੋਇਨ ਲੈ ਕੇ ਆ ਰਿਹਾ ਹੈ। ਇਸ ਸੂਚਨਾ ਦੇ ਆਧਾਰ 'ਤੇ ਲਾਈਟਾਂ ਵਾਲਾ ਚੌਂਕ ਦੀਨਾਨਗਰ 'ਚ ਰਾਤ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਗਈ। ਰਾਤ ਲਗਭਗ 10.15 ਵਜੇ ਉਕਤ ਸਕੂਟਰੀ ਨੂੰ ਜਦ ਆਉਂਦੇ ਵੇਖਿਆ ਤਾਂ ਪੁਲਸ ਕਰਮਚਾਰੀਆਂ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ। ਮੁਲਜਮ ਨਾਲ ਸਕੂਟਰੀ 'ਤੇ ਪਿੱਛੇ ਔਰਤ ਬੈਠੀ ਸੀ, ਨੇ ਪੁਲਸ ਪਾਰਟੀ ਨੂੰ ਵੇਖ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਕਰਮਚਾਰੀਆਂ ਨੇ ਦੋਵਾਂ ਨੂੰ ਕਾਬੂ ਕਰ ਲਿਆ। ਕਪਿਲ ਕੌਂਸਲ ਨੇ ਦੱਸਿਆ ਕਿ ਪੁੱਛਗਿੱਛ ਕਰਨ 'ਤੇ ਸਕੂਟਰੀ ਚਲਾ ਰਹੇ ਵਿਅਕਤੀ ਨੇ ਆਪਣੀ ਪਛਾਣ ਸਤਨਾਮ ਸਿੰਘ ਉਰਫ ਸੱਤੀ ਪੁੱਤਰ ਸੁਰਜੀਤ ਸਿੰਘ ਵਾਸੀ ਪਨਿਆੜ ਅਤੇ ਪਿੱਛੇ ਬੈਠੀ ਔਰਤ ਨੇ ਆਪਣੀ ਪਛਾਣ ਸੁਨੀਤਾ ਪਤਨੀ ਸਤਨਾਮ ਸਿੰਘ ਵਾਸੀ ਪਨਿਆੜ ਦੱਸੀ। ਸਕੂਟਰੀ ਦੀ ਤਾਲਾਸ਼ੀ ਲੈਣ 'ਤੇ ਇਨ੍ਹਾਂ ਤੋਂ 100 ਗ੍ਰਾਮ ਹੈਰੋਇਨ, 1 ਲੱਖ 50 ਹਜ਼ਾਰ ਰੁਪਏ ਨਕਦੀ, ਦੋ ਮੋਬਾਇਲ ਅਤੇ ਇਕ ਕੰਡਾ ਮਿਲਿਆ। ਮੁਲਜਮਾਂ ਨੇ ਮੰਨਿਆ ਕਿ ਇਹ ਹੈਰੋਇਨ ਉਹ ਹਿਮਾਚਲ ਪ੍ਰਦੇਸ਼ ਦੇ ਕਸਬਾ ਛੰਨੀ ਬੇਲੀ ਤੋਂ ਲੈ ਕੇ ਆਏ ਹਨ। ਪੁਲਸ ਅਧਿਕਾਰੀ ਦੇ ਅਨੁਸਾਰ ਪਤੀ-ਪਤਨੀ ਖਿਲਾਫ ਐੱਨ.ਡੀ.ਪੀ.ਐੱਸ ਐਕਟ ਅਧੀਨ ਕੇਸ ਦਰ ਕਰ ਲਿਆ ਗਿਆ ਹੈ। ਮੁਲਜਮ ਸਤਨਾਮ ਸਿੰਘ ਨੇ ਸਵੀਕਾਰ ਕੀਤਾ ਕਿ ਉਸ ਦੇ ਖਿਲਾਫ ਪਹਿਲਾਂ




ਵੀ ਐੱਨ.ਡੀ.ਪੀ.ਐੱਸ ਐਕਟ ਅਧੀਨ ਕੇਸ ਦਰਡ ਹੈ ਅਤੇ ਉਹ ਜਮਾਨਤ 'ਤੇ ਹੈ। ਉਸ ਨੇ ਮੰਨਿਆ ਕਿ ਉਹ ਛੰਨੀ ਬੇਲੀ ਤੋਂ ਹੈਰੋਇਨ ਲਿਆ ਕੇ ਇਲਾਕੇ ਵਿੱਚ ਵੇਚਦਾ ਹੈ ਅਤੇ ਬਰਾਮਦ ਹੈਰੋਇਨ ਵੀ ਉਹ ਇਲਾਕੇ 'ਚ ਵੇਚਣ ਦੇ ਲਈ ਲਿਆਇਆ ਸੀ।

## ਪੁੱਤਰਾਂ ਨੇ 31 ਸਾਲ ਬਾਅਦ ਲਿਆ ਪਿਓ ਦੇ ਕਤਲ ਦਾ ਬਦਲਾ, ਕਾਤਲ ਨੂੰ ਮਾਰੀ ਗੋਲੀ

ਜੈਪੁਰ 4 ਮਾਰਚ। ਰਾਜਸਥਾਨ ਦੇ ਪੁਸਕਰ 'ਚ 70 ਸਾਲਾ ਸਾਬਕਾ ਕੌਂਸਲਰ ਸਵਾਈ ਸਿੰਘ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ 68 ਸਾਲਾ ਦੋਸਤ ਦਿਨੇਸ ਤਿਵਾੜੀ ਨੂੰ ਜਖਮੀ ਕਰ ਦਿੱਤਾ ਗਿਆ। ਕਤਲ ਕਰਨ ਵਾਲੇ 2 ਭਰਾਵਾਂ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ 3 ਦਹਾਕਿਆਂ ਤੋਂ ਵੱਧ ਸਮੇਂ ਤੱਕ ਇੰਤਜਾਰ ਕੀਤਾ। ਇਹ ਕਤਲ 1992 ਦੇ 'ਅਜਮੇਰ ਬਲੈਕਮੇਲ ਕੇਸ' ਨਾਲ ਸਬੰਧਤ ਸੀ। ਪੁਸਕਰ ਦੇ ਬੰਸੇਲੀ ਪਿੰਡ 'ਚ ਸਵਾਈ ਸਿੰਘ ਅਤੇ ਤਿਵਾੜੀ 'ਤੇ ਗੋਲੀਆਂ ਚਲਾਉਣ ਵਾਲੇ ਮਦਨ ਸਿੰਘ ਪੁੱਤਰ ਥੇਸ ਮਦਨ ਸਿੰਘ ਹਫਤਾਵਾਰੀ ਅਖਬਾਰ ਚਲਾਉਂਦੇ ਸਨ ਅਤੇ ਬਲੈਕਮੇਲ ਕਾਂਡ ਬਾਰੇ 'ਚ ਖਬਰਾਂ ਪ੍ਰਕਾਸ਼ਿਤ ਕਰ ਰਹੇ ਸਨ। ਇਸ ਕਾਂਡ 'ਚ ਅਜਮੇਰ ਦੀਆਂ ਕਈ ਲੜਕੀਆਂ ਨੂੰ ਬਲੈਕਮੇਲ ਕਰ ਕੇ ਜਬਰ-ਜ਼ਿਨਾਹ ਕੀਤਾ ਗਿਆ ਸੀ। ਪੁਲਸ ਨੇ ਸਵਾਈ ਸਿੰਘ, ਰਾਜਕੁਮਾਰ ਜੈਪਾਲ, ਨਰਿੰਦਰ ਸਿੰਘ ਤੇ ਹੋਰਨਾਂ ਖ਼ਿਲਾਫ ਕਤਲ ਦਾ ਮਾਮਲਾ ਦਰਜ ਕੀਤਾ ਸੀ ਪਰ ਸਾਰੇ ਮੁਲਜਮਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ। ਫਿਰ ਮਦਨ ਸਿੰਘ ਦੇ ਦੋਵੇਂ ਪੁੱਤਰ ਸੂਰਜ ਪ੍ਰਤਾਪ ਸਿੰਘ ਅਤੇ ਧਰਮ ਪ੍ਰਤਾਪ ਸਿੰਘ, ਜੋ ਉਸ ਸਮੇਂ 8 ਤੋਂ 12 ਸਾਲ ਦੇ ਸਨ, ਉਨ੍ਹਾਂ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ ਤੇ ਸਵਾਈ ਸਿੰਘ ਦਾ ਕਤਲ ਕਰ ਦਿੱਤਾ।

## ਸਦਰ ਥਾਣਾ ਅਧੀਨ ਪੈਂਦੇ ਪਿੰਡ ਰਾਜਪੁਰਾ ਦੇ ਲੋਕਾਂ ਨੇ ਦੋ ਨਸਾ ਕਰਦੇ ਨੌਜਵਾਨਾਂ ਨੂੰ ਕੀਤਾ ਪੁਲਸ ਹਵਾਲੇ

ਗੁਰਦਾਸਪੁਰ 4 ਮਾਰਚ। ਗੁਰਦਾਸਪੁਰ ਦੇ ਸਦਰ ਥਾਣਾ ਅਧੀਨ ਪੈਂਦੇ ਪਿੰਡ ਰਾਜਪੁਰਾ ਦੇ ਲੋਕਾਂ ਵਲੋਂ ਇਕੱਠੇ ਹੋ ਪਿੰਡ ਦੇ ਸਮਸਾਨ ਘਾਟ 'ਚੋਂ ਦੋ ਨੌਜਵਾਨਾਂ ਨੂੰ ਨਸਾ ਕਰਦੇ ਰੰਗੇ-ਹੱਥੀਂ ਕਾਬੂ ਕੀਤਾ ਗਿਆ। ਇਸ ਸਬੰਧੀ ਪਿੰਡ ਦੇ ਲੋਕਾਂ ਵਲੋਂ ਵਾਇਰਲ ਕੀਤੀ ਵੀਡੀਓ 'ਚ ਪਿੰਡ ਵਾਸੀ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਨਸਾ ਤਸਕਰ ਸਰੇਆਮ ਨਸਾ ਵੇਚ ਰਹੇ ਹਨ। ਜਿਸ



ਦੀ ਸ਼ਿਕਾਇਤ ਪਹਿਲਾ ਵੀ ਪੁਲਸ ਨੂੰ ਕੀਤੀ ਗਈ ਹੈ ਪਰ ਨਸਾ ਵੇਚਣ ਵਾਲੇ ਵੱਡੇ ਸੌਦਾਗਰ ਪੁਲਸ ਦੀ ਗ੍ਰਿਫਤ ਤੋਂ ਬਾਹਰ ਘੁੰਮ ਰਹੇ ਹਨ। ਉਨ੍ਹਾਂ ਦੱਸਿਆ ਅੱਜ ਦੋ ਨੌਜਵਾਨ ਜੋ ਕਿਸੇ ਬਾਹਰੀ ਇਲਾਕੇ ਦੇ ਹਨ, ਉਹ ਨਸਾ ਲੈ ਕੇ ਉਨ੍ਹਾਂ ਦੇ ਪਿੰਡ ਦੇ ਸਮਸਾਨ ਘਾਟ 'ਚ ਚਿੱਟੇ ਦਾ ਨਸਾ ਕਰਦੇ ਹਨ। ਹੁਣ ਪਿੰਡ ਵਾਸੀਆਂ ਨੇ ਰੰਗੇ ਹੱਥੀਂ ਇਨ੍ਹਾਂ ਨੌਜਵਾਨਾਂ ਨੂੰ ਕਾਬੂ ਕਰ ਲਿਆ ਹੈ। ਉੱਥੇ ਹੀ ਪਿੰਡ ਰਾਜਪੁਰਾ ਦੇ ਵਾਸੀਆਂ ਵਲੋਂ ਉਨ੍ਹਾਂ ਨੌਜਵਾਨਾਂ ਨੂੰ ਕਾਬੂਕਰ ਪੁਲਸ ਹਵਾਲੇ ਕਰ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕੇ ਨਸ਼ੇ ਦਾ ਕਾਰੋਬਾਰ ਕਰ ਰਹੇ ਲੋਕਾਂ 'ਤੇ ਕਾਰਵਾਈ ਕੀਤੀ ਜਾਵੇ।

**NAME CHANGE**
I, NO-14683437X SEP GAIKWAD RAMESHWAR SAKHARAM S/o SAKHARAM GAIKWAD R/o VPO-KOSTGAON, TEH-RENAPUR, DISTT-LATUR, MAHARASHTRA-413523, have changed my minor daughter's name from TANISHKA GAIKWAD to TANISHKA RAMESHWAR GAIKWAD for all future purposes.

**NAME CHANGE**
I, Keshari Guddi Gulabchand W/O Prateek Garg R/O mohalla thakuran, near ekta public school, dadri, gautam buddha nagar, uttar pradesh -203207 Have Changed My name to Guddi Gulabchand keshari For all future purposes.

**NAME CHANGE**
I, KAMLESH W/o JC-492588X NB SUB BALBIR SINGH R/o VILL-NAGALA MOHAN, PO-PATLONI, TEH-MAHAVAN, DIST-MATHURA, UTTAR PRADESH-281301, have changed my name from KAMLESH to KAMLESH CHAUDHARY for all future purposes and in my husband's service records my date of birth wrongly mentioned as 20/07/1982 instead of my correct date of birth as 01/01/1985 vide affidavit dated 31/12/2022 before Notary Public, Delhi.

**NAME CHANGE**
I Nandni Kukreja W/o Bhola Nath Kukreja R/o G-3/12,3rd Floor, Opposite Krishna Mandir, Malviya Nagar,Delhi-110017, Have Changed My Name To Nandini Kukreja For All Further Purpose

**NAME CHANGE**
I Kum. Seema Kumari Sharma W/o Lalit Bhardwaj R/o H No-193 Near Dav School Sector-14 Gurgaon-122001 Haryana Have Changed My Name to Seema Bhardwaj For all Purpose

**NAME CHANGE**
I, Kasi Biswanath Behera Army No. JC673954L, Rank - SUB, S/o Harihar Behera Permanent Residing at Vill. & Post - Mathakaragola, P.S. / Tehsil - Kamakhyanagar, Dist - Dhenkanal, Pin -759024 State - Odisha Presently Residing at Unit - 5017 ASC Bn (MT), Kanchrapara Military Station, P. S. - Bizpur, Dist - North 24 Parganas, State - West Bengal have changed my name from Kasi Biswanath Behera to Kasi Bishwanath Behera for all future purposes. Vide Affidavit No. 24 Dated 07/11/2022 before 1st Class Judicial Magistrate at Barrackpore Court, North 24 Parganas (W.B) in presence of Ld. Advocate Golam Md. Nabi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, IC-64401W LT COL GOKULADASAN P S/O EVK NAIR R/O 86/6, KIRBY PLACE, OFFICERS ENCLAVE, DELHI CANTT-110010, have changed my name from GOKULADASAN P to GOKUL DASAN P for all future purposes vide Affidavit dated 28/11/2022 before Notary Public Delhi .

**NAME CHANGE**
I,Ruchi Seth W/o Pulkit Aggarwal R/o D 14, ground floor greater kailash enclave 1, greater kailash south delhi 110048 have changed my name from Ruchi Seth to Ruchi Aggarwal for all future purpose.

**NAME CHANGE**
I Avtar Kaur W/o Jagdeep Singh Baweja R/o 52/43 Ramjas Road Karol Bagh Delhi -110005 Have Changed My Name To Avtar Kaur Baweja For All Purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned mmovable properties due to their his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, Amit S/o Sonu R/O 291/15 Taigore Gali, Jnana Hospital, Rohtak Haryana -124001 have changed my name from Amit to Amit Batra for all future purpose.

**NAME CHANGE**
I, Gagan S/O Balkishan Arora R/O House No.1258 Ward no.19, Sant Nagar, Rohtak Haryana -124001 have changed my minor daughter name Seerat to Seerat Huria for all future purpose.

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I,pawan kumar S/O Gopi ram R/o D 14, ground floor greater kailash enclave 1, greater kailash south delhi 110048 have changed my name from pawan kumar to pawan kumar Aggarwal for all future purpose.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਪੰਜਾਬ ਸਰਕਾਰ ਪਹਿਲੇ ਪੜਾਅ ਵਿੱਚ 260 ਖੇਡ ਨਰਸਰੀਆਂ ਖੋਲ੍ਹੇਗੀ: ਮੀਤ ਹੇਅਰ

## ➢ ਖਿਡਾਰੀਆਂ ਦੀ ਮੰਗ ਉਤੇ ਨਵੀਆਂ ਖੇਡਾਂ ਅਤੇ ਨਰਸਰੀਆਂ ਦੀ ਗਿਣਤੀ ਵਧਾਈ
## ➢ ਖੇਡ ਸੁਪਰਵਾਈਜ਼ਰਾਂ ਤੇ ਕੋਚਾਂ ਦੀ ਭਰਤੀ ਲਈ 10 ਮਾਰਚ ਤੱਕ ਬਿਨੈ ਪੱਤਰ ਮੰਗੇ

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਵੀਂ ਖੇਡ ਨੀਤੀ ਤਹਿਤ ਸਥਾਪਤ ਕੀਤੀਆਂ ਜਾਣ ਵਾਲੀਆਂ 1000 ਖੇਡ ਨਰਸਰੀਆਂ ਵਿੱਚੋਂ 260 ਨਰਸਰੀਆਂ ਪਹਿਲੇ ਪੜਾਅ ਵਿੱਚ ਸਥਾਪਤ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਸਥਾਪਨਾ ਲਈ ਖੇਡ ਸੁਪਰਵਾਈਜ਼ਰਾਂ ਤੇ ਕੋਚਾਂ ਦੀ ਭਰਤੀ ਲਈ 10 ਮਾਰਚ ਤੱਕ ਬਿਨੈ ਪੱਤਰ ਮੰਗੇ ਗਏ ਹਨ।



ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਅਤੇ ਪਿੰਡ ਪੱਧਰ ਉਤੇ ਖਿਡਾਰੀਆਂ ਲਈ ਢਾਂਚਾ ਉਸਾਰਨ ਦੀਆਂ ਕੋਸ਼ਿਸ਼ਾਂ ਦੇ ਚੱਲਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਉਤੇ ਬਣਾਈ ਨਵੀਂ ਖੇਡ ਨੀਤੀ ਤਹਿਤ ਹਰ 4-5 ਕਿਲੋਮੀਟਰ ਦੇ ਘੇਰੇ ਵਿੱਚ ਇਕ ਖੇਡ ਨਰਸਰੀ ਬਣਾਈ ਜਾ ਰਹੀ ਹੈ।

ਖੇਡ ਮੰਤਰੀ ਨੇ ਕਿਹਾ ਕਿ ਪਹਿਲਾਂ ਪਹਿਲੇ ਪੜਾਅ ਵਿੱਚ 205 ਨਰਸਰੀਆਂ ਖੋਲ੍ਹਣ ਦੀ ਤਜਵੀਜ਼ ਸੀ ਜਿਸ ਸਬੰਧੀ ਬਾਕਾਇਦਾ ਭਰਤੀ ਲਈ ਇਸ਼ਤਿਹਾਰ ਵੀ ਦਿੱਤਾ ਗਿਆ। ਇਸ ਤੋਂ ਬਾਅਦ ਕਈ ਖਿਡਾਰੀਆਂ ਅਤੇ ਸਬੰਧਤ ਧਿਰਾਂ ਵੱਲੋਂ ਪਹੁੰਚ ਕਰਕੇ ਹੋਰ ਨਰਸਰੀਆਂ ਖੋਲ੍ਹਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਅਜਿਹੀਆਂ ਖੇਡਾਂ ਨੂੰ ਵੀ ਸ਼ਾਮਲ ਕਰਨ ਦੀ ਪੁਰਜ਼ੋਰ ਮੰਗ ਉੱਠੀ ਜਿਹੜੀਆਂ ਪਹਿਲੇ ਪੜਾਅ ਵਿੱਚ ਸ਼ਾਮਲ ਨਹੀਂ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਹੁਣ ਖੇਡ ਵਿਭਾਗ ਪਹਿਲੇ ਪੜਾਅ ਵਿੱਚ 2024-25 ਸੈਸ਼ਨ ਵਿੱਚ ਹੀ 260 ਖੇਡ ਨਰਸਰੀਆਂ ਖੋਲ੍ਹਣ ਜਾ ਰਿਹਾ ਹੈ ਜਿਸ ਲਈ ਸੋਧਿਆ ਇਸ਼ਤਿਹਾਰ ਜਾਰੀ ਕਰਕੇ ਇਸ ਸਬੰਧੀ ਵੇਰਵੇ ਵਿਭਾਗ ਦੀ ਵੈਬਸਾਈਟ www.pbsports.punjab.gov.in ਉਪਰ ਪਾ ਦਿੱਤੇ ਗਏ ਹਨ।

ਮੀਤ ਹੇਅਰ ਨੇ ਦੱਸਿਆ ਕਿ 260 ਖੇਡ ਨਰਸਰੀਆਂ ਲਈ 260 ਕੋਚ ਅਤੇ 26 ਸੁਪਰਵਾਈਜ਼ਰ ਭਰਤੀ ਕੀਤੇ ਜਾ ਰਹੇ ਹਨ। ਉਨ੍ਹਾਂ ਖੇਡ ਅਨੁਸਾਰ ਵੇਰਵੇ ਜਾਰੀ ਕਰਦਿਆਂ ਦੱਸਿਆ ਕਿ ਖੇਡ ਨਰਸਰੀਆਂ ਲਈ ਅਥਲੈਟਿਕਸ ਲਈ 58, ਹਾਕੀ ਤੇ ਵਾਲੀਬਾਲ ਲਈ 22-22, ਕੁਸ਼ਤੀ ਤੇ ਬੈਡਮਿੰਟਨ ਲਈ 20, ਫੁਟਬਾਲ, ਮੁੱਕੇਬਾਜ਼ੀ ਤੇ ਬਾਸਕਟਬਾਲ ਲਈ 15-15, ਕਬੱਡੀ ਲਈ 12, ਤੀਰਅੰਦਾਜ਼ੀ ਤੇ ਤੈਰਾਕੀ ਲਈ 10-10, ਵੇਟਲਿਫਟਿੰਗ ਤੇ ਜੂਡੋ ਲਈ 5-5, ਜਿਮਨਾਸਟਿਕ, ਰੋਇੰਗ ਤੇ ਸਾਈਕਲਿੰਗ ਲਈ 4-4, ਹੈਂਡਬਾਲ, ਵੁਸ਼ੂ ਤੇ ਕ੍ਰਿਕਟ ਲਈ 3-3, ਖੋ ਖੋ, ਤਲਵਾਰਬਾਜ਼ੀ, ਟੈਨਿਸ ਤੇ ਟੇਬਲ ਟੈਨਿਸ ਲਈ 2-2, ਕਿੱਕ ਬਾਕਸਿੰਗ ਤੇ ਨੈਟਬਾਲ ਲਈ 1-1 ਕੋਚ ਦੀ ਭਰਤੀ ਕੀਤੀ ਜਾ ਰਹੀ ਹੈ।

ਖੇਡ ਮੰਤਰੀ ਨੇ ਅੱਗੇ ਦੱਸਿਆ ਕਿ ਜਿਸ ਇਲਾਕੇ ਵਿੱਚ ਜਿਹੜੀ ਖੇਡ ਵੱਧ ਮਕਬੂਲ ਹੈ ਅਤੇ ਸਬੰਧਤ ਖੇਡ ਦੇ ਖਿਡਾਰੀਆਂ ਦੀ ਗਿਣਤੀ ਵੱਧ ਹੈ, ਉੱਥੇ ਉਸੇ ਖੇਡ ਦੀ ਨਰਸਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਦੀ ਸਫਲਤਾ ਤੋਂ ਬਾਅਦ ਵਿਭਾਗ ਕੋਲ ਡਾਟਾ ਮੌਜੂਦ ਹੈ ਕਿ ਕਿਸ ਇਲਾਕੇ ਵਿੱਚ ਕਿਹੜੀ ਖੇਡ ਵੱਧ ਖੇਡੀ ਜਾਂਦੀ ਹੈ।

### ਮੋਟਰਸਾਈਕਲ ਨੂੰ ਟੱਕਰ ਮਾਰਨ ਵਾਲੇ ਛੋਟੇ ਹਾਥੀ ਦੇ ਡਰਾਈਵਰ 'ਤੇ ਮਾਮਲਾ ਦਰਜ

ਫਾਜ਼ਿਲਕਾ 4 ਮਾਰਚ। ਉਪ ਮੰਡਲ ਦੇ ਥਾਣਾ ਖੂਈ ਖੇੜਾ ਪੁਲਸ ਨੇ ਮੋਟਰਸਾਈਕਲ ਨੂੰ ਟੱਕਰ ਮਾਰਨ ਵਾਲੇ ਛੋਟੇ ਹਾਥੀ ਦੇ ਡਰਾਈਵਰ ਖ?ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸੁਖਵਿੰਦਰ ਸਿੰਘ ਵਾਸੀ ਪੱਕਾ ਫਾਰਮ ਸੀਡ (ਅਬੋਹਰ) ਨੇ ਦੱਸਿਆ 1 ਫਰਵਰੀ ਨੂੰ ਉਹ ਅਤੇ ਉਸ ਦਾ ਪੁੱਤਰ ਅਰਾਮਨਦੀਪ ਸਿੰਘ ਆਪਣੇ ਮੋਟਰਸਾਈਕਲ 'ਤੇ ਰਿਸ਼ਤੇਦਾਰੀ 'ਚ ਜਾ ਰਹੇ ਸਨ।

# ਬਿਮਾਰੀਆਂ ਦੇ ਖਾਤਮੇ ਲਈ ਸਰਵੇਲੈਂਸ 'ਤੇ ਦਿੱਤਾ ਜਾਵੇ ਜੋਰ : ਸਿਵਲ ਸਰਜਨ




ਟਰੇਨਿੰਗ ਦੋਰਾਣ ਸੰਬੋਧਨ ਕਰਦੇ ਸਿਵਲ ਸਰਜਨ ਡਾ. ਰਮਿੰਦਰ ਕੋਰ ਅਤੇ ਨੋਡਲ ਅਫਸਰ ਡਾ. ਸੁਮੀਤ ਸਿੰਘ ।

**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵਿੱਚ ਗਰਾਂਉਂਡ ਲੈਵਲ ਤੇਂ ਕੰਮ ਕਰਦੇ ਸਿਹਤ ਕਾਮਿਆਂ ਨੂੰ ਵੈਕਟਰ ਦੇ ਕੱਟਣ ਨਾਲ ਹੋਣ ਵਾਲੀਆ ਬਿਮਾਰੀਆਂ ਜਿਵੇਂ ਡੇਂਗੂ , ਚਿਕਨਗੂਨੀਆ, ਮਲੇਰੀਆ, ਜੀਕਾ ਆਦਿ ਦੀ ਜਾਗਰੂਕਤਾ ਅਤੇ ਖਾਤਮੇ ਲਈ ਸਿਵਲ ਸਰਜਨ ਪਟਿਆਲਾ ਡਾ. ਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਐਪੀਡੈਮੋਲੋਜਿਸਟ ਡਾ. ਸੁਮੀਤ ਸਿੰਘ ਵੱਲੋਂ ਮਲਟੀਪਰਪਜ਼ ਹੈਲਥ ਵਰਕਰ ਮੇਲ ਦੀ ਇੱਕ ਰੋਜ਼ਾ ਸਿਖਲਾਈ ਕੋਰਸ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਬਲਾਕਾਂ ਤੋਂ ਆਏ 20 ਦੇ ਕਰੀਬ ਸਿਹਤ ਕਾਮਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ।ਟਰੇਨਿੰਗ ਦੌਰਾਣ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਰਮਿੰਦਰ ਕੌਰ ਨੇਂ ਕਿਹਾ ਕਿ ਮੱਛਰਾਂ ਦੀ ਪੈਦਾਵਾਰ ਵਾਲੀਆਂ ਥਾਂਵਾ ਨੂੰ ਨਸ਼ਟ ਕਰਕੇ ਮਲੇਰੀਆ, ਡੇਂਗੂ, ਚਿਕਨਗੂਨੀਆਂ ਵਰਗੀਆਂ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਬੁਖਾਰ ਦੇ ਹਰੇਕ ਸ਼ਕੀ ਕੇਸ ਦੀ ਜਾਂਚ ਯਕੀਨੀ ਬਣਾਈ ਜਾਵੇ।ਨੋਡਲ ਅਫਸਰ ਡਾ. ਸੁਮੀਤ ਸਿੰਘ ਨੇਂ ਕਿਹਾ ਕਿ ਪੰਜਾਬ ਸਰਕਾਰ ਦੇ ਮਲੇਰੀਆ ਐਲ਼ੀਮੀਨੇਸ਼ਨ ਦੇ ਟੀਚੇ ਨੂੰ ਪੂਰਾ ਕਰਨ ਲਈ ਅਤੇ ਵਿਸ਼ਵ ਸਿਹਤ ਸੰਸਥਾਂ ਤੋਂ ਇਸ ਦੀ ਮਾਨਤਾ ਲੈਣ ਲਈ ਮਲੇਰੀਆ ਸਰਵੈਲੈਂਸ ਦੇ ਨਿਰਧਾਰਤ ਮਾਪ ਦੰਡ ਨੂੰ ਪੂਰਾ ਰੱਖਣਾ ਬੇਹੱਦ ਜਰੂਰੀ ਹੈ।◆ਇਸ ਲਈ ਸਾਰੀਆਂ ਸਿਹਤ ਸੰਸਥਾਵਾਂ ਨੂੰ ਆਪਣੇ ਅਧੀਨ ਆਉਂਦੀ ਅਬਾਦੀ ਅਤੇ ਓ.ਪੀ.ਡੀ ਵਿੱਚ ਵੀ ਆਉਣ ਵਾਲੇ ਮਰੀਜਾਂ ਦੇ 10 ਫੀਸਦੀ ਮਰੀਜਾਂ ਦੀ ਮਲੇਰੀਆ ਦੀ ਜਾਂਚ ਕਰਦੇ ਹੋਏ ਇਹ ਯਕੀਨੀ ਬਣਾਇਆ ਜਾਵੇ ਕਿ ਹਰੇਕ ਬੁਖ਼ਾਰ ਦੇ ਕੇਸ ਵਿੱਚ ਮਲੇਰੀਆ ਟੈਸਟ ਜ਼ਰੂਰ ਕੀਤਾ ਜਾਵੇ। ਉਹਨਾਂ ਕਿਹਾ ਕਿ ਮਲੇਰੀਆ ਨੋਟੀਫਾਈਏਬਲ ਡਜੀਜ ਹੋਣ ਕਾਰਨ ਹਰੇਕ ਪ੍ਰਾਈਵੇਟ ਲੈਬ ਅਤੇ ਹਸਪਤਾਲਾ ਵੱਲੋਂ ਵੀ ਮਲੇਰੀਆ ਜਾਂਚ ਸਬੰਧੀ ਰਿਪੋਰਟ ਦੇਣਾ ਜਰੂਰੀ ਹੈ ਤਾਂ ਜੋ ਕਿਸੇ ਵੀ ਦੂਜੇ ਰਾਜਾਂ ਤੋਂ ਆਏ ਮਲੇਰੀਆ ਪੀੜਤ ਵਿਅਕਤੀ ਤੋਂ ਅੱਗੇ ਹੋ ਸਕਣ ਵਾਲੇ ਫੈਲਾਅ ਨੂੰ ਰੋਕਿਆ ਜਾ ਸਕੇ। ਟਰੇਨਿੰਗ ਦੌਰਾਣ ਸਿਖਿਆਰਥੀਆਂ ਨੂੰ ਮੱਛਰਾਂ ਦੀਆਂ ਵੱਖ ਵੱਖ ਕਿਸਮਾਂ, ਉਹਨਾਂ ਦੇ ਕੱਟਣ ਨਾਲ ਹੋਣ ਵਾਲੀਆ ਡੇਂਗੂ, ਚਿਕਨਗੂਨੀਆ, ਮਲੇਰੀਆ, ਜੀਕਾ ਆਦਿ ਬਿਮਾਰੀਆਂ ਅਤੇ ਸਲਾਈਡ ਬਣਾਉਣ ਦੀ ਤਕਨੀਕ, ਪਰੋਪਰ ਰਿਕਾਰਡ ਰੱਖਣ ਬਾਰੇ ਵੀ ਦੱਸਿਆ ਗਿਆ ਅਤੇ ਆਨਲਾਈਨ ਰਿਪੋਰਟਿੰਗ ਲਈ ਆਈ.ਐਚ.ਆਈ.ਪੀ. ਮੋਡਿਊਲ ਦੀ ਵੀ ਜਾਣਕਾਰੀ ਦਿੱਤੀ ਗਈ।ਇਸ ਟਰੇਨਿੰਗ ਦੌਰਾਣ ਰੈਬੀਜ ਕੰਟਰੋਲ ਪ੍ਰੋਗਰਾਮ, ਆਈ.ਐਚ.ਆਈ.ਪੀ.ਅਤੇ ਵਾਤਾਵਰਣ ਵਿੱਚ ਤਬਦੀਲੀ ਆਉਣ ਨਾਲ ਹੋਣ ਵਾਲੀਆਂ ਬਿਮਾਰੀਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਐਸ.ਜੇ.ਸਿੰਘ, ਡਾ. ਦਿਵਜੋਤ ਸਿੰਘ,ਐਂਟਾਮੋਲੋਜਿਸਟ ਅਮ੍ਰਿਤ ਕੌਰ, ਸਹਾਇਕ ਮਲੇਰੀਆ ਅਫਸਰ ਗੁਰਜੰਟ ਸਿੰਘ ਵੀ ਹਾਜਰ ਸਨ।

## ਕਿਸਾਨ ਅੰਦੋਲਨ ਨੇ ਚਿੰਤਾ 'ਚ ਪਾਈ ਭਾਜਪਾ, ਲੋਕ ਸਭਾ ਚੋਣਾਂ ਲਈ ਪੰਜਾਬ ਦੇ ਆਗੂਆਂ ਨੂੰ ਸੌਂਪੀ ਜ਼ਿੰਮੇਵਾਰੀ

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਕਿਸਾਨ ਅੰਦੋਲਨ ਨੇ ਭਾਰਤੀ ਜਨਤਾ ਪਾਰਟੀ ਦੀ ਚਿੰਤਾ ਨੂੰ ਵਧਾ ਦਿੱਤਾ ਹੈ। ਇਸ ਲਈ ਭਾਜਪਾ ਨੇ ਰਾਜ ਚੋਣ ਪ੍ਰਬੰਧਨ ਕਮੇਟੀ ਬਣਾਈ ਹੈ, ਜਿਸ ਦੀ ਕਮਾਨ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਖ਼ੁਦ ਸੰਭਾਲੀ ਹੈ। ਇਸ ਦੇ ਨਾਲ ਹੀ 38 ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜਿਸ 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧੀ ਜੈ ਇੰਦਰ ਕੌਰ ਨੂੰ ਵੀ ਮਹਿਲਾ ਪ੍ਰਚਾਰ ਕਮੇਟੀ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਸੁਨੀਲ ਜਾਖੜ ਇਸ ਕਮੇਟੀ ਦੇ ਚੇਅਰਮੈਨ ਅਤੇ ਕਨਵੀਨਰ ਹਨ, ਜਦੋਂ ਕਿ ਰਾਕੇਸ਼ ਰਾਠੌਰ, ਅਨਿਲ ਸਰੀਨ ਅਤੇ ਦਿਆਲ ਸੋਢੀ ਨੂੰ ਕੋ-ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਭਾਜਪਾ ਨੇ 3 ਸੀਨੀਅਰ ਆਗੂਆਂ ਨੂੰ ਚੋਣ ਮਨੋਰਥ ਪੱਤਰ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕੀਤਾ ਹੈ।

ਇਸ 'ਚ ਸੋਮ ਪ੍ਰਕਾਸ਼, ਅਵਿਨਾਸ਼ ਰਾਏ ਖੰਨਾ ਅਤੇ ਅਸ਼ਵਨੀ ਸੇਖੜੀ ਮੁੱਖ ਭੂਮਿਕਾ 'ਚ ਹੋਣਗੇ। ਉਨ੍ਹਾਂ ਦੀ ਮਦਦ ਲਈ ਸੁਰਜੀਤ ਜਿਆਣੀ, ਜੰਗੀ ਲਾਲ ਮਹਾਜਨ, ਫਤਿਹਜੰਗ ਬਾਜਵਾ, ਐੱਸ. ਐੱਸ. ਚੰਨੀ, ਅਸ਼ਵਨੀ ਸ਼ਰਮਾ, ਸ਼ਵੇਤ ਮਲਿਕ ਅਤੇ ਚਰਨਜੀਤ ਸਿੰਘ ਅਟਵਾਲ ਨੂੰ ਕੋ-ਪ੍ਰਧਾਨ ਬਣਾਇਆ ਗਿਆ ਹੈ।

# 27.14 ਕਰੋੜ ਦੀ ਲਾਗਤ ਨਾਲ ਬਣੇਗੀ ਲੰਮਾ ਪਿੰਡ ਤੋਂ ਜੰਡੂ ਸਿੰਘਾ ਸੜਕ: ਸੁਸ਼ੀਲ ਰਿੰਕੂ

**ਜਲੰਧਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਅੱਜ ਲੰਮਾ ਪਿੰਡ ਚੌਕ ਤੋਂ ਜੰਡੂ ਸਿੰਘਾ ਪਿੰਡ ਵਿਚਕਾਰ ਕਰੀਬ 5 ਕਿਲੋਮੀਟਰ ਲੰਬੀ ਸੜਕ ਦੀ ਹਾਲਤ ਦਾ ਜਾਇਜ਼ਾ ਲਿਆ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਇੱਥੇ ਨਵੀਂ ਸੜਕ ਦਾ ਨਿਰਮਾਣ ਜਲਦੀ ਤੋਂ ਜਲਦੀ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਸੰਸਦ ਮੈਂਬਰ ਨੇ ਦੱਸਿਆ ਕਿ ਇੱਥੇ 27.14 ਕਰੋੜ ਰੁਪਏ ਦੀ ਲਾਗਤ ਨਾਲ 5.06 ਕਿਲੋਮੀਟਰ ਲੰਬੀ ਇਸ ਸੜਕ ਦਾ ਕੰਮ ਮੁਕੰਮਲ ਕੀਤਾ ਜਾਵੇਗਾ।

ਐਸਡੀਐਮ ਡਾ: ਜੈ ਇੰਦਰ ਸਿੰਘ, ਕਾਰਜਕਾਰੀ ਇੰਜਨੀਅਰ ਜਸਪਾਲ ਸਿੰਘ, ਗੁਰਮੀਤ ਸਿੰਘ ਅਤੇ ਜੰਗਲਾਤ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੌਕੇ 'ਤੇ ਜਾ ਕੇ ਜਾਇਜ਼ਾ ਲੈਂਦਿਆਂ ਸੰਸਦ ਮੈਂਬਰ ਨੇ ਦੱਸਿਆ ਕਿ ਇਸ ਸੜਕ ਰਾਹੀਂ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਹੁਸ਼ਿਆਰਪੁਰ ਅਤੇ ਹਿਮਾਚਲ ਪ੍ਰਦੇਸ਼ ਨੂੰ ਜਾਂਦੇ ਹਨ, ਜਿਨ੍ਹਾਂ ਨੂੰ ਇਸ ਟੁੱਟੀ ਸੜਕ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਸ ਸੜਕ ਦੀ ਉਸਾਰੀ ਜਲਦੀ ਤੋਂ ਜਲਦੀ ਸ਼ੁਰੂ ਕਰਵਾਈ ਜਾਵੇ ਤਾਂ ਜੋ ਹੁਸ਼ਿਆਰਪੁਰ ਵੱਲ ਜਾਣ ਵਾਲੇ ਰਾਹਗੀਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸਾਂਸਦ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਦੌਰਾਨ ਸੜਕ ਦੀ ਗੁਣਵੱਤਾ ਨੂੰ ਲੈ ਕੇ ਪਹਿਲਾਂ ਹੀ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਉਨ੍ਹਾਂ ਨੂੰ ਸਪੱਸ਼ਟ ਕਿਹਾ ਗਿਆ ਹੈ ਕਿ ਇਸ ਸੜਕ ਦੀ ਗੁਣਵੱਤਾ ਸਬੰਧੀ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸੀਨੀਅਰ ਅਧਿਕਾਰੀਆਂ ਨੂੰ ਸੜਕ ਨਿਰਮਾਣ ਦੇ ਚੱਲ ਰਹੇ ਕੰਮ ਦਾ ਨਿਯਮਤ ਤੌਰ 'ਤੇ ਜਾਇਜ਼ਾ ਲੈਣ ਲਈ ਕਿਹਾ।

ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਆਦਮਪੁਰ, ਜੰਡੂ ਸਿੰਘਾ ਸਮੇਤ ਹੁਸ਼ਿਆਰਪੁਰ ਤੋਂ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਕਾਫੀ ਸਹੂਲਤ ਹੋਵੇਗੀ ਕਿਉਂਕਿ ਚੰਗੀ ਸੜਕ ਹੋਣ ਕਾਰਨ ਉਨ੍ਹਾਂ ਨੂੰ ਰਾਮਾਮੰਡੀ ਚੌਕ ਰਾਹੀਂ ਜਲੰਧਰ ਸ਼ਹਿਰ ਆਉਣ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਗਾਤਾਰ ਵਿਕਾਸ ਕਾਰਜ ਕਰ ਰਹੀ ਹੈ ਅਤੇ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਸ਼ਹਿਰ ਨਾਲ ਜੋੜਨ ਲਈ ਸੜਕੀ ਵਿਵਸਥਾ ਨੂੰ ਪਹਿਲਾਂ ਨਾਲੋਂ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ।

# ਸਿਹਤ ਮੰਤਰੀ ਨੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕ ਕੇ ਨਰਸਿੰਗ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ੀਰਕਪੁਰ ਵਿਖੇ ਦੋ ਰੋਜ਼ਾ ਨਰਸਿੰਗ ਵਰਕਸ਼ਾਪ ਅਤੇ ਪ੍ਰਿੰਸੀਪਲਸ ਮੀਟ ਦੇ ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕ ਕੇ ਨਰਸਿੰਗ ਸਿੱਖਿਆ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਨਰਸਿੰਗ ਕਿੱਤੇ ਨੂੰ ਡਾਕਟਰੀ ਕਿੱਤੇ ਦਾ ਅਹਿਮ ਹਿੱਸਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇੰਡੋਰ ਮਰੀਜ਼ਾਂ ਦੇ ਇਲਾਜ ਵਿੱਚ ਡਾਕਟਰਾਂ ਦੀ ਤਰ੍ਹਾਂ ਨਰਸਾਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕਲੀਨਿਕਲ ਡਿਊਟੀਆਂ ਤਨਦੇਹੀ ਅਤੇ ਜੋਸ਼ ਨਾਲ ਨਿਭਾਈਆਂ ਜਾਣੀਆਂ ਚਾਹੀਦੀਆਂ ਹਨ ਜੋ ਕੋਰਸ ਦੀ ਪ੍ਰੀਖਿਆ ਅਤੇ ਮੁਲਾਂਕਣ ਦਾ ਹਿੱਸਾ ਹੋ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਨਰਸਿੰਗ ਸਿੱਖਿਆ ਡਾਕਟਰੀ ਕਿੱਤੇ ਦੀ ਰੀੜ੍ਹ ਦੀ ਹੱਡੀ ਹੈ ਅਤੇ ਅਜਿਹੀਆਂ ਸੈਂਕੜੇ ਉਦਾਹਰਣਾਂ ਹਨ ਜਿੱਥੇ ਨਰਸਾਂ ਨੇ ਮੁਸ਼ਕਿਲ ਸਮੇਂ ਲੋਕਾਂ ਨੂੰ ਬਚਾਉਣ ਲਈ ਅਣਥੱਕ ਮਿਹਨਤ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 250 ਤੋਂ ਵੱਧ ਨਰਸਿੰਗ ਕਾਲਜ ਹਨ ਜੋ ਹਰ ਸਾਲ ਹਜ਼ਾਰਾਂ ਨਰਸਿੰਗ ਵਿਦਿਆਰਥੀਆਂ ਨੂੰ ਸਿਖਲਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਕਰਕੇ ਉਨ੍ਹਾਂ ਦੀ ਸਿਧਾਂਤਕ ਅਤੇ ਪ੍ਰੈਕਟੀਕਲ ਸਿਖਲਾਈ ਵੱਲ ਧਿਆਨ ਦੇਣਾ ਚਾਹੀਦਾ ਹੈ।

ਇਹ ਦੋ ਰੋਜ਼ਾ ਵਰਕਸ਼ਾਪ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਪੰਜਾਬ ਦੀ ਅਗਵਾਈ ਹੇਠ ਪੰਜਾਬ ਨਰਸ ਰਜਿਸਟ੍ਰੇਸ਼ਨ ਕੌਂਸਲ (ਪੀਐਨਆਰਸੀ) ਵੱਲੋਂ ਕਰਵਾਈ ਗਈ ਸੀ।

ਇਸ ਕਾਨਫਰੰਸ ਦਾ ਵਿਸ਼ਾ ÷ਨਰਸਿੰਗ ਲੀਡਰਾਂ ਦਾ ਸਸ਼ਕਤੀਕਰਨ- ਮੌਜੂਦਾ ਮੁੱਦੇ ਅਤੇ ਚੁਣੌਤੀਆਂ÷ਸੀ। ਇਸ



ਵਰਕਸ਼ਾਪ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਦੇ ਸਿਵਲ ਸਰਜਨਾਂ, ਡਿਪਟੀ ਮੈਡੀਕਲ ਕਮਿਸ਼ਨਰਾਂ (ਡੀਐਮਸੀਜ਼) ਅਤੇ ਨਰਸਿੰਗ ਸੁਪਰਡੈਂਟਾਂ (ਮੈਟਰਨਸ) ਸਮੇਤ ਨਰਸਿੰਗ ਸਕੂਲਾਂ ਅਤੇ ਕਾਲਜਾਂ ਦੇ ਲਗਭਗ 250 ਪ੍ਰਿੰਸੀਪਲਾਂ ਨੇ ਭਾਗ ਲਿਆ।

ਇਸ ਦੌਰਾਨ ਪ੍ਰਮੁੱਖ ਗਤੀਵਿਧੀਆਂ ਵਿੱਚ ਪੰਜਾਬ ਵਿੱਚ ਨਰਸਿੰਗ ਵਿਦਿਆਰਥੀਆਂ ਲਈ ਵਿਸ਼ੇਸ਼ ਚੁਣੌਤੀਆਂ ਬਾਰੇ ਪੈਨਲ ਚਰਚਾ, ਜ਼ਿਲ੍ਹਾ ਹਸਪਤਾਲਾਂ ਵਿੱਚ ਵਿਦਿਆਰਥੀਆਂ ਦੀ ਕਲੀਨਿਕਲ ਸਿਖਲਾਈ- ਚੁਣੌਤੀਆਂ ਅਤੇ ਹੱਲ, ਜੀਐਨਐਮ ਅਤੇ ਏਐਨਐਮ ਦਾਖਲੇ 2024-25 ਲਈ ਕਾਉਂਸਲਿੰਗ ਅਤੇ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦਾ ਮੁਲਾਂਕਣ- ਥਿਊਰੀ ਅਤੇ ਕਲੀਨਿਕਲ ਸ਼ਾਮਲ ਸਨ।

ਇਸ ਵਰਕਸ਼ਾਪ ਦੌਰਾਨ ਆਨਲਾਈਨ ਮੁਲਾਂਕਣ ਪ੍ਰਣਾਲੀ ਅਤੇ ਮਾਨਤਾ ਬਾਰੇ ਸਿਖਲਾਈ ਅਤੇ ਵਿਚਾਰ-ਵਟਾਂਦਰਾ, ਪ੍ਰੇਰਕ ਲੈਕਚਰ: ਮਨ ਦੀ ਲੜਾਈ ਜਿੱਤਣਾ, ਜ਼ਿਆਦਾ ਸੋਚਣ ਤੋਂ ਬਚਣਾ, ਭਾਵਨਾਤਮਕ ਬੁੱਧੀ, ਲੋਕ ਹੁਨਰ, ਸਮਰੱਥਾ ਨੂੰ ਵੱਧ ਤੋਂ ਵੱਧ ਕਰਨਾ, ਡਰ ਅਤੇ ਚਿੰਤਾ ਨੂੰ ਘੱਟ ਕਰਨਾ ਅਤੇ ਅੰਦਰ ਸਫਲਤਾ ਲੱਭਣਾ, ਲੈਕਚਰ: ਸਬੂਤ ਅਧਾਰਤ ਨਰਸਿੰਗ: ਮਿੱਥ ਜਾਂ ਹਕੀਕਤ ਸਬੰਧੀ ਗਤੀਵਿਧੀਆਂ ਵੀ ਸ਼ਾਮਲ ਸਨ।

# ਪੰਜਾਬੀ 'ਵਰਸਿਟੀ ਕਰਮਚਾਰੀ ਸੰਘ ਵੱਲੋਂ ਵੀਸੀ ਦਫਤਰ ਅੱਗੇ ਧਰਨਾ



ਵੀਸੀ ਦਫ਼ਤਰ ਅੱਗੇ ਧਰਨਾ ਦਿੰਦੇ ਹੋਏ ਕਰਮਚਾਰੀ ਸੰਘ ਦੇ ਪ੍ਰਧਾਨ ਰਾਜਿੰਦਰ ਬਾਗੜੀਆਂ ਤੇ ਹੋਰ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਦਿਨ ਪਹਿਲਾਂ ਹੀ ਪੰਜਾਬੀ ਯੂਨੀਵਰਸਿਟੀ ਕਰਮਚਾਰੀ ਸੰਘ ਦੇ ਲਗਾਤਾਰ ਦੂਜੀ ਵਾਰ ਪ੍ਰਧਾਨ ਚੁਣੇ ਗਏ ਰਾਜਿੰਦਰ ਸਿੰਘ ਬਾਗੜੀਆਂ ਅਤੇ ਟੀਮ ਨੇ ਕਰਮਚਾਰੀਆਂ ਦੇ ਰੁਕੇ ਹੋਏ ਕੰਮਾਂ ਨੂੰ ਹੱਲ ਕਰਵਾਉਣ ਲਈ ਵੀ.ਸੀ ਦਫਤਰ ਸਾਹਮਣੇ ਧਰਨਾ ਮਾਰਿਆ। ਇਸ ਦੌਰਾਨ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਯਕੀਨੀ ਬਣਾਉਣ ਸਮੇਤ ਉਨ੍ਹਾਂ ਦੇ ਹੋਰ ਕੰਮ ਵੀ ਪਹਿਲ ਦੇ ਆਧਾਰ 'ਤੇ ਕਰਨ ਦੀ ਮੰਗ ਕੀਤੀ।

ਬਾਗੜੀਆਂ ਟੀਮ ਦੀ ਇਸ ਨਵੀਂ ਪਾਰੀ ਦਾ ਇਹ ਪਲੇਠਾ ਧਰਨਾ ਸੀ। ਧਰਨੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਕੋਲ ਤਨਖਾਹ ਜਾਰੀ ਕਰਨ ਲਈ ਲੋੜੀਂਦੇ ਫੰਡ ਮੌਜੂਦ ਹੋਣ ਦੇ ਬਾਵਜੂਦ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 30 ਕਰੋੜ ਮਹੀਨਾ ਗਰਾਂਟ ਜਾਰੀ ਕਰਨ ਉਪਰੰਤ ਵੀ ਪ੍ਰਸ਼ਾਸਨ ਸਮੇਂ ਸਿਰ ਤਨਖਾਹਾਂ ਜਾਰੀ ਕਰਨ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਹੋਰ ਕਿਹਾ ਕਿ ਟੈਕਨੀਕਲ ਕੇਡਰ ਦੀਆਂ ਤਰੱਕੀਆਂ, ਜੂਨੀਅਰ ਸਹਾਇਕ, ਸੀਨੀਅਰ ਸਹਾਇਕ ਤੇ ਅੰਗਹੀਣ ਕਰਮਚਾਰੀਆਂ ਦੇ ਮਸਲੇ ਅਤੇ ਹੋਰ ਮੰਗਾਂ ਨੂੰ ਤੁਰੰਤ ਹੱਲ ਕਰਵਾਇਆ ਜਾਵੇ। ਪ੍ਰਸ਼ਾਸਨ ਵੱਲੋਂ ਵਾਈਸ ਚਾਂਸਲਰ ਡਾ. ਅਰਵਿੰਦ ਨੇ ਕਰਮਚਾਰੀ ਸੰਘ ਦੇ ਆਗੂਆਂ ਨਾਲ ਮੰਗਾਂ ਸਬੰਧੀ ਗੱਲਬਾਤ ਕਰਦਿਆਂ ਭਰੋਸਾ ਦਿਵਾਇਆ ਕਿ ਜਲਦ ਹੀ ਕਰਮਚਾਰੀਆਂ ਦੇ ਸਾਰੇ ਮਸਲਿਆਂ ਦਾ ਹੱਲ ਯਕੀਨੀ ਕਰਵਾਇਆ ਜਾਵੇਗਾ ਜਿਸ ਮਗਰੋਂ ਧਰਨਾ ਮੁਲਤਵੀ ਕਰ ਦਿਤਾ ਗਿਆ।

ਇਸ ਮੌਕੇ ਸੰਘ ਦੇ ਜਨਰਲ ਸਕੱਤਰ ਅਮਰਜੀਤ ਕੌਰ, ਸਕੱਤਰ ਗੁਰਪ੍ਰੀਤ ਸਿੰਘ ਜੋਨੀ, ਮੀਤ ਪ੍ਰਧਾਨ ਪ੍ਰਕਾਸ਼ ਸਿੰਘ ਧਾਲੀਵਾਲ ,ਸਹਾਇਕ ਸਕੱਤਰ ਤੇਜਿੰਦਰ ਸਿੰਘ, ਪ੍ਰਚਾਰ ਸਕੱਤਰ ਉਂਕਾਰ ਸਿੰਘ ਸਮੇਤ ਜਗਤਾਰ ਸਿੰਘ, ਪਰਦੀਪ ਮਹਿਤਾ, ਸੰਦੀਪ ਕੁਮਾਰ, ਮਨੋਜ ਭਾਬਰੀ, ਸੁਖਵਿੰਦਰ ਸੁੱਖੀ, ਜਗਤਾਰ ਲਚਕਾਣੀ, ਗੁਰਜੋਤ ਸਿੰਘ, ਇੰਦਰ ਕੁਮਾਰ ਰਾਣਾ ਤੇ ਕੁਲਵੰਤ ਸਿੰਘ ਆਦਿ ਵੀ ਮੌਜੂਦ ਸਨ।

# ਨਾਜਾਇਜ਼ ਕਬਜ਼ਾਧਾਰਕਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ: ਬਲਜੀਤ ਕੌਰ

## ਕੈਬਨਿਟ ਮੰਤਰੀ ਨੇ 'ਰੁੱਖ ਲਗਾਓ' ਮੁਹਿੰਮ ਤਹਿਤ ਵਿਦਿਆਰਥਣਾਂ ਤੋਂ ਲਵਾਏ ਪੌਦੇ


ਮਲੋਟ ਵਿੱਚ 'ਰੁੱਖ ਲਗਾਓ' ਮੁਹਿੰਮ ਦੀ ਸ਼ੁਰੂਆਤ ਮੌਕੇ ਕੈਬਨਿਟ ਮੰਤਰੀ ਡਾ .ਬਲਜੀਤ ਕੌਰ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

**ਮਲੋਟ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ 'ਰੁੱਖ ਲਗਾਓ' ਮੁਹਿੰਮ ਤਹਿਤ ਛੋਟੀਆਂ-ਛੋਟੀਆਂ ਸਕੂਲੀ ਬੱਚੀਆਂ ਤੋਂ ਜੀਟੀ ਰੋਡ 'ਤੇ ਸਥਿਤ ਫੁੱਟਪਾਥਾਂ 'ਤੇ ਪੌਦੇ ਲਗਵਾਏ ਅਤੇ ਤੰਦਰੁਸਤ ਵਾਤਾਵਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਜਿਸ ਕਿਸੇ ਨੇ ਵੀ ਜੀਟੀ ਰੋਡ 'ਤੇ ਨਾਜਾਇਜ਼ ਕਬਜ਼ੇ ਕੀਤੇ ਹਨ , ਉਹ ਆਪਣੇ ਆਪ ਹੀ ਛੱਡ ਦੇਣ, ਨਹੀਂ ਤਾਂ ਪ੍ਰਸ਼ਾਸਨ ਸਖ਼ਤੀ ਨਾਲ ਕਾਰਵਾਈ ਕਰੇਗਾ। ਉਹ ਨਹੀਂ ਚਾਹੁੰਦੇ ਕਿ ਇਸ ਸਬੰਧੀ ਕਿਸੇ 'ਤੇ ਵੀ ਸਖ਼ਤੀ ਵਰਤੀ ਜਾਵੇ।

ਇਸ ਮੌਕੇ ਡਾ.ਬਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਇਹ ਮੁਹਿੰਮ ਮਲੋਟ ਦੀ ਧਰਤੀ ਤੋਂ ਸ਼ੁਰੂ ਕੀਤੀ ਗਈ ਹੈ, ਉਹ 'ਵਿਮੈਨ ਦਿਵਸ' ਉੱਤੇ ਉਹ ਹੋਰ ਵੱਡੇ ਪੱਧਰ 'ਤੇ ਪੌਦੇ ਲਗਵਾਉਣਗੇ। ਉਨ੍ਹਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਮੁਹਿੰਮ ਦਾ ਹਿੱਸਾ ਬਣਨ। ਇਸ ਮੌਕੇ ਉਨ੍ਹਾਂ ਹਾਜ਼ਰੀਨ ਨੂੰ ਵੀ ਪੌਦੇ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨਾਲ ਟਰੱਕ ਯੂਨੀਅਨ ਦੇ ਪ੍ਰਧਾਨ ਸਾਬਕਾ ਸਰਪੰਚ ਸੁਖਪਾਲ ਸਿੰਘ, ਰਮੇਸ਼ ਅਰਨੀਵਾਲਾ, ਗਗਨਦੀਪ ਸਿੰਘ ਔਲਖ, ਜੌਨੀ ਗਰਗ , ਜਸਦੇਵ ਸਿੰਘ ਸੰਧੂ, ਗੁਰਮੀਤ ਸਿੰਘ ਵਿਰਦੀ, ਜਗਨਨਾਥ ਸ਼ਰਮਾ, ਉਪ ਪ੍ਰਧਾਨ ਲਵ ਬੱਤਰਾ ਹਾਜ਼ਰ ਸਨ।

ਸੈਂਟਰਲ ਪਾਰਕ ਮਾਨਸਾ ਵਿੱਚ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸਾਹੀਆ ਵੱਲੋਂ ਵੱਖ-ਵੱਖ ਕਿਸਮਾਂ ਦੇ ਹਰਬਲ ਬੂਟੇ ਲਗਾ ਕੇ ਪਾਰਕ ਵਿੱਚ ਹਰਬਲ ਜ਼ੋਨ ਬਣਾਇਆ ਗਿਆ। ਵਿਧਾਇਕ ਮਾਨਸ਼ਾਹੀਆ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਹਰਬਲ ਦੇ ਬੂਟਿਆਂ ਦੀ ਜ਼ਿਆਦਾ ਮਹੱਤਤਾ ਹੈ, ਇਸ ਲਈ ਹਰਬਲ ਦੇ ਬੂਟੇ ਲਗਾਉਣੇ ਚਾਹੀਦੇ ਹਨ। ਇਸੇ ਦੌਰਾਨ ਇਨਵਾਇਰਮੈਂਟ ਸੁਸਾਇਟੀ ਦੇ ਕਨਵੀਨਰ ਅਸ਼ੋਕ ਸਪੋਲੀਆ ਨੇ ਕਿਹਾ ਕਿ ਸੈਂਟਰਲ ਪਾਰਕ ਵਿੱਚ 24 ਮਾਰਚ ਨੂੰ, ਜੋ ਫਲਾਵਰ ਸ਼ੋਅ ਕਰਵਾਇਆ ਜਾ ਰਿਹਾ ਹੈ।

# ਗੁਰੂ ਨਾਨਕ ਓਪਨ 'ਵਰਸਿਟੀ ਦੇ ਵੀਸੀ ਦੇ ਕਾਰਜਕਾਲ 'ਚ ਵਾਧਾ

**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਦੀਆਂ ਸਿਫਾਰਸ਼ਾਂ 'ਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਜਗਤ ਗੁਰੂ ਨਾਨਕ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਦੇ ਕਾਰਜਕਾਲ 'ਚ ਹੋਰ ਛੇ ਮਹੀਨਿਆਂ ਦਾ ਵਾਧਾ ਕੀਤਾ ਹੈ। ਯੂਨੀਵਰਸਿਟੀ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਪ੍ਰੋਫੈਸਰ ਕਰਮਜੀਤ ਨੂੰ ਸਤੰਬਰ 2020 'ਚ ਯੂਨੀਵਰਸਿਟੀ ਦੇ ਉਪ ਕੁਲਪਤੀ ਵਜੋਂ ਤਿੰਨ ਸਾਲ ਦੀ ਮਿਆਦ ਲਈ ਨਿਯੁਕਤ ਕੀਤਾ ਸੀ। ਸਤੰਬਰ 2023 'ਚ ਉਨ੍ਹਾਂ ਦੇ ਕਾਰਜਕਾਲ ਵਿੱਚ ਛੇ ਮਹੀਨਿਆਂ ਦਾ ਵਾਧਾ ਕੀਤਾ ਗਿਆ ਸੀ ਅਤੇ ਹੁਣ ਮੁੜ ਕਾਰਜਕਾਲ ਵਧਾ ਦਿੱਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਪ੍ਰੋਫੈਸਰ ਕਰਮਜੀਤ ਸਿੰਘ ਨੇ ਯੂਨੀਵਰਸਿਟੀ ਨੂੰ ਪ੍ਰਗਤੀਸ਼ੀਲ ਮਾਰਗ 'ਤੇ ਤੋਰਿਆ ਹੈ।

## ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 5 ਮਾਰਚ ਨੂੰ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਕਰਨਗੀਆਂ



**ਜਲਾਲਾਬਾਦ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸੂਬੇ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ 5 ਮਾਰਚ ਨੂੰ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਜਾਣਕਾਰੀ ਯੂਨੀਅਨ ਦੀ ਬਲਾਕ ਪ੍ਰਧਾਨ ਛਿੰਦਰ ਕੌਰ ਜਲਾਲਾਬਾਦ ਨੇ ਦਿੱਤੀ। ਉਹਨਾਂ ਕਿਹਾ ਕਿ ਸਬੰਧਿਤ ਮਹਿਕਮੇ ਵੱਲੋਂ ਵਾਰ ਵਾਰ ਜਥੇਬੰਦੀ ਦੀਆਂ ਆਗੂਆਂ ਨਾਲ ਮੀਟਿੰਗਾਂ ਕਰਕੇ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ । ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਗੁੱਸੇ ਦੀ ਲਹਿਰ ਹੈ ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਫੈਸਲਾ ਹੈ ਕਿ ਤਿੰਨ ਸਾਲ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕੀਤਾ ਜਾਵੇਗਾ ਅਤੇ ਇਹ ਬੱਚੇ ਸਕੂਲਾਂ ਵਿੱਚ ਦਾਖਲ ਕੀਤੇ ਜਾ ਰਹੇ ਹਨ। ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ । ਕਿਉਂਕਿ ਪੰਜਾਬ ਸਰਕਾਰ ਆਂਗਣਵਾੜੀ ਸੈਂਟਰਾਂ ਦੇ ਬੱਚੇ ਖੋਹ ਰਹੀ ਹੈ । ਉਹਨਾਂ ਮੰਗ ਕੀਤੀ ਕਿ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਅਤੇ ਹੈਲਪਰਾਂ ਨੂੰ ਬਣਦਾ ਗਰੇਡ ਦਿੱਤਾ ਜਾਵੇ । ਉਹਨਾਂ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਨਾਲ ਧੋਖਾ ਕਰ ਰਹੀ ਹੈ ਤੇ ਉਹਨਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਨਹੀਂ ਦਿੱਤਾ ਜਾ ਰਿਹਾ । ਕੇਂਦਰ ਸਰਕਾਰ ਨੇ 18 ਹਜ਼ਾਰ ਪ੍ਰੀ ਨਰਸਰੀ ਟੀਚਰ ਦੀਆਂ ਪੋਸਟਾਂ ਤੇ ਆਂਗਣਵਾੜੀ ਵਰਕਰਾਂ ਤੇ ਲਗਾਉਣ ਲਈ ਕਿਹਾ ਹੈ । ਜਿੰਨਾਂ ਵਿਚੋਂ 8393 ਪੋਸਟਾਂ ਪਹਿਲਾਂ ਆ ਚੁੱਕੀਆਂ ਹਨ । ਪਰ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਫੈਸਲੇ ਨੂੰ ਨਹੀਂ ਮੰਨ ਰਹੀ ਤੇ ਆਪਣੀਆਂ ਮਨਮਰਜ਼ੀਆਂ ਕਰ ਰਹੀ ਹੈ । ਉਹਨਾਂ ਕਿਹਾ ਕਿ ਕਿਹਾ ਤਾਂ ਇਹ ਗਿਆ ਹੈ ਕਿ ਆਂਗਣਵਾੜੀ ਵਰਕਰਾਂ ਨੂੰ ਐਨ ਟੀ ਟੀ ਦਾ ਕੋਰਸ ਕਰਵਾ ਕੇ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਪਰ ਪੰਜਾਬ ਸਰਕਾਰ ਉਲਟਾ ਆਂਗਣਵਾੜੀ ਸੈਂਟਰਾਂ ਦੇ ਬੱਚੇ ਵੀ ਖੋਹ ਰਹੀ ਹੈ ਤੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰ ਰਹੀ ਹੈ । ਜਦੋਂ ਕਿ ਦੂਜੇ ਰਾਜਾਂ ਵਿੱਚ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦੀ ਟ੍ਰੇਨਿੰਗ।

## ਪਹਿਲਾਂ ਨਾਲੋਂ ਚੰਗੀ ਸੁਵਿਧਾ ਦੇਵੇਗੀ ਪੀ ਆਰ ਟੀ ਸੀ : ਰਣਯੋਧ ਹਡਾਣਾ

# ਚੇਅਰਮੈਨ ਹਡਾਣਾ ਦੇ ਯਤਨਾ ਸਦਕਾ ਮੈਨੇਜਮੈਂਟ ਅਤੇ ਵਰਕਰਾਂ ਦਾ ਆਪਸੀ ਰੇੜਕਾ ਖਤਮ



**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ ਆਰ ਟੀ ਸੀ ਚੇਅਰਮੈਨ ਆਪ ਦੇ ਸੂਬਾ ਸਕੱਤਰ ਦੀ ਕੋਸ਼ਿਸ਼ ਸਦਕਾ ਕਾਫੀ ਸਮੇਂ ਤੋਂ ਚੱਲ ਰਿਹਾ ਮੈਨੇਜਮੈਂਟ ਅਤੇ ਪੀ ਆਰ ਟੀ ਸੀ ਵਰਕਰਾਂ ਦਾ ਆਪਸੀ ਰੇੜਕਾ ਬੀਤੇ ਦਿਨੀਂ ਖਤਮ ਹੋਇਆ। ਉਨਾ ਪੱਤਰਕਾਰਾਂ ਨੂੰ ਹੋਈ ਗੈਰ ਰਸਮੀ ਗੱਲਬਾਤ ਦੌਰਾਨ ਦੱਸਿਆ ਕਿ ਮਹਿਕਮੇ ਦੇ ਵਰਕਰ ਆਪਣੀਆਂ ਮੰਗਾਂ ਲਈ ਕਾਫੀ ਸਮੇਂ ਤੋਂ ਮੈਨੇਜਮੈਂਟ ਨਾਲ ਰਾਬਤਾ ਕਾਇਮ ਕਰ ਰਹੀ ਸੀ। ਜਿਸ ਵਿੱਚ ਉਨਾਂ ਦੀਆ ਕਈ ਮੰਗਾਂ ਸਹੀ ਗੱਲਬਾਤ ਨਾ ਹੋਣ ਕਾਰਨ ਅੱਧ ਵਿਚਕਾਰ ਲਟਕ ਰਹੀਆਂ ਸਨ। ਜਿਸ ਕਾਰਨ ਵਰਕਰਾਂ ਨੇ ਕਈ ਮੁੱਦੇ ਜਿਵੇਂ ਬੱਸ ਵਿੱਚ ਸਿਰਫ 52 ਸਵਾਰੀਆਂ, ਬਦਲੀਆਂ ਦੀ ਸਹੀ ਨੀਤੀ ਆਦਿ ਜਿਸ ਨਾਲ ਸਵਾਰੀਆਂ ਲਈ ਪਰੇਸ਼ਾਨੀ ਦਾ ਸਬੱਬ ਬਣ ਰਿਹਾ ਸੀ। ਸਿੱਟੇ ਵਜੋਂ ਪੀ ਆਰ ਟੀ ਸੀ ਦੇ ਹੈੱਡ ਆਫਿਸ ਵਿੱਚ ਲੋਕਾਂ ਵੱਲੋਂ ਸ਼ਿਕਾਇਤਾਂ ਦੇ ਢੇਰ ਲੱਗਦੇ ਜਾ ਰਹੇ ਸਨ।

ਹੋਰ ਬੋਲਦਿਆ ਉਨਾਂ ਕਿਹਾ ਕਿ ਇਸ ਸੰਬੰਧ ਵਿੱਚ ਉਨਾਂ ਸਾਰੇ ਮੁੱਦਿਆਂ ਤੇ ਤਫਤੀਸ਼ ਕਰਵਾ ਕੇ ਮੈਨੇਜਮੈਂਟ ਤੇ ਵਰਕਰਾਂ ਦੀ ਮੀਟਿੰਗ ਰੱਖੀ। ਜਿਸ ਵਿੱਚ ਅਹਿਮ ਉਪਰੋਕਤ ਤੋਂ ਇਲਾਵਾ ਕਈ ਹੋਰਨਾਂ ਅਹਿਮ ਮੁੱਦਿਆਂ ਤੇ ਵੀ ਗੱਲਬਾਤ ਹੋਈ। ਜਿਸ ਵਿੱਚ ਜਿਆਦਾਤਰ ਮੁੱਦਿਆ ਤੇ ਸਹਿਮਤੀ ਬਣੀ। ਉਨਾਂ ਕਿਹਾ ਕਿ ਇਸ ਮੌਕੇ ਉਨਾਂ ਵੱਲੋਂ ਅਫਸਰਾਂ ਨਾਲ ਗੱਲਬਾਤ ਕਰਕੇ ਵਰਕਰਾਂ ਦੇ ਚੰਗੇ ਭਵਿੱਖ ਲਈ ਵੀ ਕਈ ਅਹਿਮ ਫੈਸਲੇਂ ਲਏ ਗਏ। ਇਸ ਮੀਟਿੰਗ ਦਾ ਵੱਡਾ ਫਾਇਦਾ ਜਿੱਥੇ ਵਰਕਰਾਂ ਅਤੇ ਮਹਿਕਮੇ ਨੂੰ ਹੋਵੇਗਾ ਉੱਥੇ ਹੀ ਆਮ ਜਨਤਾਂ ਨੂੰ ਵੀ ਆ ਰਹੀਆਂ ਮੁਸ਼ਕਲਾਂ ਦਾ ਵੱਡਾ ਹੱਲ ਹੋਵੇਗਾ।

ਉਨਾਂ ਕਿਹਾ ਕਿ ਪੀ ਆਰ ਟੀ ਸੀ ਵੱਲੋਂ ਲੋਕ ਸਹੂਲਤਾਂ ਲਈ ਕਈ ਬੰਦ ਪਏ ਰੂਟਾਂ ਨੂੰ ਵੀ ਜਲਦ ਚਲਾਇਆ ਜਾਵੇਗਾ। ਇਸ ਤੋਂ ਇਲਾਵਾ ਹੋਰ ਨਵੀਆਂ ਬੱਸਾਂ ਵੀ ਮਹਿਕਮੇ ਵਿੱਚ ਸ਼ਾਮਲ ਹੋਣ ਕਰਕੇ ਲੋਕ ਸੇਵਾ ਲਈ ਅਰਪਣ ਕੀਤੀਆਂ ਜਾਣਗੀਆਂ।

ਇਸ ਮੌਕੇ ਪੀ ਆਰ ਟੀ ਸੀ ਆਫਿਸਰ ਸਾਹਿਬਾਨ ਤੋਂ ਇਲਾਵਾ ਮਹਿਕਮੇ ਦੀਆਂ ਸਮੂਹ ਜੱਥੇਬੰਦੀਆਂ ਮੌਜੂਦ ਰਹੀਆਂ।

# ਪ੍ਰੋ. ਬਡੂੰਗਰ ਦੇ ਪੋਤਰੇ ਤੇ ਪੋਤਨੂੰਹ ਦੋਵਾਂ ਨੇ ਇਕੱਠਿਆਂ ਲਈ ਡਾਕਟਰ ਆਫ ਫਿਲਾਸਫ਼ੀ ਦੀ ਡਿਗਰੀ

**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਿੱਖ ਕੌਮ ਦੇ ਮਹਾਨ ਵਿਦਵਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਜਿੱਥੇ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਉੱਚ ਦਰਜੇ ਦੀ ਸਿੱਖਿਆ ਮੁਹਈਆ ਕਰਵਾਕੇ ਵੱਖ ਵੱਖ ਵਿਭਾਗਾਂ ਵਿੱਚ ਅੱਵਲ ਦਰਜੇ ਦੇ ਸਰਕਾਰੀ ਅਧਿਕਾਰੀ ਬਣਾਇਆ , ਉੱਥੇ ਹੀ ਹੁਣ ਸਿੱਖਿਆ ਦੇ ਖੇਤਰ ਵਿੱਚ ਨਾਮਣਾ ਖੱਟਦੇ ਹੋਏ ਉਨਾਂ ਦੇ ਪੋਤਰੇ ਤੇ ਸ਼ਮਸ਼ੇਰ ਸਿੰਘ ਤੇ ਪੁੱਤਰ ਡਾ. ਮਨੀ ਇੰਦਰਪਾਲ ਸਿੰਘ ਬਡੂੰਗਰ ਨੇ ਸਮਾਜ ਵਿਗਿਆਨ ਫੈਕਲਟੀ ਵਿੱਚ ਟੈਲੀਵਿਜ਼ਨ ਅਤੇ ਪੇਂਡੂ ਸਮਾਜ ਵਿਸ਼ਵ 'ਤੇ ਪੀਐੱਚ.ਡੀ, ਜਦਕਿ ਡਾ. ਜਸਮੀਨ ਕੌਰ ਬਡੂੰਗਰ ਨੇ ਬਿਜ਼ਨਸ ਸਟੱਡੀਜ਼ ਫੈਕਲਟੀ ਵਿੱਚ ਪੰਜਾਬ ਵਿੱਚ ਸਰਕਾਰ ਦੁਆਰਾ ਈ-ਗਵਰਨੈਂਸ ਪਹਿਲਕਦਮੀਆਂ ਵਿਸ਼ੇ 'ਤੇ ਪੀਐੱਚ.ਡੀ. ਕੀਤੀ। ਜਿਗਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਤੇਗ ਬਹਾਦਰ ਹਾਲ ਵਿਖੇ ਹੋਈ 40ਵੀ ਕਾਨਵੋਕੇਸ਼ਨ ਵਿੱਚ ਚਾਂਸਲਰ ਅਤੇ ਗਵਰਨਰ ਪੰਜਾਬ ਸ੍ਰੀ ਬਨਵਾਰੀ ਲਾਲ ਪੁਰੋਹਿਤ ਅਤੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਪੀਐੱਚ.ਡੀ ਦੀ ਡਿਗਰੀ ਪ੍ਰਦਾਨ ਕੀਤੀ ਗਈ। ਇਨ੍ਹਾਂ ਪਤੀ ਪਤਨੀ ਜੋੜੇ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀਐਚਡੀ ਦੀ ਦੀਆਂ ਡਿਗਰੀਆਂ ਪ੍ਰਾਪਤ ਕੀਤੇ ਜਾਣ ਨਾਲ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਨਾਮ ਹੋਰ ਉੱਚਾ ਹੋਇਆ ਹੈ । ਇਸ ਮੌਕੇ ਤੇ ਡਾ ਮਨੀ ਇੰਦਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਉਨਾਂ ਨੇ ਆਪਣੀ ਖੋਜ ਡਾ. ਦੀਪਕ ਕੁਮਾਰ , ਮੁਖੀ ਸਮਾਜ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਕੀਤੀ ਤੇ ਆਪਣੀ ਖੋਜ ਰਾਹੀਂ ਪੰਜਾਬ ਰਾਜ ਦੇ ਪੇਂਡੂ ਲੋਕਾਂ ਦੇ ਆਪਸੀ ਸਬੰਧਾਂ ਅਤੇ ਰੋਜ਼ਾਨਾ ਜੀਵਨ 'ਤੇ ਟੈਲੀਵਿਜ਼ਨ ਦੇ ਪਏ ਡੂੰਘੇ ਪ੍ਰਭਾਵਾਂ ਨੂੰ ਉਜਾਗਰ ਕੀਤਾ। ਉਹਨਾਂ ਦੱਸਿਆ ਕਿ ਆਮ ਲੋਕਾਂ ਦੀ ਕਿਸੇ ਪ੍ਰਤੀ ਰਾਏ ਬਣਾਉਣ ਵਿਚ ਟੈਲੀਵਿਜ਼ਨ ਦੇ ਕੰਟੈਂਟ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ।


ਇਸੇ ਦੌਰਾਨ ਡਾ. ਜਸਮੀਨ ਕੌਰ ਨੇ ਆਪਣੀ ਖੋਜ ਪ੍ਰੋ. ਜੇ.ਐੱਸ. ਪਸਰੀਚਾ, ਪ੍ਰੋਫੈਸਰ ਕਾਮਰਸ ਵਿਭਾਗ ਪੰਜਾਬੀ ਯੂਨਵਰਸਿਟੀ ਪਟਿਆਲਾ ਅਧੀਨ ਕੀਤੀ। ਡਾ. ਜਸਮੀਨ ਕੌਰ ਨੇ ਸਰਕਾਰ ਦੁਆਰਾ ਪੰਜਾਬ ਵਿੱਚ ਈ-ਗਵਰਨੈਂਸ ਸੋਸਾਇਟੀ ਅਧੀਨ ਸ਼ੁਰੂ ਕੀਤੇ ਸੇਵਾ ਕੇਂਦਰਾਂ ਦੇ ਹਾਲ ਨੂੰ ਬਿਆਨ ਕੀਤਾ। ਉਹਨਾਂ ਦੱਸਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸੇਵਾ ਕੇਂਦਰ, ਸਰਕਾਰ ਦੁਆਰਾ ਲੋਕ ਸੇਵਾ ਦੇ ਹਿਤ ਲਈ ਸ਼ੁਰੂ ਕੀਤੇ ਗਏ ਪ੍ਰੰਤੂ ਹਾਲ ਦੀ ਘੜੀ ਇਹ ਕਈ ਖਾਮੀਆਂ ਨਾਲ ਜੂਝ ਰਹੇ ਹਨ। ਇਸ ਖੋਜ ਰਾਹੀਂ ਡਾ ਜਸਮੀਨ ਵੱਲੋਂ ਇਹਨਾਂ ਸੇਵਾ ਕੇਂਦਰਾਂ ਦਾ ਵਣਜ ਦੇ ਪੱਖ ਤੋਂ ਮੁਲਾਂਕਣ ਕੀਤਾ ਗਿਆ।

# ਧਰਮ ਤੇ ਵਿਰਸਾ

## ਕਰਮਸ਼ੀਲ ਅਧਿਆਤਮਵਾਦੀ ਬਾਬਾ ਬੰਦਾ ਸਿੰਘ ਬਹਾਦਰ



ਜੋ ਸਿਆਸਤ ਵੀ ਉਸਾਰਨੀ ਹੈ ਤਾਂ ਇਹ ਉਸਾਰਨੀ ਚਾਹੀਦੀ ਹੈ ਕਿ ਬਾਬਾ ਜੀ ਨੇ ਭਾਰਤ ਨੂੰ ਸਦੀਆਂ ਦੀ ਗੁਲਾਮੀ ਵਿੱਚੋਂ ਨਿਕਲ ਦੀਆਂ ਸਿਆਸੀ-ਸੰਭਾਵਨਾਵਾਂ ਨੂੰ ਸਾਹਮਣੇ ਲਿਆਂਦਾ ਸੀ। ਉਨ੍ਹਾਂ ਨੇ ਵਿਰਾਸਤੀ ਜੜ੍ਹਾਂ ਨਾਲੋਂ ਟੁੱਟੇ ਹੋਏ ਆਮ ਆਦਮੀ ਨੂੰ ਉਸ ਦੀ ਵਿਰਾਸਤੀ ਸ਼ਕਤੀ ਪ੍ਰਤੀ ਜਾਗ੍ਰਿਤ ਕੀਤਾ ਸੀ ਤੇ ਸਿਆਸੀ ਭੀੜਾਂ ਨੂੰ ਵਚਨਬੱਧ-ਸੂਰਮਿਆਂ ਵਾਂਗ ਪਹਾੜ ਸਕਣ ਦੇ ਅਹਿਸਾਸ ਨੂੰ ਪ੍ਰਚੰਡ ਕੀਤਾ ਸੀ। ਇਹ ਗੱਲਾਂ ਭਾਸ਼ਣਾਂ ਦੀ ਸਿਆਸਤ ਨਾਲ ਕਿਸੇ ਪਾਸੇ ਨਹੀਂ ਤੁਰ ਸਕਦੀਆਂ। ਇਨ੍ਹਾਂ ਦੀ ਅਕਾਦਮਿਕਤਾ ਨੂੰ ਸਾਹਮਣੇ ਲਿਆਉਣਾ ਪੈਣਾ ਹੈ ਪਰ ਇਸ ਪਾਸੇ ਤੁਰਨ ਦਾ ਰਾਹ ਸਮਾਰੋਹਾਂ ਦੀ ਸਿਆਸਤ ਨਾਲ ਗੁਆਚਦਾ ਨਜ਼ਰ ਆ ਰਿਹਾ ਹੈ।




ਡਾ. ਬਲਕਾਰ ਸਿੰਘ

ਬਾਬਾ ਬੰਦਾ ਸਿੰਘ ਨੂੰ ਸਿੱਖਾਂ ਤੇ ਪੰਜਾਬ ਤਕ ਸੀਮਿਤ ਕਰ ਕੇ ਵੇਖੇ ਜਾਣ ਨਾਲ ਗੁਲਾਮ ਭਾਰਤ ਦੇ ਮੁਕਤੀ-ਦਾਤਾ ਵਜੋਂ ਨਿਭਾਈ ਉਨ੍ਹਾਂ ਦੀ ਪਥ-ਪ੍ਰਦਰਸ਼ਕ ਭੂਮਿਕਾ ਸਾਹਮਣੇ ਨਹੀਂ ਆ ਸਕਦੀ। ਬਾਬਾ ਬੰਦਾ ਬਹਾਦਰ ਦੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਨੰਦੇੜ ਵਿੱਚ ਮੁਲਾਕਾਤ 1708 ਵਿੱਚ ਹੋਈ। ਉਸ ਵੇਲੇ ਉਹ 38 ਸਾਲਾਂ ਦਾ ਸੀ। ਪੰਜਾਬ ਵਿੱਚ ਨਿਭਾਈ ਗਈ ਭੂਮਿਕਾ ਸਿਰਫ ਸੱਤ ਸਾਲਾਂ ਵਾਸਤੇ ਸੀ। ਇਹ ਸਾਰਾ ਸਮਾਂ ਸੰਘਰਸ਼ ਵਿੱਚ ਬੀਤਿਆ ਸੀ ਤੇ ਇਸ ਨੂੰ ਪ੍ਰਬੰਧਕੀ-ਢਾਂਚਾ ਸਥਾਪਿਤ ਕਰਨ ਵਾਸਤੇ ਬਹੁਤ ਨਿਗੂਣਾ ਕਿਹਾ ਜਾ ਸਕਦਾ ਹੈ। ਉਨ੍ਹਾਂ ਦੇ ਸਿਆਸੀ ਬਿੰਬ ਨੂੰ ਉਸਾਰਨ ਦੀ ਥਾਂ ਉਨ੍ਹਾਂ ਦਾ ਪੰਥਕ-ਬਿੰਬ ਉਸਾਰਨ ਦੀ ਲੋੜ ਹੈ। ਇਤਿਹਾਸ ਵਿੱਚ ਵੀ ਅਜਿਹੇ ਹਵਾਲੇ ਮਿਲ ਜਾਂਦੇ ਹਨ, ਜਿਨ੍ਹਾਂ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਸਿਆਸੀ ਪ੍ਰਾਪਤੀਆਂ ਜੇ ਵਿਰਾਸਤੀ-ਚੇਤਨਾ ਨਾਲੋਂ ਟੁੱਟ ਜਾਣ ਤਾਂ ਕੌਮਾਂ ਖਤਰੇ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸ ਦੇ ਸਮਰਥਨ ਵਿੱਚ ਆਰਟਿਸਟ ਹਰਦੇਵ ਸਿੰਘ ਦੀ ਪੋਲਿਸ਼ ਪਤਨੀ ਮਾਰੀਆ ਦੇ ਸ਼ਬਦ (ਡਾ. ਹਰਪਾਲ ਸਿੰਘ ਪੰਨੂ ਦੇ ਲੇਖ ਵਿੱਚੋਂ) ਹਨ, "ਕੱਜ਼ਾਕ ਪੜ੍ਹਦੇ ਨਹੀਂ। ਇਨ੍ਹਾਂ ਦਾ ਸ਼ਾਨਦਾਰ ਇਤਿਹਾਸ ਸਿੱਖਾਂ ਵਰਗਾ ਹੈ। ਅਨਪੜ੍ਹ ਹੋਣ ਕਰਕੇ ਕੱਜ਼ਾਕ ਹੁਣ ਖ਼ਤਮ ਹੋ ਰਹੇ ਹਨ, ਇਨ੍ਹਾਂ ਨੂੰ ਮਰਦਿਆਂ ਦੇਖ ਕੇ ਸਿੱਖਾਂ ਨੂੰ ਬਚਣ ਦਾ ਜਤਨ ਕਰਨਾ ਚਾਹੀਦਾ ਹੈ। ਇਹ ਹਵਾਲਾ ਇਹ ਦੱਸਣ ਲਈ ਦਿੱਤਾ ਹੈ ਕਿ ਰੂਸ ਵਿੱਚ ਬਹਾਦਰਾਂ ਨੂੰ ਹੀ ਰੂਸੀ ਕੱਜ਼ਾਕ ਕਹਿੰਦੇ ਹਨ। ਇਨ੍ਹਾਂ ਦਾ 15ਵੀਂ ਤੋਂ 18ਵੀਂ ਸਦੀ ਤਕ ਰੂਸ, ਪੋਲੈਂਡ ਤੇ ਯੂਕਰੇਨ 'ਤੇ ਰਾਜ ਰਿਹਾ ਸੀ ਪਰ ਅੱਜ ਉਨ੍ਹਾਂ ਦਾ ਹਵਾਲਾ ਹੀ ਮਿਲਦਾ ਹੈ ਤੇ ਉਹ ਆਰਕਾਈਵੇਲ-ਮਟੀਰੀਅਲ ਹੋ ਗਏ ਹਨ। ਕਿਤੇ ਸਿੱਖ ਵੀ ਇਸ ਪਾਸੇ ਤਾਂ ਨਹੀਂ ਵਧ ਰਹੇ? ਇਸ ਨਾਲੋਂ ਉਲਟ ਉਦਾਹਰਨ ਇਹ ਲਈ ਜਾ ਸਕਦੀ ਹੈ ਕਿ ਜਿਊਜ਼ ਦਾ ਕਿਧਰੇ ਵੀ ਰਾਜ ਨਹੀਂ ਸੀ ਪਰ ਉਹ ਦੁਨੀਆਂ ਭਰ ਨੂੰ ਪ੍ਰਭਾਵਿਤ ਕਰਨ ਵਾਲੀ ਭੂਮਿਕਾ, ਅਤਿ ਦੇ ਮਾੜੇ ਹਾਲਤਾਂ ਵਿੱਚ ਵੀ ਨਿਭਾਉਂਦੇ ਰਹੇ ਹਨ ਤੇ ਆਪਣੀਆਂ ਵਿਰਾਸਤੀ ਪ੍ਰਾਪਤੀਆਂ ਸਦਕਾ ਸਤਿਕਾਰੇ ਜਾਂਦੇ ਹਨ। ਹੁਣ ਜਦੋਂ ਸਿੱਖ ਆਲਮੀ ਭਾਈਚਾਰਾ ਹੋ ਗਏ ਹਨ ਤਾਂ ਸਾਨੂੰ ਆਪਣੀ ਇਤਿਹਾਸ-ਕੇਂਦਰਤ ਬੁਤ-ਪੂਜਕ ਸਿਆਸਤ ਤੋਂ ਮੁਕਤ ਹੋ ਕੇ, ਜੋ ਕੁਝ ਵਾਪਰ ਗਿਆ ਤੇ ਵਾਪਰ ਰਿਹਾ ਹੈ, ਉਸ ਨੂੰ ਨਾਲ ਲੈ ਕੇ ਤੁਰਨ ਬਾਰੇ ਸੋਚਣਾ ਚਾਹੀਦਾ ਹੈ। ਬਾਬਾ ਬੰਦਾ ਬਹਾਦਰ ਦੀ ਸ਼ਤਾਬਦੀ ਨੂੰ ਇਸ ਵਾਸਤੇ ਅਵਸਰ ਵਜੋਂ ਵਰਤਣਾ ਚਾਹੀਦਾ ਹੈ। ਇਹ ਸੱਚ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਦਸਮ ਪਾਤਸ਼ਾਹ ਨੇ 'ਸੰਤ ਮਾਨੋ ਦੂਤਾਂ ਡਾਨੋ' ਦੀ ਭਾਵਨਾ ਵਿੱਚ ਧਰਮ-ਜੁਲਮਨ ਦੀ ਪ੍ਰਚੰਡਤਾ ਵਾਸਤੇ ਤੋਰਿਆ ਸੀ। ਪੰਥ ਦੇ ਨੁਮਾਇੰਦੇ ਪੰਜ-ਪਿਆਰਿਆਂ ਨੂੰ ਨਾਲ ਲੈ ਕੇ, ਲੋੜੀਂਦਾ ਸੰਘਰਸ਼ ਕਰਨ ਦਾ ਹੁਕਮ ਵੀ ਦਿੱਤਾ ਸੀ। ਪਾਤਸ਼ਾਹੀ ਜੇ ਮਿਲਣੀ ਸੀ ਤਾਂ ਗਰੀਬ ਸਿੱਖਾਂ ਨੂੰ ਮਿਲਣੀ ਸੀ। ਸਿੱਖਾਂ ਦੇ ਪਾਤਸ਼ਾਹ ਗੁਰੂ ਸਾਹਿਬਾਨ ਆਪ ਸਨ ਤੇ ਇਸ ਦਾ ਬਦਲ ਕੋਈ ਸਿੱਖ ਵਿਅਕਤੀਗਤ ਰੂਪ ਵਿੱਚ ਕਿਵੇਂ ਹੋ ਸਕਦਾ ਸੀ? ਫਿਰ ਬਾਬਾ ਬੰਦਾ ਬਹਾਦਰ ਨੂੰ ਪਹਿਲਾ ਬਾਦਸ਼ਾਹ ਕਿਵੇਂ ਸਾਬਤ ਕਰਾਂਗੇ? ਇਹ ਅਜਿਹਾ ਤਾਂ ਈਸਾਈਅਤ ਦੇ ਰੰਗ ਵਾਲੀ ਬਾਦਸ਼ਾਹਤ ਵਰਗਾ ਹੋ ਜਾਵੇਗਾ ਤੇ ਪੰਥਕ ਰੂਪ ਵਿੱਚ ਇਸ ਦੀ ਸਥਾਪਤੀ ਕਰਨੀ ਮੁਸ਼ਕਿਲ ਹੋ ਜਾਵੇਗੀ। ਅਜਿਹੀਆਂ ਅੜਚਣਾਂ ਦੀ ਸਿਆਸਤ ਨੇ ਬਾਬਾ ਜੀ ਦੀ ਪੰਥਕ ਛਵਿ ਨੂੰ ਉਨ੍ਹਾਂ ਦੇ ਜਿਉਂਦੇ ਜੀਅ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਸੀ। ਹੁਣ ਜਦੋਂ ਸਾਰੇ ਤੱਥ ਸਾਹਮਣੇ ਆ ਗਏ ਹਨ ਤਾਂ ਉਨ੍ਹਾਂ ਨੂੰ ਸਿਆਸੀ ਰੋਲ ਮਾਡਲ ਵਜੋਂ ਪੇਸ਼ ਕਰਨਾ ਹੈ ਜਾਂ ਪੰਥਕ ਰੋਲ ਮਾਡਲ ਵਜੋਂ, ਇਸ ਬਾਰੇ ਸੋਚਣ ਦੀ ਲੋੜ ਹੈ। ਬੰਦਾ ਬਹਾਦਰ ਜਦੋਂ ਦਸਮ ਪਾਤਸ਼ਾਹ ਦੇ ਸਨਮੁੱਖ ਹੋਏ ਸਨ ਤਾਂ ਕਰਾਮਾਤੀ ਅਧਿਆਤਮਵਾਦੀ ਸਨ, ਜਦੋਂ ਪੰਜਾਬ ਵੱਲ ਰਵਾਨਾ ਹੋਏ ਸਨ ਤਾਂ ਕਰਮਸ਼ੀਲ ਅਧਿਆਤਮਵਾਦੀ ਸਨ। ਇਹ ਸਫ਼ਰ ਉਨ੍ਹਾਂ ਨੇ ਇਲਾਹੀ-ਨਦਰ ਦੇ ਸਫ਼ਰ ਵਾਂਗ ਤੈਅ ਕੀਤਾ ਸੀ। ਅਜਿਹੇ ਮਾਨਸਿਕ ਪਰਿਵਰਤਨ ਦੇ ਇਤਿਹਾਸਕ ਵਰਤਾਰੇ ਦਾ ਬਾਬਾ ਬੰਦਾ ਸਿੰਘ, ਸਦ-ਜਾਗਤ ਰੋਲ-ਮਾਡਲ ਹਨ। ਇਸ ਨੂੰ ਸਿਆਸੀ ਚਿੰਤਕ ਵੱਲ ਲੈ ਕੇ ਜਾਣ ਦੀ ਨਹੀਂ, ਸਗੋਂ ਇਸ ਤੋਂ ਬਚਾਉਣ ਦੀ ਲੋੜ ਹੈ। ਸਿਆਸਤ ਤਾਂ ਸੱਤਾ ਪ੍ਰਾਪਤੀ ਲਈ ਅਨੈਤਿਕਤਾ ਨੂੰ ਹਥਿਆਰ ਵਜੋਂ ਵਰਤਣ ਦੀ ਆਗਿਆ ਦਿੰਦੀ ਹੈ। ਬਾਬਾ ਜੀ ਨਾਲ ਕੈਦ ਕੀਤੇ ਗਏ ਉਨ੍ਹਾਂ ਦੇ ਸਾਥੀਆਂ ਵਿੱਚੋਂ ਕਿਸੇ ਇੱਕ ਨੇ ਵੀ ਮੁਆਫ਼ੀ ਨਹੀਂ ਮੰਗੀ ਸੀ ਜਾਂ ਉਨ੍ਹਾਂ ਦਾ ਸਾਥ ਨਹੀਂ ਛੱਡਿਆ ਸੀ। ਅਜਿਹਾ ਰਾਜਨੀਤੀ ਵਿੱਚ ਨਹੀਂ ਸਿਰਫ਼ ਧਰਮ ਵਿੱਚ ਹੀ ਵਾਪਰ ਸਕਦਾ ਸੀ ਤੇ ਵਾਪਰ ਸਕਦਾ ਹੈ। ਇਸ ਬਹੁਰੰਗ ਵਿਰਾਸਤ ਨਾਲੋਂ ਬਾਬਾ ਜੀ ਦੇ ਬਿੰਬ ਨੂੰ ਨਿਖੇੜਨ ਦੀ ਕੋਸ਼ਿਸ਼ ਨਹੀਂ ਕੀਤੀ ਜਾਣੀ ਚਾਹੀਦੀ।

**ਬਾਬਾ ਬੰਦਾ ਸਿੰਘ ਨੂੰ ਸਿੱਖਾਂ ਤੇ ਪੰਜਾਬ ਤਕ ਸੀਮਿਤ ਕਰ ਕੇ ਵੇਖੇ ਜਾਣ ਨਾਲ ਗੁਲਾਮ ਭਾਰਤ ਦੇ ਮੁਕਤੀ-ਦਾਤਾ ਵਜੋਂ ਨਿਭਾਈ ਉਨ੍ਹਾਂ ਦੀ ਪਥ-ਪ੍ਰਦਰਸ਼ਕ ਭੂਮਿਕਾ ਸਾਹਮਣੇ ਨਹੀਂ ਆ ਸਕੇਗੀ। ਬਾਬਾ ਬੰਦਾ ਬਹਾਦਰ ਦੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਨੰਦੇੜ ਵਿੱਚ ਮੁਲਾਕਾਤ 1708 ਵਿੱਚ ਹੋਈ।**

× ਪ੍ਰੋਫੈਸਰ ਆਫ ਐਮੀਨੈਂਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਸੰਪਰਕ: 93163-013288



# ਗੁਰੂ ਘਰ ਦੇ ਅਨਿਨ ਸੇਵਕ : ਬਾਬਾ ਬੁੱਢਾ ਜੀ

ਰੂਪ ਸਿੰਘ

**ਮਾਤਾ ਗੰਗਾ ਜੀ ਦੀ ਖਾਹਸ਼ ਨੂੰ ਪੂਰਾ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਕਹਿ, ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਸਤਿਕਾਰ ਬਖਸ਼ਿਆ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖਾਹਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਤਿਲਕ ਦਿੱਤਾ ਤੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇਛਾਵਾਂ ਅਨੁਸਾਰ ਹਰ ਤਰ੍ਹਾਂ ਤਿਆਰੀ ਸ਼ੁਰੂ ਕਰ ਦਿੱਤੀ।**

ਉਠੰਦਿਆਂ, ਬੈਠੰਦਿਆਂ ਸਵੰਦਿਆਂ ਨਾਮ ਸਿਮਰਨ ਵਿਚ ਲੀਨ, ਗੁਰਸਿੱਖ ਜੀਅੜੇ ਬਾਬਾ ਬੁੱਢਾ ਜੀ ਦਾ ਜਨਮ 21 ਅਕਤੂਬਰ, 1506 ਈ: ਨੂੰ ਮਾਤਾ ਗੌਰਾਂ ਜੀ ਦੀ ਕੁਖੋਂ, ਭਾਈ ਸੁੱਖੇ ਰੰਧਾਵੇ ਦੇ ਘਰ ਪਿੰਡ ਕੱਥੂ ਨੰਗਲ ਵਿਚ ਹੋਇਆ। ਆਪ ਜੀ ਦਾ ਪਹਿਲਾਂ ਨਾਂ 'ਬੂੜਾ' ਸੀ। ਤੇਜ ਬੁਧੀ, ਗੰਭੀਰ ਸੁਭਾਅ ਦੇ ਮਾਲਕ ਬਾਬਾ ਜੀ ਬਚਪਨ ਕੱਥੂ ਨੰਗਲ ਵਿਚ ਬਿਤਾ, ਆਪਣੇ ਮਾਤਾ ਪਿਤਾ ਨਾਲ ਰਮਦਾਸ ਆ ਗਏ। ਇਥੇ ਬਾਬਾ ਜੀ ਦਾ ਮਿਲਾਪ 1518 ਈ: ਵਿਚ ਜਗਤ-ਗੁਰੂ, ਗੁਰੂ ਨਾਨਕ ਸਾਹਿਬ ਨਾਲ ਹੋਇਆ। ਗੁਰੂ ਚਰਨਾਂ ਦੀ ਛੋਹ ਸਦਕਾ ਬਾਬਾ ਬੁੱਢਾ ਜੀ ਖੁਸ਼ੀਆਂ-ਖੇੜਿਆਂ ਵਿਚ ਜੀਵਨ ਬਿਤਾਉਣ ਲੱਗੇ। ਗੁਰੂ ਨਾਨਕ ਸਾਹਿਬ ਦੀ ਸੰਗਤ ਤੋਂ ਪਿਛੋਂ ਆਪ ਜੀ ਦਾ ਨਾਂ ਬਾਬਾ ਬੁੱਢਾ ਪ੍ਰਚਲਤ ਹੋ ਗਿਆ। ਉਸ ਸਮੇਂ ਬਾਬਾ ਜੀ ਦੀ ਉਮਰ 12 ਸਾਲ ਦੇ ਲਗਪਗ ਸੀ।

ਕੁਝ ਸਮੇਂ ਪਿਛੋਂ ਬਾਬਾ ਜੀ ਘਰ-ਪਰਿਵਾਰ ਨੂੰ ਛੱਡ ਕਰਤਾਰਪੁਰ ਵਿਚ ਗੁਰੂ-ਸੰਗਤ ਦੀ ਸੇਵਾ ਵਿਚ ਲੀਨ ਹੋ ਗਏ। ਇਸ ਤਰ੍ਹਾਂ ਗੁਰੂ ਘਰ ਦੀ ਸੇਵਾ ਕਰਦਿਆਂ ਕਾਫੀ ਸਮਾਂ ਬੀਤ ਗਿਆ। ਬਾਬਾ ਜੀ ਨੇ ਆਪਣਾ ਜੀਵਨ-ਮਿਸ਼ਨ ਗੁਰੂ ਘਰ ਦੀ ਸੇਵਾ ਤੇ ਸਿਮਰਨ ਕਰਦਿਆਂ ਜੀਵਨ-ਮੁਕਤ ਹੋਣ ਦਾ ਬਣਾ ਲਿਆ। ਬਾਬਾ ਜੀ ਗ੍ਰਿਹਸਤੀ ਮਾਰਗ ਦੇ ਪਾਂਧੀ ਨਹੀਂ ਸਨ ਬਣਨਾ ਚਾਹੁੰਦੇ, ਪਰ ਮਾਤਾ-ਪਿਤਾ ਦੀਆਂ ਇਛਾਵਾਂ ਦਾ ਸਤਿਕਾਰ ਕਰਦਿਆਂ 1538 ਈ: ਵਿਚ ਬੀਬੀ ਮਿਰੋਆ ਨਾਲ ਸ਼ਾਦੀ ਹੋਈ। ਬਾਬਾ ਜੀ ਦੇ ਘਰ ਚਾਰ ਪੁੱਤਰ ਪੈਦਾ ਹੋਏ। ਕੁਝ ਸਮਾਂ ਪਰਿਵਾਰ ਨਾਲ ਬਸਰ ਕਰ, ਬਾਬਾ ਜੀ ਫਿਰ ਗੁਰੂ-ਸੰਗਤ ਦੀ ਸੇਵਾ ਵਿਚ ਲਗ ਗਏ। ਇਸ ਸਮੇਂ ਤਕ ਭਾਈ ਲਹਿਣਾ ਜੀ (ਜੋ ਪਹਿਲਾਂ ਦੇਵੀ ਭਗਤ ਸਨ) ਵੀ ਗੁਰਮਤਿ ਮਾਰਗ ਦੇ ਪਾਂਧੀ ਬਣ ਚੁੱਕੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ 'ਜੋਤਿ' ਭਾਈ ਲਹਿਣੇ ਵਿਚ ਪਰਵਿਰਤ ਕਰ ਦਿੱਤੀ। ਜੂਨ, 1539 ਈ: ਵਿਚ ਉਨ੍ਹਾਂ ਨੂੰ ਆਪਣਾ 'ਅੰਗ' ਜਾਣ 'ਗੁਰੂ ਅੰਗਦ ਦੇਵ' ਬਣਾ ਦਿੱਤਾ। ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾ, ਆਪ ਗੁਰੂ ਨਾਨਕ ਸਾਹਿਬ ਜੀ ਨੇ 'ਗੁਰੂ-ਜੋਤਿ' ਨੂੰ ਮੱਥਾ ਟੇਕਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਖਡੂਰ ਸਾਹਿਬ ਵਿਖੇ ਨਵੀਂ ਧਰਮਸ਼ਾਲ ਸਥਾਪਤ ਕੀਤੀ। ਆਰੰਭ ਵਿਚ ਗੁਰੂ ਜੀ 'ਗੁਰਗੱਦੀ' ਦੇ ਝਗੜੇ ਕਾਰਨ ਮਾਤਾ ਵਿਰਾਈ ਪਾਸ ਗੁਪਤਵਾਸ ਹੋ ਗਏ। ਸੰਗਤਾਂ ਗੁਰੂ ਦਰਸ਼ਨਾਂ ਲਈ ਬਿਹਬਲ ਹੋ ਉਠੀਆਂ। ਸੰਗਤਾਂ ਬਾਬਾ ਬੁੱਢਾ ਜੀ ਦੀ ਸੁਚੱਜੀ ਅਗਵਾਈ ਵਿਚ ਗੁਰੂ ਹੁਕਮ ਸਦਕਾ ਗੁਰਮਤਿ ਮਾਰਗ ਦੇ ਪਾਂਧੀਆਂ ਨੂੰ ਗੁਰਮੁਖੀ ਲਿੱਪੀ ਵਿਚ ਵਿਦਿਆ ਦੇਣੀ ਤੇ ਲੰਗਰ ਦੀ ਸੇਵਾ ਕਰਨੀ ਸ਼ੁਰੂ ਕੀਤੀ। ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ, ਗੁਰੂ ਅੰਗਦ ਦੇਵ ਜੀ ਨੇ ਸ਼ਰਧਾ, ਪ੍ਰੇਮ, ਸੇਵਾ ਤੇ ਕੁਰਬਾਨੀ ਦੇ ਪੁੰਜ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾਇਆ। ਗੁਰੂ ਅਮਰਦਾਸ ਜੀ ਨੇ 'ਗੁਰੂ' ਹੁਕਮ ਅਨੁਸਾਰੀ ਗੋਇੰਦਵਾਲ ਨੂੰ ਸਿੱਖੀ ਦਾ ਨਵਾਂ ਪ੍ਰਚਾਰ ਤੇ ਪ੍ਰਸਾਰ ਕੇਂਦਰ ਬਣਾਇਆ। ਗੁਰੂ ਜੀ ਗੋਇੰਦਵਾਲ ਛੱਡ ਬਾਸਰਕੇ ਆ ਗਏ ਤੇ ਇਕ ਕਮਰੇ ਵਿਚ ਬੈਠ ਬਾਹਰੋਂ ਬੂਹਾ ਬੰਦ ਕਰਵਾ, ਬੰਦਗੀ ਕਰਨ ਲਗ ਪਏ। ਗੋਇੰਦਵਾਲ ਸੰਗਤਾਂ ਗੁਰੂ ਦਰਸ਼ਨਾਂ ਲਈ ਹੁਮ-ਹੁਮਾ ਕੇ ਆਉਂਦੀਆਂ ਪਰ ਗੁਰੂ ਦਰਸ਼ਨਾਂ ਤੋਂ ਬਿਨਾਂ ਸੰਗਤਾਂ ਵਿਆਕੁਲ ਹੋ ਉੱਠਦੀਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਬਾਬਾ ਜੀ ਗੁਰੂ ਹੁਕਮ ਦੀ ਅਵੱਗਿਆ ਵੀ ਨਹੀਂ ਸਨ ਕਰਨੀ ਚਾਹੁੰਦੇ ਤੇ ਸੰਗਤਾਂ ਦੀ ਸਿੱਕ ਨੂੰ ਵੀ ਤ੍ਰਿਪਤ ਕਰਨਾ ਜ਼ਰੂਰੀ ਸੀ। ਕੁਝ ਸਮਾਂ ਸੋਚ-ਵਿਚਾਰ ਕਰ ਬਾਬਾ ਬੁੱਢਾ ਜੀ ਨੇ ਪਿਛਲੇ ਪਾਸਿਓਂ ਸੰਨ੍ਹ ਲਾ ਗੁਰੂ-ਚਰਨਾਂ 'ਤੇ ਸੀਸ ਝੁਕਾਇਆ। ਗੁਰੂ ਜੀ ਬਾਬਾ ਜੀ ਦੀ ਸ਼ਰਧਾ ਤੇ ਸੂਖਮ ਸੂਝ ਅਤੇ ਲਿਆਕਤ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਸੰਗਤ ਦੀ ਬੇਨਤੀ ਪਰਵਾਨ ਕਰ ਗੋਇੰਦਵਾਲ ਸਾਹਿਬ ਵਾਪਸ ਆ ਗਏ। ਗੁਰੂ ਅਮਰਦਾਸ ਜੀ ਜਦ ਵੇਖਿਆ ਕਿ ਸੁਚ-ਭਿਟ, ਊਚ-ਨੀਚ ਤੇ ਛੂਤ-ਛਾਤ ਕਾਰਨ ਮਨੁੱਖ, ਮਨੁੱਖ ਨੂੰ ਘਿਰਣਾ ਕਰਦਾ ਹੈ, ਤਾਂ ਉਹਨਾਂ ਇਸ ਦੇ ਸਦੀਵੀ ਹੱਲ ਲਈ ਬਾਉਲੀ ਬਣਾਉਣੀ ਚਾਹੀ ਜਿਥੋਂ ਹਰ ਧਰਮ, ਹਰ ਜਾਤ, ਹਰ ਇਲਾਕੇ ਦਾ ਮਨੁੱਖ ਇਸ਼ਨਾਨ ਕਰ ਵਿਤਕਰਿਆਂ-ਰੂਪੀ ਚੌਰਾਸੀ ਤੋਂ ਮੁਕਤ ਹੋ ਸਕੇ। ਗੁਰੂ ਜੀ ਨੇ 1552 ਈ: ਵਿਚ ਬਾਬਾ ਬੁੱਢਾ ਜੀ ਪਾਸੋਂ ਬਾਉਲੀ ਦਾ ਆਦਿ ਟੱਕ ਲਗਵਾਇਆ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਖੇਤਰ ਨੂੰ ਵਧਾਉਣ ਤੇ ਨਿਯਮ-ਬੱਧ ਕਰਨ ਹਿਤ 22 ਮੰਜੀਆਂ ਦੀ ਅਸਥਾਪਨਾ ਕੀਤੀ। ਇਸ ਮੰਜੀ-ਪ੍ਰਥਾ ਦੇ ਮੁਖ ਪ੍ਰਬੰਧਕ ਵੀ ਬਾਬਾ ਬੁੱਢਾ ਜੀ ਹੀ ਸਨ। ਬਾਦਸ਼ਾਹ ਅਕਬਰ ਜਦ ਪਹਿਲੀ ਵਾਰ ਗੁਰੂ-ਦਰਸ਼ਨਾਂ ਲਈ ਗੁਰੂ-ਦਰਬਾਰ ਵਿਚ ਹਾਜ਼ਰ ਹੋਇਆ ਤਾਂ ਬਾਬਾ ਬੁੱਢਾ ਜੀ ਨੇ ਹੀ ਬਾਦਸ਼ਾਹ ਨੂੰ 'ਨਿਰਮਲ ਪੰਥ' ਦੀ ਨਿਰਮਲਤਾ ਤੇ ਮਰਿਯਾਦਾ ਤੋਂ ਜਾਣੂ ਕਰਵਾਇਆ। ਬਾਦਸ਼ਾਹ ਗੁਰੂ ਕੇ ਲੰਗਰ 'ਚੋਂ ਪ੍ਰਸ਼ਾਦ ਛਕ, ਗੁਰੂ ਸੰਗਤ ਦੇ ਦਰਸ਼ਨ ਕਰ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਮਰਿਯਾਦਾ ਅਨੁਸਾਰੀ ਗੁਰ-ਗੱਦੀ ਦੇ ਯੋਗ ਅਧਿਕਾਰੀ ਨਿਸ਼ਕਾਮ ਸੇਵਕ (ਗੁਰੂ) ਰਾਮਦਾਸ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਕੁਝ ਸਮੇਂ ਪਿਛੋਂ ਗੁਰੂ ਅਮਰਦਾਸ ਜੀ 'ਜੋਤੀ-ਜੋਤਿ' ਸਮਾ ਗਏ। ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਦੀਆਂ ਅੰਤਮ ਰਸਮਾਂ ਆਪਣੇ ਹੱਥੀਂ ਕੀਤੀਆਂ।

ਗੁਰੂ ਰਾਮਦਾਸ ਜੀ ਨੇ ਗੁਰੂ ਹੁਕਮ ਦੀ ਪਾਲਣਾ ਕਰਦਿਆਂ 'ਰਾਮਦਾਸਪੁਰ' ਦੀ ਸਥਾਪਨਾ ਕਰ, ਬਾਬਾ ਬੁੱਢਾ ਜੀ ਤੋਂ ਅੰਮ੍ਰਿਤ ਸਰੋਵਰ ਦਾ ਟੱਕ ਲਗਵਾ, ਬਾਬਾ ਜੀ ਨੂੰ ਇਸ ਮਹਾਨ ਸੇਵਾ ਦਾ ਮੁਖ ਸੇਵਾਦਾਰ ਨਿਯੁਕਤ ਕੀਤਾ, ਜਿਸ ਸਥਾਨ 'ਤੇ ਬੈਠ ਬਾਬਾ ਜੀ ਪਾਵਨ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ, ਉਹ ਥਾਂ ਸ੍ਰੀ ਦਰਬਾਰ ਸਾਹਿਬ ਵਿਚ 'ਬੇਰ-ਬਾਬਾ ਬੁੱਢਾ' ਜੀ ਦੀ ਇਤਿਹਾਸਕ ਯਾਦ ਵਜੋਂ ਅੱਜ ਵੀ ਸੁਰੱਖਿਅਤ ਹੈ। ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ 'ਗੁਰਗੱਦੀ' ਦੀ ਜ਼ਿੰਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦੀਆਂ ਰਸਮਾਂ ਪੂਰੀਆਂ ਕਰਵਾ ਆਪ ਪ੍ਰਭੂ-ਚਰਨਾਂ ਵਿਚ ਜਾ ਬਿਰਾਜੇ। ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਸਮੁੱਚੀ ਉਸਾਰੀ ਦੇ ਕੰਮਾਂ ਦਾ ਪ੍ਰਬੰਧ ਸੰਭਾਲ ਦਿੱਤਾ।

ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਨੇ ਗੁਰਗੱਦੀ 'ਤੇ ਹੱਕ ਜਮਾਉਣਾ ਚਾਹਿਆ। ਇਸ ਸੁਆਰਥ ਲਈ ਉਸ ਨੇ ਹਰ ਹੀਲੇ ਸੰਗਤਾਂ ਨੂੰ ਗੁੰਮਰਾਹ ਕਰਨਾ ਚਾਹਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਇਸ ਗੁੰਮਰਾਹ-ਕੁੰਨ ਪ੍ਰਚਾਰ ਤੋਂ ਸੰਗਤਾਂ ਨੂੰ ਸੁਚੇਤ ਕਰ ਗੁਰੂ ਘਰ ਨਾਲ ਜੋੜੀ ਰੱਖਿਆ।

ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਮਾਨਵਤਾ ਦੇ ਉਦਾਰ ਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕੀਤੀ। ਕਾਫੀ ਸੋਚ-ਵਿਚਾਰ ਕਰ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਮੁਖ-ਗ੍ਰੰਥੀ ਦੀ ਸੇਵਾ ਸੌਂਪਣ ਦਾ ਫ਼ੈਸਲਾ ਲਿਆ। ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ -

ਕਰਤ ਵਿਚਾਰ ਇਹ ਠਹਰਾਈ।
ਬੁੱਢਾ ਜੀ ਸੇਵਾ ਨਿਪੁਨਾਈ।
ਗੁਰੂ ਨਾਨਕ ਇਨ ਦਰਸ਼ਨ ਕਰੇ।
ਸੇਵਾ ਮੈਂ ਅਤਿ ਹਿਤ ਇਹ ਧਰੇ।

ਜਦ ਪਾਵਨ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਮੁੱਖ-ਗ੍ਰੰਥੀ ਬਾਬਾ ਬੁੱਢਾ ਜੀ ਨੇ ਹੀ ਪਹਿਲਾ ਵਾਕ ਸੰਗਤਾਂ ਨੂੰ ਸਰਵਣ ਕਰਵਾਇਆ।

ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਮਾਝੇ-ਦੁਆਬੇ ਦਾ ਪ੍ਰਚਾਰ ਦੌਰਾ ਕੀਤਾ ਬਾਬਾ ਬੁੱਢਾ ਜੀ ਗੁਰੂ ਆਗਿਆ ਸਦਕਾ ਕੁਝ ਸਮੇਂ ਪਿਛੋਂ 'ਬੀੜ' ਵਿਚ ਚਲੇ ਗਏ- ਇਹ ਬੀੜ ਗੁਰੂ ਘਰ ਦੇ ਇਕ ਸ਼ਰਧਾਲੂ ਨੇ ਗੁਰੂ-ਘਰ ਦੇ ਮਾਲ ਲਈ ਰਾਖਵੀਂ ਰੱਖੀ ਸੀ ਮਾਤਾ ਗੰਗਾ ਜੀ ਦੀ ਖਾਹਸ਼ ਨੂੰ ਪੂਰਾ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਕਹਿ, ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਸਤਿਕਾਰ ਬਖਸ਼ਿਆ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖਾਹਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਤਿਲਕ ਦਿੱਤਾ ਤੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇਛਾਵਾਂ ਅਨੁਸਾਰ ਹਰ ਤਰ੍ਹਾਂ ਤਿਆਰੀ ਸ਼ੁਰੂ ਕਰ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਬਾਬਾ ਬੁੱਢਾ ਜੀ ਤੋਂ ਰਖਵਾਈ ਤੇ ਸੰਗਤਾਂ ਨੂੰ ਫੁਰਮਾਨ ਜਾਰੀ ਕੀਤਾ ਗਿਆ ਕਿ ਗੁਰੂ-ਦਰਬਾਰ ਵਿਚ ਚੰਗੇ ਸ਼ਸਤਰ, ਵਧੀਆ ਘੋੜੇ ਤੇ ਉਠਦੀਆਂ ਜਵਾਨੀਆਂ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਣ। ਪਰ ਦੂਸਰੇ ਪਾਸੇ ਮੁਗਲ ਹਕੂਮਤ ਨੂੰ ਇਹ ਕਿਸ ਤਰ੍ਹਾਂ ਭਾ ਸਕਦਾ ਸੀ ਕਿ ਉਨ੍ਹਾਂ ਦੇ ਸਮਾਂਨਤਰ ਕੋਈ ਸਰਕਾਰ ਬਣਾ, ਫੁਰਮਾਨ ਜਾਰੀ ਕਰੇ। ਸਮੇਂ ਦੀ ਹਕੂਮਤ ਦੇ ਆਦੇਸ਼ ਮੁਤਾਬਕ ਗੁਰੂ ਜੀ ਨੂੰ ਕੈਦ ਕਰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਮਾਤਾ ਗੰਗਾ ਜੀ ਦੇ ਹੁਕਮ ਅਨੁਸਾਰ ਗਵਾਲੀਅਰ ਗਏ ਪਰ ਸਮੇਂ ਦੇ ਹਾਕਮਾਂ ਨੇ ਬਾਬਾ ਜੀ ਨੂੰ ਗੁਰੂ ਦਰਸ਼ਨ ਕਰਨ ਦੀ ਆਗਿਆ ਨਾ ਦਿੱਤੀ। ਬਾਬਾ ਜੀ ਗੁਰੂ ਜਸ ਕਰਦੇ ਹੋਏ ਕਿਲ੍ਹੇ ਦੀ ਪ੍ਰਕਰਮਾ ਕਰਨ ਲੱਗ ਪਏ। ਜਦ ਗੁਰੂ ਜੀ ਦੀ ਰਿਹਾਈ ਹੋਈ ਤਾਂ ਬਾਬਾ ਜੀ ਨੇ ਗੁਰੂ ਜੀ ਦੇ ਦਰਸ਼ਨ ਕਰ ਸੰਗਤਾਂ ਦੀ ਬਿਹਬਲਤਾ ਦਰਸਾਈ।


ਸਮੇਂ ਦੇ ਨਾਲ ਬਾਬਾ ਜੀ ਬਹੁਤ ਹੀ ਬਿਰਧ ਹੋ ਚੁੱਕੇ ਸਨ। ਗੁਰੂ ਜੀ ਤੋਂ ਬਾਬਾ ਬੁੱਢਾ ਜੀ ਆਗਿਆ ਪ੍ਰਾਪਤ ਕਰਕੇ ਆਪਣੇ ਪਿੰਡ ਰਮਦਾਸ ਆ ਗਏ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ, ਗੁਰੂ ਦਰਸ਼ਨਾਂ ਦੀ ਇਛਿਆ ਕੀਤੀ ਤੇ ਇਕ ਆਦਮੀ ਰਾਹੀਂ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਜੀ ਦੀ ਬੇਨਤੀ ਪ੍ਰਵਾਨ ਕਰ ਰਮਦਾਸ ਪਹੁੰਚੇ। ਪੰਜ ਗੁਰੂ ਸਾਹਿਬਾਨ ਨੂੰ ਹੱਥੀਂ ਗੁਰਿਆਈ ਦਾ ਤਿਲਕ ਦੇ, ਅੱਠ ਗੁਰੂ ਸਾਹਿਬਾਨ ਦੇ ਸ਼ਖ਼ਸੀ ਦਰਸ਼ਨ ਕਰ, 125 ਸਾਲ ਦੀ ਉਮਰ ਭੋਗ, ਬਾਬਾ ਬੁੱਢਾ ਜੀ ਨੇ 16 ਨਵੰਬਰ 1631 ਈ: ਨੂੰ ਗੁਰੂ ਹਰਿਗੋਬਿੰਦ ਜੀ ਦੇ ਪਾਵਨ ਹੱਥਾਂ ਵਿਚ ਅੰਤਮ ਸਵਾਸ ਲਏ। ਗੁਰੂ-ਪਾਤਸ਼ਾਹ ਬਾਬਾ ਜੀ ਦਾ ਅੰਤਮ ਸੰਸਕਾਰ ਆਪਣੇ ਹੱਥੀਂ ਕਰ ਪਰਿਵਾਰ ਨੂੰ ਭਾਣਾ ਮੰਨਣ ਤੇ ਸੰਗਤਾਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ ਉਪਦੇਸ਼ ਕਰ, ਅੰਮ੍ਰਿਤਸਰ ਵਾਪਸ ਆ ਗਏ।

ਨਾਮਧਾਰੀ ਇਤਿਹਾਸ ਦਾ ਸੁਨਹਿਰੀ ਪੰਨਾ

# ਮਾਲੇਰਕੋਟਲਾ ਦਾ ਨਾਮਧਾਰੀ ਸ਼ਹੀਦੀ ਸਾਕਾ

ਹੁਸ਼ਿਆਰ ਸਿੰਘ ਰਾਣੂੰ



ਪੰਜਾਬੀਆਂ ਨੇ ਹਮੇਸ਼ਾ ਹੀ ਦੇਸੀ/ਵਿਦੇਸ਼ੀ ਹਮਲਾਵਰਾਂ ਤੇ ਜਰਵਾਣਿਆਂ ਨਾਲ ਟੱਕਰ ਲਈ ਹੈ। ਪੰਜਾਬੀਆਂ ਨੇ ਦੇਸ਼ ਦੀ ਗੁਲਾਮੀ ਦੇ ਦੌਰ ਦੌਰਾਨ ਅੰਗਰੇਜ਼ ਹਕੂਮਤ ਨਾਲ ਅਜਿਹਾ ਮੱਥਾ ਡਾਹਿਆ ਕਿ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਕੇ ਹੀ ਸਾਹ ਲਿਆ। ਦੇਸ਼ ਦੀ ਜੰਗ-ਏ-ਆਜ਼ਾਦੀ ਲਈ ਬਹੁਤ ਸਾਰੀਆਂ ਲਹਿਰਾਂ ਚੱਲੀਆਂ ਅਤੇ ਬਹੁਤ ਸਾਰੀਆਂ ਪਾਰਟੀਆਂ, ਸੰਸਥਾਵਾਂ ਅਤੇ ਜਥੇਬੰਦੀਆਂ ਨੇ ਜੰਗ-ਏ-ਅਜ਼ਾਦੀ ਵਿੱਚ ਭਾਗ ਲਿਆ। ਪਰ ਇਸ ਦੌਰ ਅੰਦਰ ਨਾਮਧਾਰੀ ਸਿੱਖਾਂ ਵੱਲੋਂ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਦੀ ਵਿਥਿਆ ਬੜੀ ਹੀ ਜ਼ਿਕਰਯੋਗ ਅਤੇ ਮਾਣਯੋਗ ਹੈ। 1857 ਦੀ ਵਿਸਾਖੀ ਨੂੰ ਨਾਮਧਾਰੀ ਮੁਖੀ ਬਾਬਾ ਰਾਮ ਸਿੰਘ ਨੇ ਨਾਮਧਾਰੀ ਸਿੱਖਾਂ ਦੀ ਜਥੇਬੰਦੀ ਅੰਗਰੇਜ਼ ਹਕੂਮਤ ਖ਼ਿਲਾਫ਼ ਜਥੇਬੰਦ ਕੀਤੀ। ਉਨ੍ਹਾਂ ਨਾਮਧਾਰੀਆਂ ਅਤੇ ਦੇਸ਼ ਵਾਸੀਆਂ ਨੂੰ ਸਵਦੇਸ਼ੀ ਵਸਤਾਂ ਦੀ ਵਰਤੋਂ, ਅੰਗਰੇਜ਼ਾਂ ਦਾ ਬਾਈਕਾਟ ਕਰਨ ਅਤੇ ਅੰਗਰੇਜ਼ ਹਕੂਮਤ ਖ਼ਿਲਾਫ਼ ਨਾ-ਮਿਲਵਰਤਣ ਲਈ ਪ੍ਰੇਰਿਆ। ਅੰਗਰੇਜ਼ ਹਕੂਮਤ ਵੱਲੋਂ ਭਾਰਤੀ ਸਮਾਜ ਅੰਦਰ ਫ਼ਿਰਕੂ ਪਾੜਾ ਪਾਉਣ ਦੀ ਨੀਅਤ ਨਾਲ ਖੋਲ੍ਹੇ ਗਊਵੱਧ ਬੁੱਚੜਖਾਨਿਆਂ ਖ਼ਿਲਾਫ਼ ਲਾਮਬੰਦੀ ਕੀਤੀ। ਨਾਮਧਾਰੀ ਸਿੱਖਾਂ ਨੇ ਅੰਮ੍ਰਿਤਸਰ, ਰਾਏਕੋਟ ਅਤੇ ਮਾਲੇਰਕੋਟਲਾ ਸਥਿਤ ਬੁੱਚੜਖਾਨਿਆਂ 'ਤੇ ਹਮਲੇ ਕਰਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਆਪਣਾ ਵਿਰੋਧ ਜ਼ਾਹਰ ਕੀਤਾ। ਅੰਗਰੇਜ਼ ਹਕੂਮਤ ਦਾ ਵਿਰੋਧ ਕਰਨ ਬਦਲੇ ਨਾਮਧਾਰੀ ਸਿੱਖਾਂ ਨੂੰ ਸ਼ਹਾਦਤ ਦੇ ਜਾਮ ਪੀਣੇ ਪਏ ਅਤੇ ਸਖ਼ਤ ਸਜ਼ਾਵਾ ਝੱਲਣੀਆਂ ਪਈਆਂ। ਨਾਮਧਾਰੀ ਸਿੱਖਾਂ ਨੇ 15 ਜੂਨ 1871 ਨੂੰ ਅੰਮ੍ਰਿਤਸਰ, 15 ਜੁਲਾਈ 1871 ਨੂੰ ਰਾਏਕੋਟ ਅਤੇ 15 ਜਨਵਰੀ 1872 ਨੂੰ ਮਾਲੇਰਕੋਟਲਾ ਵਿਖੇ ਬੁੱਚੜਖਾਨਿਆਂ 'ਤੇ ਹਮਲੇ ਕੀਤੇ। ਮਾਲੇਰਕੋਟਲਾ ਸਾਕਾ ਵਾਪਰਨ ਪਿੱਛੋਂ ਮਾਲੇਰਕੋਟਲਾ ਰਿਆਸਤ ਦੇ ਪਿੰਡ ਫਰਵਾਹੀ ਦੇ ਨੰਬਰਦਾਰ ਗੁਰਮੁੱਖ ਵੱਲੋਂ 12 ਜਨਵਰੀ ਨੂੰ ਮਾਘੀ ਦੇ ਮੇਲੇ ਦੇ ਮੌਕੇ 'ਤੇ ਭੈਣੀ (ਲੁਧਿਆਣਾ) ਜਾ ਕੇ ਮਾਲੇਰਕੋਟਲਾ ਬੁੱਚੜਖਾਨੇ ਬਾਰੇ ਜਾਣਕਾਰੀ ਦੇਣੀ ਸੀ। 13 ਜਨਵਰੀ 1872 ਨੂੰ ਸਕਰੌਦੀ ਪਿੰਡ ਦੇ ਹੀਰਾ ਸਿੰਘ-ਲਹਿਣਾ ਸਿੰਘ (ਚਾਚੇ-ਤਾਏ ਦੇ ਪੁੱਤਰ) ਦੀ ਅਗਵਾਈ ਵਿੱਚ ਇੱਕ ਜਥਾ ਮਾਲੇਰਕੋਟਲਾ ਲਈ ਰਵਾਨਾ ਹੋਇਆ। ਇਹ ਜਥਾ ਲਾਟੋ, ਕਟਾਣੀ, ਰਾਮਪੁਰ, ਪਾਇਲ ਅਤੇ ਰੱਬੋਂ ਹੁੰਦਾ ਹੋਇਆ 14 ਜਨਵਰੀ ਦੀ ਰਾਤ ਨੂੰ ਮਲੌਦ ਪੁੱਜਾ। ਇੱਥੋਂ ਦਾ ਸਰਦਾਰ ਬਦਨ ਸਿੰਘ ਨਾਮਧਾਰੀ ਜਥੇ ਦੇ ਆਗੂ ਹੀਰਾ ਸਿੰਘ ਦਾ ਰਿਸ਼ਤੇਦਾਰ ਸੀ। ਬਦਨ ਸਿੰਘ ਵੱਲੋਂ ਆਪਣੇ ਇਕਰਾਰ ਮੁਤਾਬਕ ਘੋੜੇ-ਘੋੜੀਆਂ ਅਤੇ ਹਥਿਆਰ ਦੇਣ ਤੋਂ ਇਨਕਾਰ ਕਰਨ 'ਤੇ ਜਥੇ ਦੀ ਝੜਪ ਸਰਦਾਰ ਦੇ ਆਦਮੀਆਂ ਨਾਲ ਹੋਈ। ਇਸ ਝੜਪ ਦੌਰਾਨ ਨਾਮਧਾਰੀ ਸਿੱਖਾਂ ਹੱਥੋਂ ਸਰਦਾਰ ਦਾ ਕੋਚਵਾਨ ਬੂਟਾ ਤੇਲੀ ਅਤੇ ਮੁਨਸ਼ੀ ਨਬੀ ਬਖਸ਼ ਮਾਰੇ ਗਏ ਅਤੇ ਨਿਹਾਲ ਸਿੰਘ ਜ਼ਖ਼ਮੀ ਹੋ ਗਿਆ। ਇਸ ਝੜਪ ਦੌਰਾਨ ਦੋ ਨਾਮਧਾਰੀ ਸਿੱਖ ਮਾਰੇ ਗਏ, ਚਾਰ ਗੰਭੀਰ ਜ਼ਖਮੀ ਹੋਏ ਅਤੇ ਚਾਰ ਨਾਮਧਾਰੀ ਸਿੱਖ ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਅਤੇ ਮੇਹਰ ਸਿੰਘ ਫੜੇ ਗਏ, ਜਿਨ੍ਹਾਂ ਨੂੰ 19 ਜਨਵਰੀ 1872 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਪਰ ਬਾਅਦ ਇਹ ਸਜ਼ਾ ਕਾਲੇ ਪਾਣੀ ਦੀ ਸਜ਼ਾ ਵਿੱਚ ਬਦਲ ਦਿੱਤੀ ਗਈ। ਇਸ ਝੜਪ ਦੌਰਾਨ ਹੀ ਨਾਮਧਾਰੀ ਸਿੱਖ ਮਲੌਦ ਤੋਂ ਤਲਵਾਰਾਂ, ਬੰਦੂਕਾਂ ਅਤੇ ਘੋੜੇ-ਘੋੜੀਆਂ ਲੈ ਕੇ ਫਰਾਰ ਹੋ ਗਏ। ਜਿਨ੍ਹਾਂ ਦੀ ਝੜਪ ਫਿਰ 15 ਜਨਵਰੀ ਨੂੰ ਮਾਲੇਰਕੋਟਲਾ ਵਿਖੇ ਕੋਤਵਾਲੀ ਸਾਹਮਣੇ ਨਵਾਬ ਦੀ ਪੁਲੀਸ ਨਾਲ ਹੋਈ, ਜਿਸ ਵਿੱਚ ਕੋਤਵਾਲ ਅਹਿਮਦ ਖਾਂ ਅਤੇ 7 ਸੱਤ ਸਿਪਾਹੀ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ।

ਇਸ ਝੜਪ ਦੌਰਾਨ 8 ਨਾਮਧਾਰੀ ਸਿੰਘ ਸ਼ਹੀਦ ਅਤੇ ਕਈ ਜ਼ਖ਼ਮੀ ਵੀ ਹੋਏ। ਇਸ ਉਪਰੰਤ ਇਸ ਜਥੇ ਨੂੰ ਪਿੰਡ ਭੂਦਨ ਦੇ ਥੇਹ 'ਤੇ ਸੁਮੰਦ ਖਾਂ ਨੇ ਲਲਕਾਰਿਆ। ਇੱਥੇ ਦੋਹਾਂ ਧਿਰਾਂ ਦਰਮਿਆਨ ਟੱਕਰ ਹੋਈ, ਜਿਸ ਵਿੱਚ ਸੁਮੰਦ ਖਾਂ ਮਾਰਿਆ ਗਿਆ ਅਤੇ ਨਾਮਧਾਰੀ ਜਥੇ ਦੇ ਆਗੂ ਹੀਰਾ ਸਿੰਘ ਦਾ ਹੱਥ ਕੱਟਿਆ ਗਿਆ। ਇਸ ਸਾਕੇ ਨਾਲ ਸਬੰਧਤ ਦੋ ਔਰਤਾਂ ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ ਸਮੇਤ 68 ਸਿੱਖਾਂ ਨੂੰ 16 ਜਨਵਰੀ ਨੂੰ ਪਿੰਡ ਰੜ (ਰੁੜਗੜ੍ਹ) ਨੇੜੇ ਸ਼ੇਰਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗ੍ਰਿਫ਼ਤਾਰ ਜਥੇ ਨੂੰ 17 ਜਨਵਰੀ 1872 ਨੂੰ ਜਰਗ ਰੋਡ ਸਥਿਤ ਰੱਕੜ ਵਿਖੇ ਅੰਗਰੇਜ਼ ਅਫ਼ਸਰ ਮਿਸਟਰ ਕਾਵਿਨ ਨੇ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ। ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰਨ ਲਈ ਨੌਂ ਤੋਪਾਂ ਬੀੜੀਆਂ ਗਈਆਂ। ਦੋ ਤੋਪਾਂ ਰਾਖਵੀਆਂ ਰੱਖ ਕੇ ਸੱਤ ਤੋਪਾਂ ਨਾਲ ਸੱਤ ਵਾਰ ਸੱਤ-ਸੱਤ ਕੁੱਲ 49 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਅਤੇ 12 ਸਾਲਾ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਕਤਲ ਕਰਕੇ ਸ਼ਹੀਦ ਕਰ ਦਿੱਤਾ ਅਤੇ ਬਾਕੀ 16 ਸਿੰਘਾਂ ਨੂੰ 18 ਜਨਵਰੀ 1872 ਨੂੰ ਤੋਪਾਂ ਨਾਲ ਉਡਾਇਆ ਗਿਆ। ਨਾਮਧਾਰੀ ਸੰਗਤ ਅਨੁਸਾਰ ਇਸ ਸਾਕੇ ਦੌਰਾਨ ਕੁੱਲ 80 ਨਾਮਧਾਰੀ ਸਿੱਖ ਸ਼ਹੀਦ ਹੋਏ ਜਿਨ੍ਹਾਂ ਵਿਚੋਂ 65 ਨੂੰ ਤੋਪਾਂ ਅਤੇ 1 ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ, 2 ਮਲੌਦ ਤੇ 8 ਮਾਲੇਰਕਟਲਾ ਵਿਖੇ ਨਵਾਬ ਦੀ ਪੁਲੀਸ ਦੇ ਨਾਲ ਹੋਏ ਟਾਕਰੇ ਦੌਰਾਨ ਅਤੇ 4 ਕਾਲੇ ਪਾਣੀ ਦੀ ਸਜ਼ਾ ਦੌਰਾਨ ਸ਼ਹੀਦ ਹੋ ਗਏ।

ਮਾਲੇਰਕੋਟਲਾ ਵਿਖੇ ਜਿਨ੍ਹਾਂ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਉਨ੍ਹਾਂ ਵਿੱਚ ਪਿੰਡ ਰੂੜਗੜ੍ਹ ਨੇੜੇ ਸ਼ੇਰਪੁਰ (ਸੰਗਰੂਰ) ਦੇ 6, ਰੱਬੋਂ ਉੱਚੀ ਨੇੜੇ ਮਲੌਦ ਜ਼ਿਲ੍ਹਾ ਲੁਧਿਆਣਾ ਦੇ 5, ਸਕਰੌਦੀ (ਭਵਾਨੀਗੜ੍ਹ), ਬਾਲੀਆ (ਸੰਗਰੂਰ) ਦੇ 4-4, ਦਿਆਲਗੜ੍ਹ (ਭਵਾਨੀਗੜ੍ਹ) ਤੇ ਮਹਿਰਾਜ (ਰਾਮਪੁਰਾ ਫੂਲ) ਦੇ 3-3, ਫਰਵਾਹੀ ਨੇੜੇ ਮਾਲੇਰਕੋਟਲਾ, ਗੁਮਟੀ ਨੇੜੇ ਬਰਨਾਲਾ, ਮੂਮ ਨੇੜੇ ਮਹਿਲ ਕਲਾਂ, ਲਹਿਰਾ ਡੇਹਲੋਂ ਜ਼ਿਲ੍ਹਾ ਲੁਧਿਆਣਾ, ਰੁੜਕਾ ਨੇੜੇ ਡੇਹਲੋਂ ਜ਼ਿਲ੍ਹਾ ਲੁਧਿਆਣਾ, ਭੱਦਲਥੂਹਾ ਨੇੜੇ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਮਛਰਾਏ ਕਲਾਂ ਨੇੜੇ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਜੋਗਾ ਨੇੜੇ ਭੀਖੀ ਜ਼ਿਲ੍ਹਾ ਮਾਨਸਾ ਦੇ 2-2, ਪਿੰਡ ਘਨੌਰੀ ਨੇੜੇ ਧੂਰੀ, ਕਾਂਝਲਾ ਨੇੜੇ ਸ਼ੇਰਪੁਰ, ਗੱਗੜਪੁਰ ਨੇੜੇ ਸੰਗਰੂਰ, ਲਹਿਰਾ ਨੇੜੇ ਲਹਿਰਾਗਾਗਾ, ਫੂਲਦ ਨੇੜੇ ਮੂਨਕ, ਮੱਲੂਮਾਜਰਾ ਨੇੜੇ ਧੂਰੀ, ਧਨੌਲਾ ਨੇੜੇ ਬਰਨਾਲਾ, ਮੰਡੀ ਕਲਾਂ, ਚਓਕੇ, ਸੇਲਬਰਾਹ, ਪੀਰਕੋਟ, ਪਿੱਥੋਂ, ਗਿੱਲ ਕਲਾਂ ਸਾਰੇ ਨੇੜੇ ਰਾਮਪੁਰਾ ਫੂਲ, ਸੰਗੋਵਾਲ (ਲੁਧਿਆਣਾ), ਬਿਸ਼ਨਪੁਰਾ (ਪਾਇਲ), ਦੀਵਾ ਮੰਡੇਰ (ਪਾਇਲ), ਲੋਹਗੜ੍ਹ ਨੇੜੇ ਪੱਖੋਵਾਲ ਜ਼ਿਲ੍ਹਾ ਲੁਧਿਆਣਾ, ਲਤਾਲਾ ਨੇੜੇ ਪੱਖੋਵਾਲ-ਲੁਧਿਆਣਾ, ਬਿਲਾਸਪੁਰ ਨੇੜੇ ਖਮਾਣੋਂ, ਮੱਲਕੇ ਨੇੜੇ ਜ਼ੀਰਾ, ਜੰਡਾ ਵਾਲਾ ਨੇੜੇ ਡੱਬਵਾਲੀ, ਝਬਾਲ ਨੇੜੇ ਤਰਨ ਤਾਰਨ ਅਤੇ ਬਹਾਦਰ ਸਿੰਘ ਵਾਲਾ ਨੇੜੇ ਅੰਬਾਲਾ ਦਾ 1-1 ਨਾਮਧਾਰੀ ਸਿੱਖ ਸ਼ਾਮਲ ਸੀ। ਮਾਲੇਰਕੋਟਲਾ ਰਿਆਸਤ ਦਾ ਆਖ਼ਰੀ ਨਵਾਬ ਇਫ਼ਤਖਾਰ ਅਲੀ ਖਾਂ ਲਿਖਦਾ ਹੈ ਕਿ ਨਵਾਬ ਸਿਕੰਦਰ ਅਲੀ ਖਾਂ ਦੇ ਰਾਜ ਭਾਗ ਵੇਲੇ ਵਾਪਰੇ ਇਸ ਸਾਕੇ ਦੌਰਾਨ ਨਾਮਧਾਰੀ ਸਿੱਖ ਮਲੌਦ ਦੇ ਟਾਕਰੇ ਤੋਂ ਬਾਅਦ ਕੰਗਣਵਾਲ ਬੀੜ (ਅਹਿਮਦਗੜ੍ਹ) ਰੁਕੇ ਤੇ ਦਿਨ ਛਿਪਦੇ ਨਾਲ ਮਾਲੇਰਕੋਟਲਾ ਸਥਿਤ ਬਾਬਾ ਆਤਮਾ ਰਾਮ ਦੇ ਡੇਰੇ ਨੇੜੇ ਸੰਘਣੀਆਂ ਝਾੜੀਆਂ ਵਿੱਚ ਲੁਕ ਗਏ। 15 ਜਨਵਰੀ ਨੂੰ ਵੱਡੇ ਤੜਕੇ ਜਦੋਂ ਕੜਾਕੇ ਦੀ ਠੰਢ ਪੈ ਰਹੀ ਸੀ ਤਾਂ ਇਹ ਜਥਾ ਉਦੋਂ ਸ਼ਹਿਰ ਵਿੱਚ ਦਾਖ਼ਲ ਹੋਇਆ, ਜਿਸ ਵਕਤ ਰਿਆਸਤ ਦੀ ਪੁਲੀਸ ਦੇ ਸਿਪਾਹੀ, ਜੋ ਅਹਿਮ ਥਾਵਾਂ 'ਤੇ ਤਾਇਨਾਤ ਸਨ, ਰਾਤ ਦੀ ਡਿਊਟੀ ਤੋਂ ਬਾਅਦ ਘਰਾਂ ਨੂੰ ਚਲੇ ਗਏ ਸਨ।

ਜਥੇ ਨੇ ਰਿਆਸਤ ਦੇ ਮਹਿਲ ਅੰਦਰਲੇ ਖਜ਼ਾਨੇ ਕੋਲ ਪਹੁੰਚ ਕੇ ਕੁਤਬੀਆ ਦਰੋਗਾ (ਗੁੱਜਰ), ਖ਼ਿਰਾਇਤੀ ਚਪੜਾਸੀ ਅਤੇ ਗਾਮੂ ਖਾਂ ਨੂੰ ਕਤਲ ਕਰ ਦਿੱਤਾ। ਮਹਿਲ ਦੇ ਜ਼ਨਾਨਾਖਾਨੇ ਦੀਆਂ ਗੋਲੀਆਂ ਨੇ ਮਹਿਲ ਦੀ ਛੱਤ 'ਤੇ ਚੜ੍ਹ ਕੇ ਰੌਲਾ ਪਾ ਦਿੱਤਾ ਅਤੇ ਨਾਮਧਾਰੀਆਂ 'ਤੇ ਇੱਟਾਂ ਵਰ੍ਹਾਈਆਂ। ਰੌਲਾ ਸੁਣ ਕੇ ਸ਼ਹਿਰ ਦੇ ਲੋਕਾਂ ਨੇ ਵੀ ਨਾਮਧਾਰੀਆਂ 'ਤੇ ਇੱਟਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਨਾਮਧਾਰੀ ਸਿੱਖਾਂ ਨੇ ਬਚਣਾ ਚਾਹਿਆ ਤਾਂ ਉਨ੍ਹਾਂ ਦਾ ਟਾਕਰਾ ਕੋਤਵਾਲ ਨਾਲ ਹੋ ਗਿਆ। ਇਸ ਟਾਕਰੇ ਵਿਚ ਕੋਤਵਾਲ ਮਾਰਿਆ ਅਤੇ ਸਾਰੇ ਕੂਕੇ ਜ਼ਖ਼ਮੀ ਹੋ ਗਏ। ਇਕ ਨਾਮਧਾਰੀ ਸਿੰਘ ਕਿਲ੍ਹੇ ਅੰਦਰ ਅਤੇ 5 ਬਾਜ਼ਾਰ ਵਿੱਚ ਮਾਰੇ ਗਏ। ਪਿੰਡ ਭੂਦਨ ਦੇ ਥੇਹ 'ਤੇ ਹੋਏ ਟਾਕਰੇ ਦੌਰਾਨ ਦੋਵਾਂ ਧਿਰਾਂ ਦਾ ਜਾਨੀ ਨੁਕਸਾਨ ਹੋਇਆ। ਸ਼ੇਰਪੁਰ ਦੇ ਥਾਣੇਦਾਰ ਮੀਰ ਨਿਆਜ਼ ਅਲੀ ਸਮਾਣਾ ਨੇ ਨਾਮਧਾਰੀ ਸਿੱਖਾਂ ਨੂੰ ਪਿੰਡ ਰੜ੍ਹ ਤੋਂ ਗ੍ਰਿਫ਼ਤਾਰ ਕਰਕੇ ਮਾਲੇਰਕੋਟਲਾ ਵਿਖੇ ਪਹੁੰਚਾਇਆ। ਇਸ ਸਾਕੇ ਦੇ ਮੱਦੇਨਜ਼ਰ ਗੁਆਂਢੀ ਰਿਆਸਤਾਂ ਤੋਂ ਵੀ ਫੋਰਸ ਮੰਗਵਾਈ ਗਈ। ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਇਸ ਸਾਕੇ ਦੀ ਜਾਂਚ ਕਰਵਾਉਣ ਦੀ ਲੋੜ ਹੀ ਨਹੀਂ ਸਮਝੀ ਅਤੇ ਉੱਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ ਉਡੀਕਣ ਦੀ ਬਜਾਏ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ। ਇਸ ਉਪਰੰਤ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ ਗਿਆ। ਇਨ੍ਹਾਂ ਨਾਮਧਾਰੀ ਸਿੱਖਾਂ ਨੂੰ ਮਾਲੇਰਕੋਟਲਾ ਰਿਆਸਤ ਦੀਆਂ ਫੌਜਾਂ ਦੇ ਪਰੇਡ ਗਰਾਊਂਡ, ਜੋ ਕਿ ਇਸ ਸਾਕੇ ਤੋਂ ਬਾਅਦ ਕੂਕਿਆਂ ਵਾਲਾ ਕਲਰ ਦੇ ਨਾਮ ਨਾਲ ਪ੍ਰਸਿੱਧ ਹੋਇਆ, ਵਿਖੇ ਤੋਪਾਂ ਨਾਲ ਉਡਾ ਦਿੱਤਾ ਗਿਆ। ਨਵਾਬ ਲਿਖਦੇ ਹਨ ਕਿ 22 ਜਨਵਰੀ ਨੂੰ ਗੁਆਂਢੀ ਰਿਆਸਤਾਂ ਦੀਆਂ ਫੌਜਾਂ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਵਾਪਸ ਚਲੇ ਗਏ। ਰਿਆਸਤੀ ਅਧਿਕਾਰੀ ਬਰਤਰਫ਼ ਕਰਕੇ ਮਿਸਟਰ ਹੀਥ ਨੂੰ ਸਟੇਟ ਦਾ ਸੁਪਰਇਨਟੈਂਡੈਂਟ ਲਗਾ ਦਿੱਤਾ ਅਤੇ ਨਿਆਜ਼ ਅਲੀ ਖਾਂ (ਥਾਣੇਦਾਰ ਸ਼ੇਰਪੁਰ ਨੂੰ) 10,000/- ਰੁਪਏ ਦਾ ਨਕਦ ਇਨਾਮ ਦੇ ਕੇ ਤਰੱਕੀ ਦਿੰਦਿਆਂ ਰਿਆਸਤ ਦਾ ਅੱਵਲ ਦਰਜਾ ਮੈਜਿਸਟ੍ਰੇਟ ਲਗਾ ਦਿੱਤਾ ਗਿਆ। 17-18 ਜਨਵਰੀ 1872 ਨੂੰ ਵਾਪਰੇ ਇਸ ਸਾਕੇ ਦੇ ਨਾਮਧਾਰੀ ਸ਼ਹੀਦ 1956 ਤੱਕ ਅਣਗੌਲੇ ਹੀ ਰਹੇ।

## ਸੰਪਾਦਕੀ

### ਬੇਘਰਾ ਨਾਇਕ

ਉੱਤਰਾਖੰਡ ਦੀ ਸਿਲਕਿਆਰਾ ਸੁਰੰਗ ਵਿਚ ਪਿਛਲੇ ਸਾਲ ਨਵੰਬਰ ਵਿਚ ਫਸੇ 41 ਵਰਕਰਾਂ ਨੂੰ ਸੁਰੱਖਿਅਤ ਬਾਹਰ ਕੱਢਣ ਵਾਲੀ 'ਰੈਟ-ਹੋਲ ਮਾਈਨਰਜ਼' (ਖਣਨ ਕਰਮੀਆਂ) ਟੀਮ ਦੇ ਮੈਂਬਰ ਵਕੀਲ ਹਸਨ ਦਾ ਘਰ ਦਿੱਲੀ ਡਿਵੈਲਪਮੈਂਟ ਅਥਾਰਿਟੀ (ਡੀਡੀਏ) ਨੇ ਕਬਜ਼ੇ ਢਾਹੁਣ ਦੀ ਕਾਰਵਾਈ ਤਹਿਤ ਢਾਹ ਦਿੱਤਾ ਹੈ ਅਤੇ ਹੁਣ ਉਹ ਬੇਘਰ ਹੋ ਗਿਆ ਹੈ। ਡੀਡੀਏ ਨੇ ਕੌਮੀ ਰਾਜਧਾਨੀ ਦੇ ਖਜੂਰੀ ਖਾਸ ਇਲਾਕੇ ਵਿਚ ਉਸ ਦੇ ਘਰ ਨੂੰ ਢਹਿ-ਢੇਰੀ ਕਰ ਦਿੱਤਾ। ਗੌਰਤਲਬ ਹੈ ਕਿ ਸਿਲਕਿਆਰਾ ਸੁਰੰਗ ਵਿਚ ਫਸੇ ਵਰਕਰਾਂ ਨੂੰ ਬਚਾਉਣ ਦੇ ਕਈ ਢੰਗ-ਤਰੀਕੇ ਨਾਕਾਮ ਹੋਣ ਤੋਂ ਬਾਅਦ 'ਰੈਟ-ਹੋਲ ਮਾਈਨਰਜ਼' ਦੀ ਮਦਦ ਲਈ ਗਈ ਸੀ ਜਿਨ੍ਹਾਂ ਕਈ ਦਿਨ ਤੱਕ ਚੱਲੇ ਇਸ ਅਪਰੇਸ਼ਨ ਨੂੰ ਜਾਨ ਤਲੀ ਉੱਤੇ ਧਰ ਕੇ ਅੰਜਾਮ ਤੱਕ ਪਹੁੰਚਾਇਆ ਸੀ। ਉਸ ਵਕਤ ਹਰ ਮੰਚ ਤੋਂ ਇਨ੍ਹਾਂ ਖਾਸ ਖਣਨ ਕਰਮੀਆਂ ਬਾਰੇ ਚਰਚਾ ਚੱਲੀ ਸੀ ਅਤੇ ਇਨ੍ਹਾਂ ਦੇ ਮਾੜੇ ਅਤੇ ਗੈਰ-ਮਿਆਰੀ ਜੀਵਨ ਹਾਲਾਤ ਬਾਰੇ ਵੀ ਖੁਲਾਸੇ ਹੋਏ ਸਨ।

ਆਪਣੀ ਜਾਨ ਜੋਖ਼ਮ ਵਿਚ ਪਾ ਕੇ ਬੇਹੱਦ ਮੁਸ਼ਕਿਲ ਅਪਰੇਸ਼ਨ ਦਾ ਹਿੱਸਾ ਬਣੇ ਅਤੇ ਅੰਸ਼ਕ ਤੌਰ 'ਤੇ ਢਹਿ ਚੁੱਕੀ ਸੁਰੰਗ ਵਿਚੋਂ ਵਰਕਰਾਂ ਨੂੰ ਬਚਾਉਣ ਵਾਲੇ ਹਿੰਮਤੀ ਹਸਨ ਲਈ ਡੀਡੀਏ ਦੀ ਇਹ ਕਾਰਵਾਈ ਅਣਕਿਆਸੀ ਸੀ। ਹਸਨ ਨੇ ਦੋਸ਼ ਲਾਇਆ ਹੈ ਕਿ ਡੀਡੀਏ ਨੇ ਅਗਾਊਂ ਨੋਟਿਸ ਦਿੱਤੇ ਬਿਨਾਂ ਹੀ ਉਸ ਦਾ ਘਰ ਢਾਹ ਦਿੱਤਾ। ਇਸੇ ਦੌਰਾਨ ਆਪਣੇ ਕਦਮ ਨੂੰ ਵਾਜਿਬ ਠਹਿਰਾਉਂਦਿਆਂ ਡੀਡੀਏ ਨੇ ਆਪਣੇ ਬਿਆਨ ਵਿਚ ਕਿਹਾ ਕਿ ਅਥਾਰਿਟੀ ਆਪਣੇ ਅਧਿਕਾਰ ਖੇਤਰ ਵਿਚ ਜ਼ਮੀਨ 'ਤੇ ਕਬਜ਼ਾ ਜਾਂ ਅਣਅਧਿਕਾਰਤ ਉਸਾਰੀ ਦੀ ਇਜਾਜ਼ਤ ਨਹੀਂ ਦੇ ਸਕਦੀ। ਨਾਲ ਹੀ ਅਥਾਰਿਟੀ ਨੇ ਦਾਅਵਾ ਕੀਤਾ ਹੈ ਕਿ ਹਸਨ ਨੇ ਉਸ ਨੂੰ ਪਰਿਵਾਰ ਸਣੇ ਕਿਸੇ ਹੋਰ ਥਾਂ ਆਰਜ਼ੀ ਤੌਰ 'ਤੇ ਵਸਾਉਣ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ। ਤਿੰਨ ਮਹੀਨੇ ਪਹਿਲਾਂ ਹੀ ਜਿਸ ਹਸਨ ਨੂੰ ਨਾਇਕ ਕਹਿ ਕੇ ਵਡਿਆਇਆ ਗਿਆ ਸੀ, ਉਹ ਹੁਣ ਸਰਕਾਰੀ ਸਖ਼ਤੀ ਅੱਗੇ ਬੇਵਸ ਮਹਿਸੂਸ ਕਰ ਰਿਹਾ ਹੈ।

ਡੀਡੀਏ ਦੇ ਕੇਂਦਰ ਸਰਕਾਰ ਦੇ ਅਧੀਨ ਹੋਣ ਦੇ ਮੱਦੇਨਜ਼ਰ ਇਸ ਵਿਵਾਦ ਨੇ ਹੁਣ ਭਾਜਪਾ ਅਤੇ ਵਿਰੋਧੀ ਪਾਰਟੀਆਂ ਵਿਚਾਲੇ ਸ਼ਬਦੀ ਜੰਗ ਛੇੜ ਦਿੱਤੀ ਹੈ। ਦਿੱਲੀ ਦੀ ਸੱਤਾਧਾਰੀ ਧਿਰ 'ਆਪ' ਕਈ ਵਾਰ ਭਾਜਪਾ ਉੱਤੇ ਸਿਆਸੀ ਮੰਤਵਾਂ ਲਈ ਕੌਮੀ ਰਾਜਧਾਨੀ ਵਿੱਚ ਬਸਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾ ਚੁੱਕੀ ਹੈ। ਦੇਖਿਆ ਜਾਵੇ ਤਾਂ ਨਾਜਾਇਜ਼ ਕਬਜ਼ੇ ਵਧਣ ਲਈ ਸਬੰਧਿਤ ਅਥਾਰਿਟੀਆਂ ਦੀ ਨਰਮੀ ਵੀ ਜ਼ਿੰਮੇਵਾਰ ਹੈ, ਇਸ ਵਿਚ ਵੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਤੋਂ ਇਲਾਵਾ ਸਿਆਸੀ ਸਰਪ੍ਰਸਤੀ ਨਾਲ ਲੋਕਾਂ ਨੂੰ ਕਬਜ਼ੇ ਵਾਲੀ ਜ਼ਮੀਨ ਉੱਤੇ ਡੇਰਾ ਲਾਈ ਰੱਖਣ ਦੀ ਸ਼ਹਿ ਮਿਲਦੀ ਹੈ ਅਤੇ ਇਕ ਵਾਰ ਟਿਕਾਣਾ ਢਾਹੇ ਜਾਣ ਤੋਂ ਬਾਅਦ ਵੀ ਉਹ ਇਸ ਨੂੰ ਦੁਬਾਰਾ ਉਸਾਰ ਲੈਂਦੇ ਹਨ। ਨਾਜਾਇਜ਼ ਉਸਾਰੀਆਂ ਢਾਹੁਣ ਲਈ, ਮਿੱਥ ਕੇ ਉਨ੍ਹਾਂ ਇਲਾਕਿਆਂ ਨੂੰ ਚੁਣਨਾ ਜਿੱਥੇ ਘੱਟਗਿਣਤੀਆਂ ਵੱਧ ਰਹਿੰਦੀਆਂ ਹਨ, ਵੀ ਚਿੰਤਾ ਦਾ ਵਿਸ਼ਾ ਹੈ। ਅਪਰੈਲ 2022 ਵਿਚ ਹਨੂਮਾਨ ਜੈਅੰਤੀ ਮੌਕੇ ਸ਼ੋਭਾ ਯਾਤਰਾ ਦੌਰਾਨ ਹੋਏ ਫ਼ਿਰਕੂ ਟਕਰਾਅ ਤੋਂ ਬਾਅਦ ਦਿੱਲੀ ਦੇ ਜਹਾਂਗੀਰਪੁਰ ਇਲਾਕੇ ਵਿਚ ਉਸਾਰੀਆਂ ਢਾਹੁਣ ਦੀ ਕੀਤੀ ਕਾਰਵਾਈ 'ਤੇ ਸੁਪਰੀਮ ਕੋਰਟ ਨੇ ਰੋਕ ਲਾਈ ਸੀ। ਜਦ ਢੁੱਕਵੇਂ ਕਦਮ ਨਹੀਂ ਚੁੱਕੇ ਜਾਂਦੇ ਤਾਂ ਅਜਿਹੀਆਂ ਕਾਰਵਾਈਆਂ ਕਿਸੇ ਵਿਸ਼ੇਸ਼ ਫਿ ?ਰਕੇ ਨੂੰ ਸਜ਼ਾ ਦੇਣ ਦਾ ਬਹਾਨਾ ਬਣ ਜਾਂਦੀਆਂ ਹਨ। ਅਜਿਹੇ ਖੁਣਸੀ ਅਤੇ ਪੱਖਪਾਤੀ ਕਦਮ ਚੁੱਕਣ ਲਈ ਅਧਿਕਾਰੀਆਂ ਨੂੰ ਵੀ ਜਿ ?ਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ।

### ਬਾਹੂਬਲੀ ਸ਼ਾਹਜਹਾਂ ਖਿਲਾ.ਫ ਕਾਰਵਾਈ

ਸੰਦੇਸ਼ਖਲੀ ਦੇ ਬਾਹੂਬਲੀ ਸ਼ੇਖ ਸ਼ਾਹਜਹਾਂ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਬਾਅਦ ਤ੍ਰਿਣਮੂਲ ਕਾਂਗਰਸ ਵਲੋਂ ਉਸ ਦੀ ਮੁਅੱਤਲੀ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਪੱਛਮੀ ਬੰਗਾਲ ਦਾ ਸਿਆਸੀ ਧਰਾਤਲ ਜਵਾਬਦੇਹੀ ਵੱਲ ਵਧ ਰਿਹਾ ਹੈ। ਹਾਲਾਂਕਿ ਇਹ ਕਾਰਵਾਈ ਦੇਰ ਨਾਲ ਹੋਈ ਹੈ ਪਰ ਇਸ ਰਾਹੀਂ ਜਨਤਕ ਭਰੋਸਾ ਬਹਾਲ ਕਰਨ ਅਤੇ ਪ੍ਰਭਾਵਿਤ ਭਾਈਚਾਰੇ ਦੀਆਂ ਸ਼ਿਕਾਇਤਾਂ ਨੂੰ ਮੁਖ਼ਾਤਬ ਹੋਣ ਦਾ ਸੁਨੇਹਾ ਦਿੱਤਾ ਗਿਆ ਹੈ। ਸ਼ਾਹਜਹਾਂ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਟੀਮ ਉਪਰ ਹਮਲੇ ਵਾਲੇ ਕੇਸ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ ਪਿਛਲੇ 55 ਦਿਨਾਂ ਤੋਂ ਸੂਬੇ ਦੀ ਪੁਲੀਸ ਤੋਂ ਬਚਦਾ ਆ ਰਿਹਾ ਸੀ। ਇਸ ਤੋਂ ਇਲਾਵਾ ਉਸ ਦੇ ਖਿਲਾਫ਼ ਜ਼ਮੀਨ ਦੱਬਣ ਅਤੇ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵੀ ਲਗਾਏ ਜਾਂਦੇ ਰਹੇ ਹਨ ਜਿਸ ਤੋਂ ਸੰਦੇਸ਼ਖਲੀ ਇਲਾਕੇ ਦੇ ਗੜਬੜਜ਼ਦਾ ਹਾਲਾਤ ਦੀ ਤਸਵੀਰ ਦੀ ਝਲਕ ਪੈਂਦੀ ਹੈ। ਬਾਹੂਬਲੀ ਖਿਲਾ.ਫ ਹੋਏ ਵਿਆਪਕ ਰੋਸ ਮੁਜ਼ਾਹਰਿਆਂ ਤੋਂ ਪਤਾ ਲਗਦਾ ਹੈ ਕਿ ਹਾਲਾਤ ਕਿੰਨੇ ਗੰਭੀਰ ਬਣੇ ਹੋਏ ਸਨ।

ਹਾਲਾਂਕਿ ਉਸ ਦੀ ਗ੍ਰਿਫ਼ਤਾਰੀ ਅਤੇ ਪਾਰਟੀ ਤੋਂ ਮੁਅੱਤਲੀ ਅਹਿਮ ਘਟਨਾਕ੍ਰਮ ਹੈ ਪਰ ਬਾਕੀ ਰਹਿੰਦੇ ਮੁੱਦਿਆਂ ਨੂੰ ਮੁਖ਼ਾਤਬ ਕਰਨਾ ਵੀ ਜ਼ਰੂਰੀ ਹੈ। ਇਸ ਲਿਹਾਜ਼ ਤੋਂ ਇਹ ਪੱਛਮੀ ਬੰਗਾਲ ਵਿਚ ਸਿਆਸੀ ਹਿੰਸਾ ਅਤੇ ਦਮਨ ਨਾਲ ਗਹਿਰੇ ਜੁੜੇ ਮੁੱਦਿਆਂ ਨੂੰ ਮੁਖ਼ਾਤਬ ਹੋਣ ਵੱਲ ਪਹਿਲਾ ਕਦਮ ਹੀ ਕਿਹਾ ਜਾ ਸਕਦਾ ਹੈ। ਰਾਜ ਸਰਕਾਰ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਹਿੰਸਾ ਅਤੇ ਭ੍ਰਿਸ਼ਟਾਚਾਰ ਦੇ ਸਾਰੇ ਦੋਸ਼ਾਂ ਦੀ ਜਾਂਚ ਨਿਰਪੱਖਤਾ ਅਤੇ ਪਾਰਦਰਸ਼ਤਾ ਨਾਲ ਕੀਤੀ ਜਾਵੇ; ਨਾਲ ਹੀ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਅਜਿਹਾ ਇਸ ਕਰ ਕੇ ਜ਼ਰੂਰੀ ਹੈ ਤਾਂ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ ਅਤੇ ਲੋਕਾਂ ਉੱਤੇ ਹੋ ਰਹੀਆਂ ਵਧੀਕੀਆਂ ਨੂੰ ਠੱਲ੍ਹ ਪਵੇ। ਕਈ ਵਾਰ ਕੁਝ ਸਿਆਸੀ ਕਾਰਨਾਂ ਕਰ ਕੇ ਮੁਲਜ਼ਮ ਸਾਫ ਬਚ ਜਾਂਦੇ ਹਨ, ਇਸ ਦਾ ਸਮਾਜ ਉੱਤੇ ਬੜਾ ਨਕਾਰਾਤਮਕ ਅਸਰ ਪੈਂਦਾ ਹੈ। ਜ਼ਾਹਿਰ ਹੈ ਕਿ ਸੌੜੀ ਸਿਆਸਤ ਦੀ ਥਾਂ ਨਿਆਂ ਨੂੰ ਪਹਿਲ ਮਿਲਣੀ ਚਾਹੀਦੀ ਹੈ। ਅਜਿਹਾ ਸਿਰਫ ਪੱਛਮੀ ਬੰਗਾਲ ਵਿਚ ਹੀ ਨਹੀਂ, ਮਨੀਪੁਰ ਅਤੇ ਹੋਰ ਥਾਈਂ ਵਾਪਰੀਆਂ ਅਜਿਹੀਆਂ ਘਟਨਾਵਾਂ ਬਾਰੇ ਵੀ ਇਹੀ ਪਹੁੰਚ ਅਪਣਾਉਣ ਦੀ ਲੋੜ ਹੈ।ਗ਼ੌਰਤਲਬ ਹੈ ਕਿ ਕਲਕੱਤਾ ਹਾਈ ਕੋਰਟ ਵੱਲੋਂ ਦਿੱਤੇ ਨਿਰਦੇਸ਼ਾਂ 'ਤੇ ਹੀ ਸੂਬੇ ਦੀ ਪੁਲੀਸ ਨੇ ਤੇਜ਼ੀ ਨਾਲ ਕਾਰਵਾਈ ਕਰ ਕੇ ਸ਼ਾਹਜਹਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਤੋਂ ਇਹ ਉਮੀਦ ਬੱਝਦੀ ਹੈ ਕਿ ਆਖਿ ?ਰਕਾਰ ਨਿਆਂ ਹੋਵੇਗਾ ਅਤੇ ਜਵਾਬਦੇਹੀ ਤੈਅ ਕੀਤੀ ਜਾ ਸਕੇਗੀ। ਇਸ ਤੋਂ ਪਹਿਲਾਂ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਣ ਦੇ ਬਾਵਜੂਦ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਮਾਮਲੇ ਨੂੰ ਲੈ ਕੇ ਵਿਰੋਧੀ ਧਿਰ ਉੱਤੇ ਬੇਵਜ੍ਹਾ ਤੂਲ ਦੇਣ ਦਾ ਦੋਸ਼ ਲਾਇਆ ਸੀ। ਪੱਛਮੀ ਬੰਗਾਲ ਵਿਚ ਸਿਆਸੀ ਹਿੰਸਾ ਅਤੇ ਦਮਨ ਦਾ ਸਿਲਸਿਲਾ ਪਿਛਲੇ ਲੰਮੇ ਸਮੇਂ ਤੋਂ ਚਲ ਰਿਹਾ ਹੈ ਅਤੇ ਵੱਖ ਵੱਖ ਸਰਕਾਰਾਂ, ਖ਼ਾਸ ਕਰ ਕੇ ਖੱਬੇ ਮੋਰਚੇ ਦੀ ਸਰਕਾਰ ਦੇ ਵੇਲੇ ਇਸ ਵਿਚ ਕਾਫ਼ੀ ਵਾਧਾ ਦੇਖਣ ਨੂੰ ਮਿਲਿਆ ਸੀ। ਇਸ ਘਟਨਾਕ੍ਰਮ ਤੋਂ ਇਹ ਵੀ ਉਜਾਗਰ ਹੁੰਦਾ ਹੈ ਕਿ ਇਸ ਤਰ੍ਹਾਂ ਦੀਆਂ ਵਧੀਕੀਆਂ ਅਤੇ ਸ਼ੋਸ਼ਣ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਹੋਣ ਲਈ ਬੱਝਵੇਂ ਸੁਧਾਰ ਕੀਤੇ ਜਾਣ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕੀਤੀ ਜਾਵੇ।

# ਲੋਕਤੰਤਰ ਲਈ ਭਰੋਸਾ ਬਹਾਲੀ ਦਾ ਸਵਾਲ

**ਅਸ਼ੋਕ ਲਵਾਸਾ**

ਅਦਾਲਤਾਂ ਨਿਆਂ ਦੇਣ ਲਈ ਹੀ ਬਣੀਆਂ ਹਨ ਪਰ ਕਈ ਵਾਰ ਉਹ ਇਸ ਢੰਗ ਨਾਲ ਇਨਸਾਫ਼ ਕਰਦੀਆਂ ਹਨ ਕਿ ਉਨ੍ਹਾਂ ਲਈ ਅਮੂਮਨ ਵਰਤਿਆ ਜਾਂਦਾ ਸ਼ਬਦ 'ਮਾਣਯੋਗ' ਸਾਰਥਕ ਹੋ ਜਾਂਦਾ ਹੈ। ਇਸ ਗੱਲ ਨਾਲ ਕਰੀਬ ਸਾਰੇ ਸਹਿਮਤ ਹਨ ਕਿ ਮਾਣਯੋਗ ਸੁਪਰੀਮ ਕੋਰਟ ਨੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੇ ਕੇਸ ਵਿਚ ਆਪਣੇ ਫ਼ੈਸਲੇ ਰਾਹੀਂ ਲੋਕਾਂ ਵੱਲੋਂ ਇਸ 'ਚ ਪ੍ਰਗਟਾਏ ਜਾਂਦੇ ਭਰੋਸੇ ਨੂੰ ਕਾਇਮ ਰੱਖਿਆ ਹੈ। ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਦਾ ਦੁਰਵਿਹਾਰ ਨਾਟਕੀ ਹੋਣ ਦੇ ਨਾਲ ਨਾਲ ਅਜੀਬ ਵੀ ਸੀ ਅਤੇ ਮੰਦੇ ਭਾਗਾਂ ਨੂੰ ਇਸ ਨੂੰ ਸਾਧਾਰਨ ਮੰਨ ਲਏ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ ਸੀ। ਉਪਰੋਂ ਉਪਰੋਂ ਦੇਖਿਆ ਜਾਵੇ ਤਾਂ ਇਹ ਘਟਨਾਕ੍ਰਮ ਮਤ-ਪੱਤਰ ਖ਼ਰਾਬ ਕਰਨ ਨਾਲ ਜੁੜਿ ?ਆ ਸੀ ਪਰ ਜੇਕਰ ਅੰਦਰ ਝਾਤ ਮਾਰੀ ਜਾਵੇ ਤਾਂ ਕੁਝ ਲੋਕਾਂ ਨੇ ਆਪਣੀ ਭਰੋਸੇਯੋਗਤਾ ਗੁਆ ਲਈ ਅਤੇ ਕਈਆਂ ਦਾ ਇਸ ਤੰਤਰ ਤੋਂ ਹੀ ਭਰੋਸਾ ਉੱਠ ਗਿਆ। ਅਦਾਲਤ ਨੇ ਇਕੋ ਝਟਕੇ 'ਚ ਲੋਕਾਂ ਦਾ ਭਰੋਸਾ ਬਹਾਲ ਤਾਂ ਕਰ ਦਿੱਤਾ ਪਰ ਸਿਰਫ ਨਿਆਂਪਾਲਿਕਾ ਵਿਚ। ਅਦਾਲਤ ਨੇ ਉਨ੍ਹਾਂ ਲੋਕਾਂ ਨੂੰ ਤਾਂ ਸ਼ੀਸ਼ਾ ਦਿਖਾਇਆ ਜੋ ਤੰਤਰ ਨੂੰ ਕਮਜ਼ੋਰ ਹੁੰਦਾ ਦੇਖਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਨਹੀਂ ਜੋ ਲੁਕ-ਛੁਪ ਕੇ ਆਪਣੀ ਭਰੋਸੇਯੋਗਤਾ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਹਰਸ਼ਦ ਮਹਿਤਾ ਅਤੇ ਅਬਦੁਲ ਕਰੀਮ ਤੇਲਗੀ ਵਾਂਗ ਅੱਜ ਇਕ, ਤੇ ਕੱਲ੍ਹ ਕੋਈ ਹੋਰ ਅਨਿਲ ਮਸੀਹ ਸੰਸਾਰ ਨੂੰ ਇਹ ਦਿਖਾਏਗਾ ਕਿ ਨਿਜ਼ਾਮ ਦੀਆਂ ਕਮੀਆਂ-ਪੇਸ਼ੀਆਂ ਕਿੰਨੀਆਂ ਡੂੰਘੀਆਂ ਹਨ ਤੇ ਇਸ ਲਈ ਸਾਨੂੰ ਉਨ੍ਹਾਂ ਦਾ ਸ਼ੁਕਰੀਆ ਵੀ ਅਦਾ ਕਰਨਾ ਚਾਹੀਦਾ ਹੈ ਪਰ ਇਕ ਮਸੀਹ ਕਾਰਨ ਕਈ ਹੋਰ ਨਜ਼ਰਾਂ 'ਚ ਆਉਣ ਤੋਂ ਬਚ ਗਏ ਹਨ ਜਦਕਿ ਉਨ੍ਹਾਂ ਸ਼ਾਇਦ ਸੰਵਿਧਾਨ ਦਾ ਐਨਾ ਨੁਕਸਾਨ ਕੀਤਾ ਹੈ ਜਿਸ ਦੀ ਭਰਪਾਈ ਕਰਨੀ ਵੀ ਮੁਸ਼ਕਿਲ ਹੋਵੇ। ਕੁਝ ਲੋਕਾਂ ਨੇ ਇਸ ਘਟਨਾਕ੍ਰਮ 'ਚ 'ਈਵੀਐਮ ਬਨਾਮ ਬੈੱਲਟ ਪੇਪਰ' ਬਹਿਸ ਦੇ ਸੂਚਕ ਲੱਭਣ ਦੀ ਕੋਸ਼ਿਸ਼ ਵੀ ਕੀਤੀ ਹੈ। ਉਨ੍ਹਾਂ ਇਹ ਦਲੀਲ ਰੱਖੀ ਹੈ ਕਿ ਮਤ-ਪੱਤਰ (ਬੈੱਲਟ ਪੇਪਰ) ਵਾਂਗ ਈਵੀਐਮ 'ਚ 'ਹੇਰ-ਫੇਰ' ਨਹੀਂ ਕੀਤਾ ਜਾ ਸਕਦਾ। ਫਿਰ ਉਨ੍ਹਾਂ ਦਾ ਹੀ ਕਹਿਣਾ ਹੈ ਕਿ ਮਤ-ਪੱਤਰ ਦੇ ਕੇਸ 'ਚ ਛੇੜਛਾੜ ਦੀ ਸ਼ਨਾਖ਼ਤ ਕਰਨੀ ਸੰਭਵ ਹੈ, ਜਦਕਿ ਈਵੀਐਮ 'ਚ ਕਿਸੇ ਸ਼ੱਕੀ ਲੁਕਵੇਂ 'ਹੇਰ-ਫੇਰ' ਨੂੰ ਲੱਭਣਾ ਬਹੁਤ ਮੁਸ਼ਕਿਲ ਹੈ। ਇਹ ਤਰਕ ਸਾਡੇ ਮੁੜ ਬੈੱਲਟ ਪੇਪਰਾਂ ਵੱਲ ਮੁੜਨ ਅਤੇ ਈਵੀਐਮ ਵੱਲੋਂ ਹਾਸਲ ਕੀਤੀ ਕਾਰਜ-ਕੁਸ਼ਲਤਾ ਗੁਆਉਣ ਦਾ ਆਧਾਰ ਨਹੀਂ ਬਣਨਾ ਚਾਹੀਦਾ। ਇਸ ਦਾ ਇਹ ਮਤਲਬ ਵੀ ਨਹੀਂ ਹੈ ਕਿ ਈਵੀਐਮ ਨਾਲ ਜੁੜੇ ਸ਼ੰਕਿਆਂ ਦਾ ਹੱਲ ਨਾ ਕੱਢਿਆ ਜਾਵੇ। ਇਹ ਵੱਖਰੀ ਭਖਵੀਂ ਜਨਤਕ ਬਹਿਸ ਹੈ ਜਿਸ ਉਤੇ ਸੁਪਰੀਮ ਕੋਰਟ ਗੌਰ ਕਰ ਰਿਹਾ ਹੈ।



ਮਸੀਹ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਰਵਾਇਤੀ ਤੌਰ 'ਤੇ 'ਲਟਕਦੀ ਰਹਿਣ ਵਾਲੀ ਕਾਨੂੰਨੀ ਪ੍ਰਕਿਰਿਆ' ਤੋਂ ਅੱਗੇ ਵਧਦਿਆਂ ਤੁਰੰਤ ਇਨਸਾਫ਼ ਦਿੱਤਾ ਹੈ। ਅਦਾਲਤ ਨੇ ਜਨਤਕ ਤੌਰ 'ਤੇ ਜਾਂਚ ਕਰਦਿਆਂ ਅਜਿਹੇ ਬਿਲਕੁਲ ਸਿੱਧੇ-ਸਾਫ਼ ਮਾਮਲੇ 'ਚ ਸੱਚ ਦਾ ਨਿਖੇੜਾ ਕੀਤਾ ਹੈ ਜਿਸ 'ਚ ਵਿਵਾਦ ਦਾ ਕੋਈ ਸਵਾਲ ਹੀ ਨਹੀਂ ਸੀ। ਦੁਬਾਰਾ ਚੋਣ ਕਰਾਉਣੀ ਵਾਜਿਬ ਨਾ ਹੁੰਦੀ, ਖਾਸ ਤੌਰ 'ਤੇ ਉਦੋਂ ਜਦ ਵਿਵਾਦ ਨਿਗਰਾਨ ਅਫਸਰ ਵੱਲੋਂ ਕੁਝ ਮਤ-ਪੱਤਰਾਂ ਨੂੰ ਖਰਾਬ ਕਰਨ ਤੱਕ ਸੀਮਤ ਸੀ, ਤੇ ਸਪੱਸ਼ਟ ਸਬੂਤ ਵੀ ਸਨ। ਅਦਾਲਤ ਨੇ ਚੋਣ ਪ੍ਰਕਿਰਿਆ ਪ੍ਰਭਾਵਿਤ ਕਰਨ ਵਾਲੇ ਅਧਿਕਾਰੀ ਦੇ ਆਦੇਸ਼ ਖਾਰਜ ਕਰ ਕੇ ਅਤੇ ਫੈਸਲਾ ਦੇਣ ਵੇਲੇ ਉਸ ਵੱਲੋਂ ਰੱਦ ਕੀਤੀਆਂ ਵੋਟਾਂ ਨੂੰ ਸਹੀ ਐਲਾਨ ਕੇ ਬਿਲਕੁਲ ਜਾਇਜ਼ ਕਾਰਵਾਈ ਕੀਤੀ। ਈਵੀਐਮ ਤੋਂ ਪਹਿਲਾਂ ਵਾਲੇ ਦੌਰ 'ਚ ਰਿਟਰਨਿੰਗ ਅਫਸਰ ਉਨ੍ਹਾਂ ਅੱਗੇ ਗਿਣਤੀ ਲਈ ਰੱਖੇ ਜਾਂਦੇ 'ਵਿਵਾਦਤ' ਬੈੱਲਟ ਪੇਪਰਾਂ ਦੀ ਪ੍ਰਮਾਣਿਕਤਾ ਨੂੰ ਤੈਅ ਕਰਨ ਵੇਲੇ ਇਸੇ ਤਰ੍ਹਾਂ ਆਪਣਾ ਜ਼ੋਰ ਵਰਤਦੇ ਰਹੇ ਹਨ। ਸੁਪਰੀਮ ਕੋਰਟ ਦੇ ਫੈਸਲੇ ਨੂੰ ਕ੍ਰਿਕਟ ਦੇ ਡੀਆਰਐੱਸ (ਫ਼ੈਸਲੇ 'ਤੇ ਮੁੜ ਨਜ਼ਰਸਾਨੀ) ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਜਿੱਥੇ ਤੀਜਾ ਅੰਪਾਇਰ ਫੀਲਡ ਅੰਪਾਇਰ ਦੇ ਫੈਸਲੇ ਨੂੰ ਪਲਟਾ ਸਕਦਾ ਹੈ।

ਅਦਾਲਤ ਦੀ ਤੁਰੰਤ ਕਾਰਵਾਈ ਦੀ ਸਿਫ਼ਤ ਕਰਨੀ ਬਣਦੀ ਹੈ ਅਤੇ ਇਸ ਨੂੰ ਸਿਰਫ਼ ਇਸ ਲਈ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿਉਂਕਿ ਮਸੀਹ ਮੁਕਾਬਲਤਨ ਆਸਾਨ ਨਿਸ਼ਾਨਾ ਸੀ। ਦਰਅਸਲ, ਆਪਣੇ ਮਾੜੇ ਵਤੀਰੇ ਨਾਲ ਉਹ ਖ਼ੁਦ ਨੂੰ ਨਿਸ਼ਾਨੇ 'ਤੇ ਲੈ ਆਇਆ ਤੇ ਜੱਜਾਂ ਦੇ ਗੁੱਸੇ ਦਾ ਸ਼ਿਕਾਰ ਬਣਿਆ ਅਤੇ ਨਾਲ ਹੀ ਆਪਣੇ ਆਪ ਨੂੰ ਸਾਰਿਆਂ ਦੇ ਸਾਹਮਣੇ 'ਅਜਿਹਾ ਅਤਿਵਾਦੀ ਬਣਾ ਲਿਆ ਜਿਸ ਨੇ ਛਾਤੀ ਨਾਲ ਬੰਬ ਬੰਨ੍ਹੇ ਹੋਣ।' ਅਦਾਲਤ ਦੇ ਹੁਕਮ ਨੂੰ ਅਜਿਹੇ ਦੰਡ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਜੋ ਉਨ੍ਹਾਂ ਸਾਰਿਆਂ ਨੂੰ ਦਿੱਤਾ ਜਾ ਸਕਦਾ ਹੈ ਜੋ ਨਿਯਮਾਂ-ਕਾਨੂੰਨਾਂ ਤਹਿਤ ਪਵਿੱਤਰ ਮੰਨੀਆਂ ਜਾਂਦੀਆਂ ਪ੍ਰਕਿਰਿਆਵਾਂ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਵੀ ਗਹਿਰਾ ਸਵਾਲ ਇਹ ਹੈ: ਕੀ ਮਸੀਹ ਇਸ ਵਿਚ ਇਕੱਲਾ ਹੀ ਸੀ ਜਾਂ ਉੱਥੇ ਕਈ ਹੋਰ ਵੀ ਸਨ ਜਿਨ੍ਹਾਂ ਉਸ ਦੀ 'ਛਾਤੀ ਦੁਆਲੇ ਬੰਬ ਬੰਨ੍ਹੇ ਹੋਏ ਸਨ', ਤੇ ਉਸ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਜੇ ਉਹ ਕੁਝ ਸਮੇਂ ਲਈ ਆਪਣੇ ਜ਼ਮੀਰ ਦੀ 'ਕੁਰਬਾਨੀ' ਦੇ ਦੇਵੇ ਤਾਂ ਉਸ ਨੂੰ ਢੁਕਵਾਂ ਇਨਾਮ ਮਿਲੇਗਾ। ਇਹ ਅਜਿਹੀ ਚੀਜ਼ ਹੈ ਜੋ ਇਸ ਘਿਨਾਉਣੇ ਮਾਮਲੇ ਦੀ ਜਾਂਚ ਮੰਗਦੀ ਹੈ। ਜਿਸ ਕੋਝੇ ਢੰਗ ਨਾਲ 'ਚੁਣੇ' ਹੋਏ ਮੇਅਰ ਨੇ ਆਪਣਾ ਅਹੁਦਾ ਸੰਭਾਲਣ ਦੀ ਕਾਹਲ ਕੀਤੀ, ਇਹ ਸਫਲਤਾ ਦਾ ਸਹਿਜ-ਸੁਭਾਅ ਜਸ਼ਨ ਮਨਾਉਣਾ ਤਾਂ ਨਹੀਂ ਜਾਪਦਾ ਸਗੋਂ ਅਜਿਹੀ ਸਾਜਿ ?ਸ਼ ਦਾ ਹਿੱਸਾ ਲੱਗਦਾ ਹੈ ਜਿਸ ਦੀ ਪਟਕਥਾ ਪਹਿਲਾਂ ਹੀ ਲਿਖੀ ਹੋਈ ਸੀ ਤੇ ਅਗਲੀ ਖੇਡ ਅਗਲੇ ਇਸ਼ਾਰੇ ਉਤੇ ਖੇਡੀ ਜਾਣੀ ਸੀ। ਨਿਗਰਾਨ ਅਫਸਰ ਮਹਿਜ਼ ਇਸ 'ਚ ਮਦਦ ਕਰ ਰਿਹਾ ਸੀ।

ਇਹ ਸਾਰੀ ਚਾਲ ਹੀ ਸੀ। ਪਹਿਲਾਂ ਭ੍ਰਿਸ਼ਟ ਯੋਜਨਾਬੰਦੀ, ਫਿਰ ਕੋਝਾ ਅਮਲ ਅਤੇ ਉਸ ਤੋਂ ਬਾਅਦ ਕਾਹਲੀ 'ਚ ਕਬਜ਼ਾ। ਉਸ ਤੋਂ ਬਾਅਦ ਕੌਂਸਲਰਾਂ ਦਾ ਦਲ ਬਦਲਣਾ ਅਤੇ ਮੇਅਰ ਦਾ ਅਸਤੀਫ਼ਾ ਹੁਸ਼ਿਆਰੀ ਨਾਲ ਸਿਰੇ ਚੜ੍ਹਾਈ ਕਾਰਵਾਈ ਸੀ ਪਰ ਲਗਾਤਾਰ ਬਦਲ ਰਹੇ ਮੰਜ਼ਰ 'ਚ ਖੜ੍ਹੇ ਪੈਰ ਲਾਈਆਂ ਇਹ ਜੁਗਤਾਂ ਕੰਮ ਨਾ ਆ ਸਕੀਆਂ। ਜ਼ਰੂਰ ਇਸ ਪਿੱਛੇ ਕੋਈ ਨਾ ਕੋਈ ਮੁੱਖ ਸਾਜਿ ?ਸ਼ਕਰਤਾ ਹੋਵੇਗਾ। ਅਖ਼ੀਰ ਅਦਾਲਤ ਨੇ ਲਾਚਾਰੀ ਦੀ ਇਸ ਸਥਿਤੀ 'ਚ ਅਣਕਿਆਸੀ ਤਾਕਤ ਵਜੋਂ ਨਿੱਤਰਦਿਆਂ ਫ਼ੈਸਲਾ ਸੁਣਾਇਆ। ਹਾਲਾਂਕਿ ਜੇਕਰ ਕਾਨੂੰਨੀ ਤੌਰ 'ਤੇ ਪ੍ਰਵਾਨਗੀ ਮਿਲਦੀ ਹੈ ਤਾਂ ਨਵੇਂ ਬਣੇ ਮੇਅਰ ਨੂੰ ਬੇਭਰੋਸਗੀ ਮਤੇ ਰਾਹੀਂ ਲਾਂਭੇ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਹ ਯਤਨ ਸਫਲ ਵੀ ਹੋ ਸਕਦਾ ਹੈ ਕਿਉਂਕਿ ਇਸ 'ਬਾਜ਼ਾਰ' ਵਿਚ ਹਰ ਚੀਜ਼ ਦੀ ਕੀਮਤ ਹੈ। ਦੇਖਿਆ ਜਾਵੇ ਤਾਂ ਇਹ ਲੋਕਤੰਤਰ ਨਾਲ ਹੋਰ ਛੇੜਛਾੜ ਨੂੰ ਹੀ ਹੁਲਾਰਾ ਦੇਵੇਗਾ ਕਿਉਂਕਿ ਕਾਨੂੰਨ ਹੁਣ ਗ਼ੈਰ-ਕੁਦਰਤੀ ਸਾਥ ਮਾਨਣ 'ਤੇ ਰੋਕ ਨਹੀਂ ਲਾਉਂਦਾ। ਇਹ ਦੇਖ ਕੇ ਕੋਈ ਹੈਰਾਨੀ ਨਹੀਂ ਹੁੰਦੀ ਕਿ ਅਜਿਹੀ ਸ਼ਰੇਆਮ ਅਸੱਭਿਅਕ ਤੇ ਸਾਜਿ ?ਸ਼ੀ ਕੋਸ਼ਿਸ਼ ਰਾਹੀਂ ਜਿਸ ਪਾਰਟੀ ਨੂੰ ਸੱਤਾ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ, ਉਸ ਵੱਲੋਂ ਅਜੇ ਤੱਕ ਇਕ ਵੀ ਸ਼ਬਦ ਨਹੀਂ ਬੋਲਿਆ ਗਿਆ। ਮਸੀਹ ਦੇ ਕੇਸ ਵਿਚ ਸੁਪਰੀਮ ਕੋਰਟ ਨੇ ਨਿਆਂਸੰਗਤ ਕਾਰਵਾਈ ਕੀਤੀ ਹੈ। ਜਦ ਜੱਜਾਂ ਨੇ ਦਿਨ-ਦਿਹਾੜੇ ਲੁੱਟ ਹੁੰਦੀ ਦੇਖੀ ਤੇ ਲੁਟੇਰੇ ਫੜੇ ਗਏ ਤਾਂ ਉਨ੍ਹਾਂ 'ਲੁੱਟ' ਮੋੜਨ ਦਾ ਫੈਸਲਾ ਕੀਤਾ। ਇਸ ਮਾਮਲੇ ਵਿਚ ਉਹ ਬੇਸ਼ਕੀਮਤੀ ਲੋਕਤੰਤਰ ਸ਼ਾਮਲ ਸੀ ਜਿਸ ਨੂੰ ਹਾਸਲ ਕਰਨ ਲਈ ਦੇਸ਼ ਨੇ ਲੰਮਾ ਸੰਘਰਸ਼ ਲੜਿ ?ਆ ਹੈ। ਹੁਣ ਸੁਪਰੀਮ ਕੋਰਟ ਦੇ ਇਸ ਨੂੰ ਬਹਾਲ ਕਰਨ 'ਤੇ, ਕੀ ਭਾਰਤ ਦੇ ਲੋਕ ਇਸ ਦੀ ਰਾਖੀ ਲਈ ਆਪਣੇ ਵੱਲੋਂ ਵੀ ਕੁਝ ਯੋਗਦਾਨ ਦੇਣਗੇ ? ਕੀ ਇਹੀ ਸਿਧਾਂਤ ਚੋਣ ਬਾਂਡਾਂ ਉੱਤੇ ਲਾਗੂ ਹੋਣਾ ਚਾਹੀਦਾ ਹੈ, ਇਹ ਵੀ ਚਰਚਾ ਦਾ ਵਿਸ਼ਾ ਹੈ। ਇਹ 'ਡੇਵਿਡ ਤੇ ਗੋਲਾਇਥ ਵਿਚਕਾਰ' ਪਹਿਲੀ ਲੜਾਈ ਨਹੀਂ, ਤੇ ਨਾ ਹੀ ਆਖਿਰੀ।

# ਖੇਤਰੀ ਸਿਨੇਮਾ ਦਾ ਸਸ਼ਕਤੀਕਰਨ: ਚੰਡੀਗੜ੍ਹ ਵਿੱਚ ਸੀਬੀਐੱਫਸੀ ਖੇਤਰੀ ਦ.ਫਤਰ ਦੀ ਸਥਾਪਨਾ ਦਾ ਮਹੱਤਵ

ਖੇਤਰੀ ਸਿਨੇਮਾ ਦੇ ਸਸ਼ਕਤੀਕਰਨ ਅਤੇ ਫਿਲਮ ਨਿਰਮਾਤਾਵਾਂ ਲਈ ਪ੍ਰਮਾਣੀਕਰਣ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਵਿੱਚ, ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਸ਼੍ਰੀ ਅਨੁਰਾਗ ਠਾਕੁਰ ਨੇ ਹਾਲ ਹੀ ਵਿੱਚ ਚੰਡੀਗੜ੍ਹ ਵਿੱਚ ਸੈਂਟਰਲ ਬੋਰਡ ਆਵ ? ਫਿਲਮ ਸਰਟੀਫਿਕੇਸ਼ਨ (ਸੀਬੀਐੱਫਸੀ) ਦੇ ਇੱਕ ਖੇਤਰੀ ਸੁਵਿਧਾ ਦਫਤਰ ਦੀ ਸਥਾਪਨਾ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਚਿੱਤਰ ਭਾਰਤੀ ਫਿਲਮ ਫੈਸਟੀਵਲ ਦੌਰਾਨ ਕੀਤੀ ਗਈ ਇਸ ਘੋਸ਼ਣਾ ਦਾ ਖਾਸ ਤੌਰ 'ਤੇ ਪੰਜਾਬੀ ਫਿਲਮ ਇੰਡਸਟਰੀ ਦੇ ਹਿਤਧਾਰਕਾਂ ਦੁਆਰਾ ਉਤਸ਼ਾਹ ਅਤੇ ਉਮੀਦ ਨਾਲ ਸਵਾਗਤ ਕੀਤਾ ਗਿਆ ਹੈ।

ਸੀਬੀਐੱਫਸੀ, ਆਮ ਤੌਰ 'ਤੇ ਸੈਂਸਰ ਬੋਰਡ ਵਜੋਂ ਜਾਣਿਆ ਜਾਂਦਾ ਹੈ, ਭਾਰਤ ਵਿੱਚ ਪਬਲਿਕ ਪ੍ਰਦਰਸ਼ਨੀ ਤੋਂ ਪਹਿਲਾਂ ਫਿਲਮਾਂ ਨੂੰ ਪ੍ਰਮਾਣਿਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ, ਸਿਨੇਮੈਟੋਗ੍ਰਾਫ ਐਕਟ ਦੁਆਰਾ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਾ ਹੈ। ਹਾਲਾਂਕਿ, ਮੁੰਬਈ ਵਿੱਚ ਹੈੱਡਕੁਆਰਟਰ ਸਥਿਤ ਨੌਂ ਖੇਤਰੀ ਦਫਤਰਾਂ ਦੀ ਮੌਜੂਦਾ ਸਥਾਪਨਾ ਦੇ ਬਾਵਜੂਦ, ਚੰਡੀਗੜ੍ਹ ਵਿੱਚ ਇੱਕ ਖੇਤਰੀ ਦਫਤਰ ਦੀ ਅਣਹੋਂਦ ਕਾਰਨ ਪੰਜਾਬ ਖੇਤਰ ਵਿੱਚ ਫਿਲਮ ਨਿਰਮਾਤਾਵਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੁਨਿਆਦੀ ਢਾਂਚੇ ਦੀ ਇਸ ਕਮੀ ਦੇ ਕਾਰਨ, ਫਿਲਮ ਨਿਰਮਾਤਾਵਾਂ ਨੂੰ ਅਕਸਰ ਦਿੱਲੀ ਜਾਂ ਮੁੰਬਈ ਤੱਕ ਲੰਬੀ ਦੂਰੀ ਦੀ ਯਾਤਰਾ ਕਰਨੀ ਪੈਂਦੀ ਹੈ, ਜਿਸ ਨਾਲ ਲੌਜਿਸਟਿਕਲ ਪੇਚੀਦਗੀਆਂ ਅਤੇ ਪ੍ਰਮਾਣੀਕਰਣ ਪ੍ਰਕਿਰਿਆ ਵਿੱਚ ਦੇਰੀ ਹੁੰਦੀ ਹੈ।

ਚੰਡੀਗੜ੍ਹ ਵਿੱਚ ਸੀਬੀਐੱਫਸੀ ਦਫ਼ਤਰ ਦੀ ਸਥਾਪਨਾ ਇਨ੍ਹਾਂ ਚੁਣੌਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰੇਗੀ। ਖੇਤਰ ਵਿੱਚ ਫਿਲਮ ਨਿਰਮਾਤਾਵਾਂ ਲਈ ਸਰਟੀਫਿਕੇਸ਼ਨ ਤੱਕ ਅਸਾਨ ਪਹੁੰਚ ਪ੍ਰਦਾਨ ਕਰਕੇ, ਇਹ ਪ੍ਰਮਾਣੀਕਰਣ ਪ੍ਰਕਿਰਿਆ ਨੂੰ ਸੁਚਾਰੂ ਬਣਾਏਗਾ ਅਤੇ ਪ੍ਰਵਾਨਗੀ ਪ੍ਰਾਪਤ ਕਰਨ ਨਾਲ ਜੁੜੀਆਂ ਨੌਕਰਸ਼ਾਹੀ ਰੁਕਾਵਟਾਂ ਨੂੰ ਘਟਾਏਗਾ। ਇਹ ਕਦਮ ਸਿਰਫ਼ ਪ੍ਰਸ਼ਾਸਕੀ ਹੀ ਨਹੀਂ ਹੈ ਬਲਕਿ ਜੀਵੰਤ ਅਤੇ ਤੇਜ਼ੀ ਨਾਲ ਉੱਭਰ ਰਹੇ ਪੰਜਾਬੀ ਫ਼ਿਲਮ ਉਦਯੋਗ ਦੀ ਮਾਨਤਾ ਦਾ ਪ੍ਰਤੀਕ ਹੈ।

'ਕੈਰੀ ਔਨ ਜੱਟਾ 3' ਜਿਹੀਆਂ ਫਿਲਮਾਂ ਨੇ ਬਾਕਸ ਆਫਿਸ 'ਤੇ ਸਫਲਤਾ ਦੇ ਨਵੇਂ ਮਾਪਦੰਡ ਸਥਾਪਿਤ ਕੀਤੇ, ਪੰਜਾਬੀ ਸਿਨੇਮਾ ਹਾਲ ਹੀ ਦੇ ਸਾਲਾਂ ਵਿੱਚ ਇੱਕ ਤਰ੍ਹਾਂ ਦੇ ਪੁਨਰ-ਜਾਗਰਣ ਦਾ ਅਨੁਭਵ ਕਰ ਰਿਹਾ ਹੈ। ਇਨ੍ਹਾਂ ਫਿਲਮਾਂ ਦੇ ਆਰਥਿਕ ਪ੍ਰਭਾਵ ਨੂੰ ਘੱਟ ਨਹੀਂ ਸਮਝਿਆ ਜਾ ਸਕਦਾ, ਜਿਵੇਂ ਕਿ ਸਿਰਫ 2023 ਵਿੱਚ ਉਨ੍ਹਾਂ ਦੀ 300 ਕਰੋੜ ਰੁਪਏ ਤੋਂ ਵੱਧ ਦੀ ਸਮੂਹਿਕ ਕਮਾਈ ਦੁਆਰਾ ਦਰਸਾਇਆ ਗਿਆ ਹੈ। ਚੰਡੀਗੜ੍ਹ ਵਿੱਚ ਸੀਬੀਐੱਫਸੀ ਦਫਤਰ ਦੀ ਸਥਾਪਨਾ ਖੇਤਰੀ ਫਿਲਮ ਉਦਯੋਗ ਦੀ ਆਰਥਿਕ ਸਮਰੱਥਾ ਨੂੰ ਸਵੀਕਾਰ ਕਰਦੀ ਹੈ ਅਤੇ ਇਸਦੇ ਵਿਕਾਸ ਦੇ ਮਾਰਗ ਨੂੰ ਸਮਰਥਨ ਦੇਣ ਦਾ ਇੱਕ ਯਤਨ ਹੈ। ਆਰਥਿਕ ਵਿਚਾਰਾਂ ਤੋਂ ਪਰੇ, ਚੰਡੀਗੜ੍ਹ ਵਿੱਚ ਸੀਬੀਐੱਫਸੀ ਦਫ਼ਤਰ ਦੀ ਸਥਾਪਨਾ ਦਾ ਬਹੁਤ ਸੱਭਿਆਚਾਰਕ ਮਹੱਤਵ ਹੈ। ਇਹ ਪੰਜਾਬੀ ਸੱਭਿਆਚਾਰ ਅਤੇ ਕਹਾਣੀ ਸੁਣਾਉਣ ਦੀਆਂ ਪਰੰਪਰਾਵਾਂ ਦੀ ਪ੍ਰਮਾਣਿਕ ਨੁਮਾਇੰਦਗੀ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ, ਜੋ ਅਕਸਰ ਮੁੱਖ ਧਾਰਾ ਦੀਆਂ ਬਾਲੀਵੁੱਡ ਫਿਲਮਾਂ ਵਿੱਚ ਪਾਏ ਜਾਂਦੇ ਰੂੜ੍ਹੀਵਾਦੀ ਚਿੱਤਰਾਂ ਦਾ ਮੁਕਾਬਲਾ ਕਰਦਾ ਹੈ। ਇਹ ਕਦਮ ਖੇਤਰੀ ਫਿਲਮ ਨਿਰਮਾਤਾਵਾਂ ਨੂੰ ਆਪਣੀਆਂ ਕਹਾਣੀਆਂ ਨੂੰ ਸੂਖਮਤਾ ਅਤੇ ਪ੍ਰਮਾਣਿਕਤਾ ਨਾਲ ਦੱਸਣ ਅਤੇ ਵਿਭਿੰਨ ਬਿਰਤਾਂਤਾਂ ਨਾਲ ਸਿਨੇਮਾ ਦੇ ਲੈਂਡਸਕੇਪ ਨੂੰ ਸਮ੍ਰਿੱਧ ਬਣਾਉਣ ਲਈ ਸਸ਼ਕਤ ਬਣਾਉਂਦਾ ਹੈ।

ਇਸ ਤੋਂ ਇਲਾਵਾ, ਚੰਡੀਗੜ੍ਹ ਵਿੱਚ ਸੀਬੀਐੱਫਸੀ ਖੇਤਰੀ ਦਫ਼ਤਰ ਦੀ ਸਥਾਪਨਾ ਨਾ ਸਿਰਫ਼ ਫ਼ਿਲਮ ਨਿਰਮਾਤਾਵਾਂ ਲਈ, ਬਲਕਿ ਸਥਾਨਕ ਅਰਥਵਿਵਸਥਾ ਅਤੇ ਸੱਭਿਆਚਾਰਕ ਦ੍ਰਿਸ਼ਟੀਕੋਣ ਲਈ ਵੀ ਇੱਕ ਵਰਦਾਨ ਹੈ। ਇਹ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਖੇਤਰੀ ਸਿਨੇਮਾ ਦੇ ਕੇਂਦਰ ਵਜੋਂ ਚੰਡੀਗੜ੍ਹ ਦੇ ਵਿਕਾਸ ਅਤੇ ਪਛਾਣ ਵਿੱਚ ਯੋਗਦਾਨ ਪਾਉਣ ਲਈ ਤਿਆਰ ਹੈ। ਇਹ ਵਿਕਾਸ ਭਾਰਤੀ ਫਿਲਮ ਉਦਯੋਗ ਵਿੱਚ ਸੱਭਿਆਚਾਰਕ ਵਿਭਿੰਨਤਾ ਅਤੇ ਵਿਕੇਂਦਰੀਕਰਨ ਨੂੰ ਉਤਸ਼ਾਹਿਤ ਕਰਨ ਦੇ ਵਿਆਪਕ ਦ੍ਰਿਸ਼ਟੀਕੋਣ ਦੇ ਅਨੁਰੂਪ ਹੈ।

ਕੁੱਲ ਮਿਲਾ ਕੇ, ਚੰਡੀਗੜ੍ਹ ਵਿੱਚ ਸੀਬੀਐੱਫਸੀ ਖੇਤਰੀ ਦਫਤਰ ਦੀ ਸਥਾਪਨਾ ਖੇਤਰੀ ਸਿਨੇਮਾ, ਖਾਸ ਕਰਕੇ ਜੀਵੰਤ ਪੰਜਾਬੀ ਫਿਲਮ ਉਦਯੋਗ ਲਈ ਸਸ਼ਕਤੀਕਰਨ ਅਤੇ ਮਾਨਤਾ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦੀ ਹੈ। ਇਹ ਦੇਸ਼ ਭਰ ਦੇ ਫਿਲਮ ਨਿਰਮਾਤਾਵਾਂ ਦੀਆਂ ਵਿਭਿੰਨ ਜ਼ਰੂਰਤਾਂ ਨੂੰ ਪੂਰਾ ਕਰਨ ਵਾਲੇ ਬੁਨਿਆਦੀ ਢਾਂਚੇ ਅਤੇ ਸਹਾਇਤਾ ਪ੍ਰਣਾਲੀਆਂ ਪ੍ਰਦਾਨ ਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੀ ਹੈ।

ਜਿਵੇਂ ਕਿ ਅਸੀਂ ਇਸ ਪਹਿਲਕਦਮੀ ਦੇ ਸਫਲ ਹੋਣ ਦੀ ਉਡੀਕ ਕਰ ਰਹੇ ਹਾਂ, ਖੇਤਰੀ ਸਿਨੇਮਾ ਦੇ ਸਮ੍ਰਿੱਧ ਵਿਜ਼ੂਅਲ ਆਰਟ ਫਾਰਮ (ਟੇਪੇਸਟ੍ਰੀ) ਅਤੇ ਭਾਰਤ ਦੀ ਸੱਭਿਆਚਾਰਕ ਵਿਰਾਸਤ ਵਿੱਚ ਇਸ ਦੇ ਅਮੁੱਲ ਯੋਗਦਾਨ ਦਾ ਜਸ਼ਨ ਮਨਾਉਣਾ ਲਾਜ਼ਮੀ ਹੈ। ਮੇਰਾ ਮੰਨਣਾ ਹੈ ਕਿ ਚੰਡੀਗੜ੍ਹ ਵਿੱਚ ਸੀਬੀਐੱਫਸੀ ਦੇ ਖੇਤਰੀ ਦਫ਼ਤਰ ਦੀ ਸਥਾਪਨਾ ਪੰਜਾਬੀ ਫਿਲਮ ਉਦਯੋਗ ਲਈ ਇੱਕ ਗੇਮ-ਚੇਂਜਰ ਸਾਬਤ ਹੋਵੇਗੀ, ਜੋ ਕਿ ਰਾਸ਼ਟਰੀ ਮੰਚ 'ਤੇ ਪੰਜਾਬੀ ਕਹਾਣੀ ਸੁਣਾਉਣ ਦੀ ਪ੍ਰਮਾਣਿਕਤਾ ਨੂੰ ਬਰਕਰਾਰ ਰੱਖਦਿਆਂ ਸਿਲਵਰ ਸਕਰੀਨ 'ਤੇ ਸੱਭਿਆਚਾਰਕ ਪ੍ਰਤੀਨਿਧਤਾ ਨੂੰ ਭਰਪੂਰ ਕਰਦੇ ਹੋਏ ਖੇਤਰੀ ਸਿਨੇਮਾ ਦੇ ਲਈ ਬਹੁਤ ਲੋੜੀਂਦਾ ਸਮਰਥਨ, ਮਾਨਤਾ ਅਤੇ ਸ਼ਕਤੀ ਪ੍ਰਦਾਨ ਕਰੇਗੀ।

**- ਡਾ. ਸਿੰਮੀ**
**ਮੁਖੀ, ਡਾਂਸ ਵਿਭਾਗ, ਪਰਫਾਰਮਿੰਗ ਆਰਟਸ ਫੈਕਲਟੀ,**
**ਪੰਜਾਬੀ ਯੂਨੀਵਰਸਿਟੀ ਪਟਿਆਲਾ।**

# ਸ਼ੇਅਰ ਮਾਰਕਿਟ 'ਚ ਇਨਵੈਸਟਮੈਂਟ ਦਾ ਝਾਂਸਾ ਦੇ ਕੇ 1.28 ਕਰੋੜ ਰੁਪਏ ਦੀ ਠੱਗੀ



**ਸੰਗਰੂਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਜ਼ਿਲ੍ਹਾ ਪੁਲਸ ਨੂੰ ਉਸ ਸਮੇਂ ਸਫਲਤਾ ਮਿਲੀ, ਜਦੋਂ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਯੂਨਿਟ ਸੰਗਰੂਰ ਵੱਲੋਂ ਬ੍ਰਿਜ ਮੋਹਨ ਭੰਡਾਰੀ ਪੁੱਤਰ ਕ੍ਰਿਸ਼ਨ ਗੋਪਾਲ ਭੰਡਾਰੀ ਵਾਸੀ ਧੂਰੀ ਨਾਲ ਸ਼ੇਅਰ ਮਾਰਕਿਟ 'ਚ ਇਨਵੈਸਟ ਕਰਵਾਉਣ ਦੇ ਨਾਂ 'ਤੇ 1 ਕਰੋੜ, 28 ਲੱਖ, 46 ਹਜ਼ਾਰ 800 ਰੁਪਏ ਦੀ ਠੱਗੀ ਮਾਰਨ ਵਾਲੇ ਰਾਏਪੁਰ, ਛੱਤੀਸਗੜ੍ਹ ਦੇ ਇੱਕ ਗਿਰੋਹ ਦੇ 2 ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕੋਲੋਂ 30 ਲੱਖ ਰੁਪਏ ਵਾਪਸ ਕਰਵਾਏ ਗਏ ਹਨ।

ਇਸ ਗਿਰੋਹ ਸਬੰਧੀ ਹੋਰ ਜਾਣਕਾਰੀ ਦਿੰਦਿਆ ਐੱਸ. ਐੱਸ. ਪੀ. ਚਾਹਲ ਅਤੇ ਐੱਸ. ਪੀ. ਪਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਗਿਰੋਹ ਦੇ ਮੈਂਬਰਾਂ ਵਲੋਂ ਬ੍ਰਿਜ ਮੋਹਨ ਭੰਡਾਰੀ ਨਾਲ ਮੋਬਾਇਲ ਫੋਨ ਜ਼ਰੀਏ ਸੰਪਰਕ ਕਰਕੇ ਸ਼ੇਅਰ ਮਾਰਕਿਟ ਵਿਚ ਇਨਵੈਸਟ ਕਰਵਾਉਣ ਲਈ ਭਰੋਸੇ ਵਿੱਚ ਲਿਆ ਗਿਆ। ਫਿਰ ਅਗਸਤ, 2023 ਤੋਂ ਲਗਾਤਾਰ ਮੁੱਦਈ ਪਾਸੋਂ ਸਾਰਾ ਪੈਸਾ ਕਿਸ਼ਤਾਂ ਵਿੱਚ ਵੱਖ-ਵੱਖ ਬੈਂਕ ਖ਼ਾਤਿਆਂ ਵਿੱਚ ਪਵਾਇਆ ਗਿਆ।

ਫਿਰ ਮੁਦੱਈ ਵੱਲੋਂ ਪੁਲਸ ਵਿਭਾਗ ਨੂੰ ਦਰਖ਼ਾਸਤ ਦੇਣ ਉਪਰੰਤ ਵੱਖ-ਵੱਖ ਧਰਾਵਾਂ ਤਹਿਤ ਥਾਣਾ ਸਿਟੀ ਧੂਰੀ ਵਿਖੇ ਮੁਕੱਦਮਾ ਰਜਿਸਟਰ ਕੀਤਾ ਗਿਆ। ਮੁਕੱਦਮਾ ਦਰਜ ਹੋਣ 'ਤੇ ਐੱਸ. ਐੱਸ. ਪੀ. ਚਾਹਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੰਸਪੈਕਟਰ ਹਰਜੀਤ ਕੌਰ, ਇੰਚਾਰਜ ਸਾਇਬਰ ਕ੍ਰਾਈਮ ਇਨਵੈਸਟੀਗੇਸ਼ਨ ਯੂਨਿਟ, ਸੰਗਰੂਰ ਸਮੇਤ ਸਟਾਫ ਵੱਲੋਂ ਉਕਤ ਅਪਰਾਧ ਬਾਬਤ ਫੌਰੀ ਕਾਰਵਾਈ ਕਰਕੇ ਰਾਏਪੁਰ, ਛੱਤੀਸਗੜ੍ਹ ਵਿਖੇ ਛਾਪੇਮਾਰੀ ਕੀਤੀ ਗਈ ਅਤੇ ਇਸ ਠੱਗੀ ਵਿੱਚ ਸ਼ਾਮਲ ਦੋਸ਼ੀ ਆਕਾਸ਼ ਬਜਾਜ ਪੁੱਤਰ ਅੰਮ੍ਰਿਤ ਬਜਾਜ ਅਤੇ ਤਰੁਣ ਧਰਮਦਸਾਨੀ ਪੁੱਤਰ ਲੇਟ ਰਾਜ ਕੁਮਾਰ ਧਰਮਦਸਾਨੀ ਵਾਸੀਆਨ ਰਾਏਪੁਰ, ਛੱਤੀਸਗੜ੍ਹ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਦੋਸ਼ੀਆਨ ਉਕਤਾਨ ਦੀ ਗ੍ਰਿਫ਼ਤਾਰੀ ਤੋਂ ਬਾਅਦ ਦੋਸ਼ੀ ਪਾਰਟੀ ਵੱਲੋਂ 30 ਲੱਖ ਰੁਪਏ ਮੁੱਦਈ ਦੇ ਖਾਤੇ ਵਿੱਚ ਟਰਾਂਸਫਰ ਕਰਕੇ ਵਾਪਸ ਕੀਤੇ ਜਾ ਚੁੱਕੇ ਹਨ।

ਦੌਰਾਨੇ ਪੁਲਸ ਰਿਮਾਂਡ ਗ੍ਰਿਫ਼ਤਾਰ ਕੀਤੇ ਦੋਸ਼ੀਆਂ ਕੋਲੋਂ ਉਕਤ ਠੱਗੀ ਬਾਰੇ ਡੂੰਘਾਈ ਨਾਲ ਪੁੱਛਗਿੱਛ ਕਰਕੇ ਠੱਗੀ ਵਿੱਚ ਸ਼ਾਮਲ ਹੋਰ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਜਾਵੇਗਾ ਅਤੇ ਇਨ੍ਹਾਂ ਦੇ ਟਿਕਾਣਿਆਂ ਪਰ ਛਾਪੇਮਾਰੀ ਕਰਕੇ ਬਾਕੀ ਦੋਸ਼ੀ ਜਲਦੀ ਗ੍ਰਿਫ਼ਤਾਰ ਕੀਤੇ ਜਾਣਗੇ।

# ਸਾਲ 2029 ਵਿਚ ਇਕੱਠੇ ਹੋ ਸਕਦੀਆਂ ਹਨ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ

**ਨਵੀਂ ਦਿੱਲੀ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2029 'ਚ 'ਇਕ ਰਾਸ਼ਟਰ, ਇਕ ਚੋਣ' ਦੀ ਯੋਜਨਾ ਲਾਗੂ ਹੋ ਸਕਦੀ ਹੈ। ਜਾਣਕਾਰੀ ਮੁਤਾਬਕ ਕਾਨੂੰਨ ਕਮਿਸ਼ਨ ਸੰਵਿਧਾਨ ਵਿੱਚ 'ਇੱਕ ਰਾਸ਼ਟਰ, ਇੱਕ ਚੋਣ' 'ਤੇ ਇੱਕ ਨਵਾਂ ਅਧਿਆਏ ਅਤੇ 2029 ਦੇ ਅੱਧ ਤੱਕ ਦੇਸ਼ ਭਰ ਵਿੱਚ ਲੋਕ ਸਭਾ, ਵਿਧਾਨ ਸਭਾ ਅਤੇ ਸਿਵਲ ਸੰਸਥਾਵਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣ ਦੀ ਲੋਕਤੰਤਰੀ ਪ੍ਰਕਿਰਿਆ ਨੂੰ ਜੋੜਨ ਦੀ ਸਿਫ਼ਾਰਸ਼ ਕਰ ਸਕਦਾ ਹੈ।




ਜਸਟਿਸ (ਸੇਵਾਮੁਕਤ) ਰੁਤੂਰਾਜ ਅਵਸਥੀ ਦੀ ਅਗਵਾਈ ਵਾਲਾ ਕਮਿਸ਼ਨ ਇੱਕੋ ਸਮੇਂ ਚੋਣਾਂ 'ਤੇ 'ਨਵਾਂ ਅਧਿਆਏ ਜਾਂ ਧਾਰਾ' ਜੋੜਨ ਲਈ ਸੰਵਿਧਾਨ ਵਿੱਚ ਸੋਧਾਂ ਦੀ ਸਿਫ਼ਾਰਸ਼ ਕਰੇਗਾ। ਕਮਿਸ਼ਨ ਅਗਲੇ ਪੰਜ ਸਾਲਾਂ ਵਿੱਚ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ 'ਤਿੰਨ ਪੜਾਵਾਂ' ਵਿੱਚ ਜੋੜਨ ਦੀ ਸਿਫ਼ਾਰਸ਼ ਵੀ ਕਰੇਗਾ, ਤਾਂ ਜੋ ਪਹਿਲੀ ਵਾਰ ਮਈ-ਜੂਨ 2029 ਵਿੱਚ 19ਵੀਂ ਲੋਕ ਸਭਾ ਲਈ ਦੇਸ਼ ਭਰ ਵਿੱਚ ਇੱਕੋ ਸਮੇਂ ਚੋਣਾਂ ਕਰਵਾਈਆਂ ਜਾਣ।

ਸੂਤਰਾਂ ਨੇ ਦੱਸਿਆ ਕਿ ਸੰਵਿਧਾਨ ਦੇ ਨਵੇਂ ਅਧਿਆਏ ਵਿੱਚ ਲੋਕ ਸਭਾ, ਵਿਧਾਨ ਸਭਾਵਾਂ, ਪੰਚਾਇਤਾਂ ਅਤੇ ਨਗਰ ਪਾਲਿਕਾਵਾਂ ਲਈ 'ਇਕੋ ਸਮੇਂ ਚੋਣਾਂ' ਦੀ ਸਥਿਰਤਾ' ਅਤੇ 'ਸਾਂਝੀ ਵੋਟਰ ਸੂਚੀ' ਨਾਲ ਸਬੰਧਤ ਮੁੱਦੇ ਸ਼ਾਮਲ ਹੋਣਗੇ, ਤਾਂ ਜੋ ਤਿੰਨ-ਪੱਧਰੀ ਚੋਣਾਂ ਹੋ ਸਕਣ। ਜਿਸ 'ਤੇ ਨਵੇਂ ਅਧਿਆਏ ਦੀ ਸਿਫਾਰਸ਼ ਕੀਤੀ ਜਾ ਰਹੀ ਹੈ।

ਇਸ ਵਿਚ ਵਿਧਾਨਸਭਾਵਾਂ ਦੇ ਕਾਰਜਕਾਲ ਨਾਲ ਸਬੰਧਿਤ ਸੰਵਿਧਾਨ ਦੇ ਹੋਰ ਉਪਬੰਧਾਂ ਨੂੰ ਖ਼ਤਮ ਕਰਨ ਦੀ ਸ਼ਕਤੀ ਦੀ ਵਿਵਸਥਾ ਕੀਤੀ ਜਾਵੇਗੀ।

ਪੰਜ ਸਾਲਾਂ ਦੀ ਮਿਆਦ ਜਿਸ ਵਿੱਚ ਵਿਧਾਨ ਸਭਾਵਾਂ ਦੀ ਮਿਆਦ ਸੀਮਤ ਹੋਵੇਗੀ, ਦੇ ਤਿੰਨ ਪੜਾਅ ਹੋਣਗੇ। ਕਮਿਸ਼ਨ ਸਿਫਾਰਿਸ਼ ਕਰੇਗਾ ਕਿ ਪਹਿਲਾ ਪੜਾਅ ਉਨ੍ਹਾਂ ਵਿਧਾਨ ਸਭਾਵਾਂ ਲਈ ਹੋਵੇਗਾ ਜਿਨ੍ਹਾਂ ਦਾ ਕਾਰਜਕਾਲ ਤਿੰਨ ਜਾਂ ਛੇ ਮਹੀਨੇ ਘਟਾਇਆ ਜਾਵੇਗਾ। ਜੇਕਰ ਕੋਈ ਸਰਕਾਰ ਅਵਿਸ਼ਵਾਸ ਕਾਰਨ ਡਿੱਗਦੀ ਹੈ

ਜਾਂ ਜੇਕਰ ਕੋਈ ਤ੍ਰਿਸ਼ੂਲ ਅਸੈਂਬਲੀ ਬਣ ਜਾਂਦੀ ਹੈ, ਤਾਂ ਕਮਿਸ਼ਨ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਵਾਲੀ 'ਏਕਤਾ ਸਰਕਾਰ' ਬਣਾਉਣ ਦੀ ਸਿਫ਼ਾਰਸ਼ ਕਰੇਗਾ। ਜੇਕਰ 'ਏਕਤਾ ਸਰਕਾਰ' ਦਾ ਸਿਧਾਂਤ ਕੰਮ ਨਹੀਂ ਕਰਦਾ ਹੈ, ਤਾਂ ਕਾਨੂੰਨ ਕਮਿਸ਼ਨ ਸਦਨ ਦੀ ਬਾਕੀ ਰਹਿੰਦੀ ਮਿਆਦ ਲਈ ਨਵੀਆਂ ਚੋਣਾਂ ਦੀ ਸਿਫ਼ਾਰਸ਼ ਕਰੇਗਾ। ਇੱਕ ਸੂਤਰ ਨੇ ਕਿਹਾ, ਮੰਨ ਲਓ ਨਵੀਆਂ ਚੋਣਾਂ ਦੀ ਲੋੜ ਹੈ ਅਤੇ ਸਰਕਾਰ ਕੋਲ ਅਜੇ ਤਿੰਨ ਸਾਲ ਬਾਕੀ ਹਨ।

# ਬਾਦਲ ਪਰਿਵਾਰ ਨੇ ਆਪਣੇ ਨਿੱਜੀ ਲਾਭਾਂ ਲਈ ਪੰਜਾਬ ਦੇ ਲੋਕਾਂ ਦੇ ਕਰੋੜਾਂ ਰੁਪਏ ਲੁੱਟੇ: ਮੁੱਖ ਮੰਤਰੀ

**➢ ਆਮ ਪੰਜਾਬੀਆਂ ਦੇ ਖ਼ੂਨ ਨਾਲ ਹੋਇਆ ਸੁੱਖ ਵਿਲਾਸ ਦਾ ਨਿਰਮਾਣ, ਸੂਬੇ ਦੇ ਖ਼ਜ਼ਾਨੇ ਨੂੰ 108 ਕਰੋੜ ਰੁਪਏ ਦਾ ਰਗੜਾ ਹਰੇਕ ਪੰਜਾਬੀ ਲਈ ਸੁੱਖ ਵਿਲਾਸ ਬਣਿਆ ਦੁੱਖ ਵਿਲਾਸ ➢ ਆਪਣੇ ਨਿੱਜੀ ਕਾਰੋਬਾਰ ਨੂੰ ਲਾਭ ਪਹੁੰਚਾਉਣ ਲਈ ਬਾਦਲਾਂ ਨੇ ਹਰੇਕ ਨਿਯਮ ਤੇ ਨੀਤੀਆਂ ਦੀਆਂ ਧੱਜੀਆਂ ਉਡਾਈਆਂ**

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੇ ਨਿੱਜੀ ਲਾਭਾਂ ਲਈ ਸੂਬੇ ਦੇ ਕਰੋੜਾਂ ਰੁਪਏ ਲੁੱਟਣ ਵਾਲੇ ਬਾਦਲ ਪਰਿਵਾਰ ਦੀ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਕਿ ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਸੁੱਖ ਵਿਲਾਸ ਹੋਟਲ ਦੇ ਨਿਰਮਾਣ ਲਈ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਦੇ ਪੱਖ ਵਿੱਚ ਨਿਯਮਾਂ ਨੂੰ ਤੋੜਿਆ-ਮਰੋੜਿਆ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ 2009 ਵਿੱਚ ਈਕੋ-ਟੂਰਿਜ਼ਮ ਨੀਤੀ ਲਿਆਂਦੀ, ਜਿਸ ਦਾ ਇਕੋ-ਇਕ ਉਦੇਸ਼ ਇਸ ਰਿਜ਼ੌਰਟ ਦੇ ਨਿਰਮਾਣ ਵਿੱਚ ਮਦਦ ਕਰਨਾ ਸੀ। ਉਨ੍ਹਾਂ ਕਿਹਾ ਕਿ ਇਹ ਕਿੰਨੇ ਅਚੰਭੇ ਵਾਲੀ ਗੱਲ ਹੈ ਕਿ ਇਕ ਪੋਲਟਰੀ ਫਾਰਮ ਨੂੰ ਇਕ ਰਿਜ਼ੌਰਟ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਟੈਕਸਾਂ ਦੇ ਰੂਪ ਵਿੱਚ ਇਸ ਰਿਜ਼ੌਰਟ ਦੇ 108 ਕਰੋੜ ਰੁਪਏ ਮੁਆਫ਼ ਕਰ ਕੇ ਸੂਬੇ ਦੇ ਖ਼ਜ਼ਾਨੇ ਨੂੰ ਰਗੜਾ ਲਾਇਆ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿੰਡ ਪੱਲਣਪੁਰ ਵਿੱਚ ਬਣੇ ਇਸ ਰਿਜ਼ੌਰਟ ਦਾ ਅਸਲ ਨਾਮ ਮੈਟਰੋ ਈਕੋ ਗਰੀਨ ਰਿਜ਼ੌਰਟ ਹੈ, ਜਿਸ ਨੂੰ ਬਾਅਦ ਵਿੱਚ ਸੁੱਖ ਵਿਲਾਸ ਦਾ ਨਾਮ ਦਿੱਤਾ ਗਿਆ। ਪੰਜਾਬੀਆਂ ਦੇ ਖ਼ੂਨ ਨਾਲ ਬਣਿਆ ਇਹ ਸੁੱਖ ਵਿਲਾਸ ਅਸਲ ਵਿੱਚ ਪੰਜਾਬ ਲਈ ਦੁੱਖ ਵਿਲਾਸ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮਾਰਚ 2009 ਵਿੱਚ 7.20 ਏਕੜ ਜ਼ਮੀਨ ਨੂੰ ਪੀ.ਐਲ.ਪੀ.ਏ. ਐਕਟ ਤੋਂ ਛੋਟ ਦਿੱਤੀ ਗਈ ਅਤੇ ਇਸ ਤਹਿਤ ਸਿਰਫ਼ ਦੋ ਕੰਪਨੀਆਂ ਨੂੰ ਮਨਜ਼ੂਰੀ ਮਿਲੀ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਆਪਣੀਆਂ ਦੋ ਕੰਪਨੀਆਂ ਦੇ ਨਾਮ ਉਤੇ 21 ਏਕੜ ਜ਼ਮੀਨ ਖ਼ਰੀਦੀ, ਜਿਹੜੀ ਬਾਅਦ ਵਿੱਚ ਆਪਣੀ ਹੀ ਇਕ ਹੋਰ ਕੰਪਨੀ ਨੂੰ ਤਬਦੀਲ ਕਰ ਦਿੱਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕੰਪਨੀ ਦੇ ਜ਼ਿਆਦਾਤਰ ਸ਼ੇਅਰਾਂ 1,83,225 ਦਾ ਮਾਲਕ ਸੁਖਬੀਰ ਸਿੰਘ ਬਾਦਲ ਹੈ, ਜਦੋਂ ਕਿ ਹਰਸਿਮਰਤ ਬਾਦਲ ਤੇ ਡੱਬਵਾਲੀ ਟਰਾਂਸਪੋਰਟ ਕੰਪਨੀ ਦੇ ਨਾਮ ਉਤੇ ਵੀ ਇਸ ਕੰਪਨੀ ਵਿੱਚ ਕਾਫ਼ੀ ਸ਼ੇਅਰ ਹਨ।



ਮੁੱਖ ਮੰਤਰੀ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਰਿਜ਼ੌਰਟ ਦਾ 10 ਸਾਲਾਂ ਲਈ ਐਸ.ਜੀ.ਐਸ.ਟੀ. ਤੇ ਵੈਟ ਦਾ 75-75 ਫੀਸਦੀ ਹਿੱਸਾ ਮੁਆਫ਼ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਤਹਿਤ ਐਸ.ਜੀ.ਐਸ.ਟੀ. ਤੇ ਵੈਟ ਦੇ ਕੁੱਲ 85 ਕਰੋੜ ਰੁਪਏ ਮੁਆਫ਼ ਕੀਤੇ ਗਏ। ਇਸ ਤੋਂ ਇਲਾਵਾ 10 ਸਾਲਾਂ ਲਈ 100 ਫੀਸਦੀ ਇਲੈਕਟ੍ਰੀਸਿਟੀ ਡਿਊਟੀ ਵੀ ਮੁਆਫ਼ ਕੀਤੀ ਗਈ, ਜੋ 11.44 ਕਰੋੜ ਰੁਪਏ ਬਣਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹੀ ਨਹੀਂ ਇਸ ਰਿਜ਼ੌਰਟ ਦਾ 11 ਕਰੋੜ ਰੁਪਏ ਦਾ ਲਗਜ਼ਰੀ ਟੈਕਸ ਤੇ ਲਾਇਸੈਂਸ ਫੀਸ ਵੀ ਮੁਆਫ਼ ਕੀਤਾ ਗਿਆ, ਜਿਸ ਨਾਲ ਸੂਬੇ ਦੇ ਖ਼ਜ਼ਾਨੇ ਨੂੰ ਵੱਡਾ ਰਗੜਾ ਲੱਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਰਿਜ਼ੌਰਟ ਲਈ ਟੈਕਸਾਂ ਦੇ ਰੂਪ ਵਿੱਚ 108.73 ਕਰੋੜ ਰੁਪਏ ਮੁਆਫ਼ ਕੀਤੇ ਗਏ ਅਤੇ ਇਹ ਸਾਰਾ ਪੈਸਾ ਬਾਦਲਾਂ ਦੇ ਨਿੱਜੀ ਹਿੱਤਾਂ ਲਈ ਵਰਤਿਆ ਗਿਆ। ਉਨ੍ਹਾਂ ਕਿਹਾ ਕਿ ਇਸ ਪੈਸੇ ਦੀ ਵਰਤੋਂ ਸੂਬਾ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੀ ਜਾ ਸਕਦੀ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਵੀ ਮੰਦਭਾਗੀਂ ਗੱਲ ਹੈ ਕਿ 2009 ਵਿੱਚ ਲਿਆਂਦੀ ਇਸ ਨੀਤੀ ਦਾ ਲਾਭ ਕਿਸੇ ਹੋਰ ਕੰਪਨੀ ਨੂੰ ਨਹੀਂ ਦਿੱਤਾ ਗਿਆ, ਸਗੋਂ ਇਸ ਦੀ ਵਰਤੋਂ ਬਾਦਲਾਂ ਨੇ ਸਿਰਫ਼ ਆਪਣੀ ਨਿੱਜੀ ਮੁਫ਼ਾਦ ਲਈ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਸੁੱਖ ਵਿਲਾਸ ਨੂੰ ਜਾਂਦੀ ਸੜਕ ਦਾ ਨਿਰਮਾਣ ਵੀ ਗਮਾਡਾ ਵੱਲੋਂ ਕਰਦਾਤਾਵਾਂ ਦੇ ਪੈਸੇ ਨਾਲ ਕੀਤਾ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਰਿਜ਼ੌਰਟ ਲਈ ਜੰਗਲਾਤ ਦੇ ਦਿਸ਼ਾ-ਨਿਰਦੇਸ਼ਾਂ ਦਾ ਉਲੰਘਣ ਕੀਤਾ ਗਿਆ, ਜਦੋਂ ਕਿ ਇਹ ਰਿਜ਼ੌਰਟ ਆਪਣੇ ਇਕ ਕਮਰੇ ਦਾ ਚਾਰ ਤੋਂ ਪੰਜ ਲੱਖ ਰੁਪਿਆ ਕਿਰਾਇਆ ਵਸੂਲਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਰਿਜ਼ੌਰਟ ਦਾ 11 ਮਈ 2015 ਤੋਂ 10 ਮਈ 2025 ਤੱਕ ਦੇ ਸਮੇਂ ਦਾ ਟੈਕਸ ਮੁਆਫ਼ ਕੀਤਾ ਗਿਆ। ਉਨ੍ਹਾਂ ਹੋਰ ਦੱਸਿਆ ਕਿ ਇਸ ਰਿਜ਼ੌਰਟ ਦੀ ਮਾਲਕ ਕੰਪਨੀ ਵਿੱਚ ਹਰਸਿਮਰਤ ਕੌਰ ਬਾਦਲ ਦੇ ਨਾਮ ਉਤੇ 81,500 ਸ਼ੇਅਰ ਤੇ ਬਾਦਲਾਂ ਦੀ ਹੀ ਮਾਲਕੀ ਵਾਲੀ ਡੱਬਵਾਲੀ ਟਰਾਂਸਪੋਰਟ ਕੰਪਨੀ ਦੇ ਨਾਮ ਉਤੇ 5350 ਸ਼ੇਅਰ ਹਨ। ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸੂਬੇ ਦੇ ਖ਼ਜ਼ਾਨੇ ਦੇ ਇਕ-ਇਕ ਪੈਸੇ ਦੀ ਵਸੂਲੀ ਕੀਤੀ ਜਾਵੇਗੀ ਅਤੇ ਇਸ ਸਬੰਧੀ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦੀ ਵਿਸਤਾਰ ਨਾਲ ਜਾਂਚ ਚੱਲ ਰਹੀ ਹੈ ਕਿ ਇਸ ਰਿਜ਼ੌਰਟ ਦੇ ਨਿਰਮਾਣ ਲਈ ਕਿਹੜੇ ਕਾਨੂੰਨਾਂ ਦੀ ਵਰਤੋਂ ਜਾਂ ਕਿਹੜੇ ਕਾਨੂੰਨਾਂ ਨੂੰ ਤੋੜਿਆ-ਮਰੋੜਿਆ ਗਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਰਦਾਤਾਵਾਂ ਦੇ ਇਕ-ਇਕ ਪੈਸੇ ਦੀ ਰਿਕਵਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਨੂੰ ਅਜਿਹੇ ਪਰਿਵਾਰ ਤੋਂ ਬਚਾਅ ਰਹੇ ਹਨ, ਜਿਹੜਾ ਪੰਜਾਬ ਬਚਾਓ ਯਾਤਰਾ ਵਰਗੇ ਢਕਵੰਜ ਰਚ ਰਿਹਾ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਆਗੂਆਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਦੱਸਿਆ ਜਾਵੇਗਾ ਕਿ ਇਨ੍ਹਾਂ ਦੇ ਹੱਥ ਪੰਜਾਬੀਆਂ ਦੇ ਖ਼ੂਨ ਨਾਲ ਰੰਗੇ ਹੋਏ ਹਨ।

## ਬਖ਼ਸ਼ੀਵਾਲਾ ਦੇ ਕਈ ਪਰਿਵਾਰ 'ਆਪ' ਵਿੱਚ ਸ਼ਾਮਲ


ਪਾਰਟੀ 'ਚ ਸ਼ਾਮਲ ਹੋਏ ਵਿਅਕਤੀਆਂ ਨੂੰ ਸਨਮਾਨਦੇ ਹੋਏ ਵਿਧਾਇਕ ਨੀਨਾ ਮਿੱਤਲ।

**ਰਾਜਪੁਰਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕੇ ਦੇ ਪਿੰਡ ਬਖਸ਼ੀਵਾਲਾ ਵਿਖੇ ਵਿਧਾਇਕ ਨੀਨਾ ਮਿੱਤਲ ਦੀ ਅਗਵਾਈ ਹੇਠ ਅਤੇ ਬਲਾਕ ਪ੍ਰਧਾਨ ਮੇਜਰ ਚਨਾਲੀਆ ਦੀ ਪ੍ਰੇਰਣਾ ਸਦਕਾ ਦਰਜਨ ਤੋਂ ਵੱਧ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਹੈ। ਵਿਧਾਇਕ ਮਿੱਤਲ ਨੇ ਦੱਸਿਆ ਕਿ ਅਕਾਲੀ ਦਲ ਦੇ ਸੀਨੀਅਰ ਆਗੂ ਰਵਿੰਦਰ ਗਿੱਲ ਆਪਣੀ ਟੀਮ ਜਿਸ ਵਿੱਚ ਭੁਪਿੰਦਰ ਸਿੰਘ ਗੰਗੂ, ਸੁਰਿੰਦਰ ਪਾਲ ਸਿੰਘ, ਪ੍ਰੀਤ ਸਿੰਘ ਦਿਉਲ, ਬਲਵਿੰਦਰ ਸਿੰਘ ਰੰਧਾਵਾ, ਦਿਲਬਾਗ ਸਿੰਘ, ਮਹਿੰਦਰ ਸਿੰਘ ਦਿਉਲ, ਮਹਿੰਦਰ ਸਿੰਘ ਸਮੇਤ ਕਈ ਪਰਿਵਾਰਾਂ ਸ਼ਾਮਲ ਹਨ, ਨੇ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਸ਼ਾਮਲ ਹੋਏ ਵਰਕਰਾਂ ਨੂੰ ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਸ੍ਰੀਮਤੀ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਰਕਾਰ ਹਰ ਰੋਜ਼ ਜਨਤਾ ਦੇ ਹੱਕ ਵਿੱਚ ਫ਼ੈਸਲੇ ਲੈ ਰਹੀ ਹੈ ਜਿਸ ਕਰਕੇ ਜਨਤਾ ਆਮ ਆਦਮੀ ਪਾਰਟੀ ਨੂੰ ਤਰਜੀਹ ਦੇ ਰਹੀ ਹੈ। ਇਸ ਮੌਕੇ ਬਲਾਕ ਪ੍ਰਧਾਨ ਜਗਦੀਪ ਸਿੰਘ ਅਲੂਣਾ, ਬਲਾਕ ਪ੍ਰਧਾਨ ਅਮਰਿੰਦਰ ਪਾਲ,ਜਸਵੰਤ ਸਿੰਘ ਨੈਣਾਂ,ਯੂਥ ਆਗੂ ਰਤਨੇਸ਼ ਜਿੰਦਲ ਸਮੇਤ ਹੋਰ ਵੀ ਪਾਰਟੀ ਅਹੁਦੇਦਾਰ ਅਤੇ ਪਿੰਡ ਵਾਸੀ ਮੌਜੂਦ ਸਨ।

## ਮੋਟਰਸਾਈਕਲ ਸਵਾਰ ਨੇ ਔਰਤ ਦੀ ਸੋਨੇ ਦੀ ਚੇਨ ਝਪਟੀ

**ਸਮਾਣਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਆਪਣੇ ਘਰ 'ਚ ਦਾਖ਼ਲ ਹੋ ਰਹੀ ਔਰਤ ਦੀ ਡੇਢ ਤੋਲੇ ਦੀ ਸੋਨੇ ਦੀ ਚੇਨ ਝਪਟ ਲਈ। ਸੂਚਨਾ ਦਿੱਤੇ ਜਾਣ 'ਤੇ ਸਿਟੀ ਪੁਲੀਸ ਨੇ ਘਟਨਾ ਵਾਲੀ ਥਾਂ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ।

ਸਿਟੀ ਪੁਲੀਸ ਦੇ ਏਐੱਸਆਈ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਸਾਬਕਾ ਪ੍ਰਿੰਸੀਪਲ ਰਾਜ ਰਾਣੀ ਨਿਵਾਸੀ ਜੱਟਾ ਪਤੀ ਵੱਲੋਂ ਦਿੱਤੀ ਗਈ ਸ਼ਿਕਾਇਤ ਅਨੁਸਾਰ ਉਹ ਆਪਣੀ ਨੂੰਹ ਨਾਲ ਬਾਜ਼ਾਰ ਤੋਂ ਖਰੀਦਦਾਰੀ ਕਰਕੇ ਵਾਪਸ ਘਰ ਆ ਰਹੀ ਸੀ। ਜਦੋਂ ਉਹ ਆਪਣੇ ਘਰ ਦੀ ਪੌੜੀ ਚੜ੍ਹਨ ਲੱਗੀ ਤਾਂ ਉੱਥੇ ਖੜ੍ਹੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਵਿੱਚੋਂ ਇਕ ਨੇ ਪਿੱਛੇ ਤੋਂ ਆ ਕੇ ਉਸ ਦੇ ਗਲੇ ਵਿੱਚ ਪਾਈ ਸੋਨੇ ਦੀ ਚੇਨ ਝਪਟ ਲਈ ਅਤੇ ਪਹਿਲਾਂ ਤੋਂ ਸਟਾਰਟ ਰੱਖੇ ਮੋਟਰਸਾਈਕਲ ਸਵਾਰ ਸਾਥੀ ਦੇ ਨਾਲ ਬੈਠ ਕੇ ਫਰਾਰ ਹੋ ਗਿਆ।

## ਪਸ਼ੂ ਪਾਲਣ ਵਿਭਾਗ ਵੱਲੋਂ ਮੁਫ਼ਤ ਟੀਕਾਕਰਨ ਮੁਹਿੰਮ ਸ਼ੁਰੂ

**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਸ਼ੂ ਪਾਲਣ ਵਿਭਾਗ ਨੇ ਪਸ਼ੂਆਂ ਨੂੰ ਲੰਪੀ ਸਕਿਨ ਬਿਮਾਰੀ ਤੋਂ ਬਚਾਉਣ ਲਈ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇੱਥੇ ਗਊਸ਼ਾਲਾ ਵਿੱਚ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕਰਵਾਉਂਦਿਆਂ ਡਿਪਟੀ ਡਾਇਰੈਕਟਰ ਡਾ. ਗੁਰਦਰਸ਼ਨ ਸਿੰਘ ਪਟਿਆਲਾ ਦੇ ਸੀਨੀਅਰ ਵੈਟਰਨਰੀ ਅਫ਼ਸਰ ਡਾ. ਸੋਨਿੰਦਰ ਕੌਰ ਨੇ ਕਿਹਾ ਕਿ ਗਊਧਨ ਨੂੰ ਐੱਲ.ਸੀ.ਡੀ. ਦੀ ਭਿਆਨਕ ਬਿਮਾਰੀ ਤੋਂ ਪਸ਼ੂਆਂ ਨੂੰ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਮੁਫ਼ਤ ਵੈਕਸੀਨ ਉਪਲਬੱਧ ਕਰਵਾਈ ਗਈ ਹੈ।

## ਤੀਰਥ ਯਾਤਰਾ ਤਹਿਤ ਸੁਨਾਮ ਤੋਂ ਸ਼ਰਧਾਲੂਆਂ ਦਾ 8ਵਾਂ ਜਥਾ ਰਵਾਨਾ

### ਸ੍ਰੀ ਸਾਲਾਸਰ ਧਾਮ ਅਤੇ ਸ਼੍ਰੀ ਖਾਟੂ ਸ਼ਿਆਮ ਦੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨਗੇ ਸ਼ਰਧਾਲੂ



**ਸੁਨਾਮ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਇੱਕ ਵੱਡਾ ਤੋਹਫ਼ਾ ਦਿੰਦੇ ਹੋਏ ਕਰੀਬ 4 ਮਹੀਨੇ ਪਹਿਲਾਂ ਆਰੰਭ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਅੱਜ ਸੁਨਾਮ ਤੋਂ ਸ਼ਰਧਾਲੂਆਂ ਦੇ 8ਵੇਂ ਜਥੇ ਨੂੰ ਬੱਸ ਰਾਹੀਂ ਰਵਾਨਾ ਕਰਨ ਕੀਤਾ। ਉਪ ਮੰਡਲ ਮੈਜਿਸਟਰੇਟ ਸੁਨਾਮ ਪ੍ਰਮੋਦ ਸਿੰਗਲਾ ਦੀ ਤਰਫ਼ੋਂ ਨਾਇਬ ਤਹਿਸੀਲਦਾਰ ਨੀਰਜ ਕੁਮਾਰ ਨੇ 43 ਸ਼ਰਧਾਲੂਆਂ ਦੇ ਜਥੇ ਦੀ ਬੱਸ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਪੰਜਾਬ ਅਤੇ ਹੋਰਨਾਂ ਰਾਜਾਂ ਵਿੱਚ ਸਥਿਤ ਧਾਰਮਿਕ ਅਸਥਾਨਾਂ ਦੇ ਮੁਫ਼ਤ ਦਰਸ਼ਨ ਦੀਦਾਰੇ ਕਰਵਾਉਣ ਦਾ ਇੱਕ ਨੇਕ ਕਾਰਜ ਹੈ ਅਤੇ ਸੁਨਾਮ ਸਮੇਤ ਰਾਜ ਦੇ ਸਮੂਹ ਹਲਕਿਆਂ ਵਿੱਚ ਇਸ ਸਕੀਮ ਨੂੰ ਨਾਗਰਿਕਾਂ ਵੱਲੋਂ ਅਥਾਹ ਹੁੰਗਾਰਾ ਮਿਲ ਰਿਹਾ ਹੈ। ਇਸ ਜਥੇ ਦੇ ਸ਼ਰਧਾਲੂਆਂ ਨੂੰ ਸਵਾਗਤੀ ਕਿੱਟਾਂ ਵੰਡੀਆਂ ਗਈਆਂ ਅਤੇ ਸੁਰੱਖਿਅਤ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਸੀਨੀਅਰ ਆਗੂ ਜਤਿੰਦਰ ਜੈਨ, ਮਨਪ੍ਰੀਤ ਬਾਂਸਲ ਅਤੇ ਸੰਜੀਵ ਸੰਜੂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸੁਨਾਮ ਹਲਕੇ ਦੇ ਨਿਵਾਸੀਆਂ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ, ਸ੍ਰੀ ਸਾਲਾਸਰ ਧਾਮ ਅਤੇ ਸ਼੍ਰੀ ਖਾਟੂ ਸ਼ਿਆਮ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਮੰਦਰ ਦੇ ਦਰਸ਼ਨ ਇਸ ਸਕੀਮ ਤਹਿਤ ਕੀਤੇ ਜਾ ਚੁੱਕੇ ਹਨ।

## ਡਿਪਟੀ ਕਮਿਸ਼ਨਰ ਵੱਲੋਂ ਮਾਲ ਅਧਿਕਾਰੀਆਂ ਨੂੰ ਸਵੈ ਇੱਛਤ ਡਿਫਾਲਟਰਾਂ ਤੋਂ ਰਿਕਵਰੀ 'ਚ ਤੇਜ਼ੀ ਲਿਆਉਣ ਦੇ ਹੁਕਮ

### ਰੈਵੇਨਿਊ ਰਿਕਾਰਡ ਦੀ ਅਪਡੇਸ਼ਨ, ਈ-ਕੋਰਟ ਮੈਨੇਜਮੈਂਟ ਸਿਸਟਮ, ਬਕਾਇਆ ਇੰਤਕਾਲ ਤੇ ਅਦਾਲਤੀ ਕੇਸਾਂ ਦੀ ਵੀ ਕੀਤੀ ਸਮੀਖਿਆ

**ਜਲੰਧਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅੱਜ ਮਾਲ ਅਧਿਕਾਰੀਆਂ ਨੂੰ ਜਾਣਬੁੱਝ ਕੇ ਅਦਾਇਗੀ ਨਾ ਕਰਨ ਵਾਲਿਆਂ ( ਸਵੈ ਇੱਛਤ ਡਿਫਾਲਟਰਾਂ ) ਤੋਂ ਰਿਕਵਰੀ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ ਅਤੇ ਕਿਹਾ ਕਿ ਇਸ ਕੰਮ ਵਿੱਚ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਵਿੱਤ ਕਮਿਸ਼ਨਰ ਮਾਲ (ਐਫ.ਸੀ.ਆਰ.) ਦੀ ਪ੍ਰਧਾਨਗੀ ਹੇਠ ਹੋਈ ਸਮੀਖਿਆ ਮੀਟਿੰਗ ਵਿੱਚ ਭਾਗ ਲੈਣ ਉਪਰੰਤ ਡਿਪਟੀ ਕਮਿਸ਼ਨਰ ਨੇ ਮਾਲ ਅਧਿਕਾਰੀਆਂ ਨੂੰ ਐਫ.ਸੀ.ਆਰ. ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਰਿਕਵਰੀ, ਮਾਲ ਰਿਕਾਰਡ ਨੂੰ ਅੱਪਡੇਟ ਕਰਨ, ਈ-ਕੋਰਟ ਮੈਨੇਜਮੈਂਟ ਸਿਸਟਮ, ਬਕਾਇਆ ਇੰਤਕਾਲਾਂ, ਮਾਲ ਕੇਸਾਂ, ਵੱਖ-ਵੱਖ ਪੱਧਰਾਂ 'ਤੇ ਮਾਲ ਰਿਕਾਰਡ ਦੀ ਜਾਂਚ ਤੋਂ ਇਲਾਵਾ ਹੋਰ ਕੰਮਾਂ ਦਾ ਵੀ ਜਾਇਜ਼ਾ ਲਿਆ।

ਸ੍ਰੀ ਸਾਰੰਗਲ ਨੇ ਮਾਲ ਅਧਿਕਾਰੀਆਂ ਨੂੰ ਕਿਹਾ ਕਿ ਰਿਕਵਰੀ ਨੂੰ ਪਹਿਲੀ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਸੂਬਾ ਸਰਕਾਰ ਦੇ ਮਾਲੀਏ ਵਿੱਚ ਵਾਧਾ ਹੋ ਸਕੇ ।


ਵੀਡੀਓ ਕਾਨਫਰੰਸ ਵਿੱਚ ਭਾਗ ਲੈਂਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ

ਡਿਪਟੀ ਕਮਿਸ਼ਨਰ ਨੇ ਉਪ ਮੰਡਲ ਮੈਜਿਸਟ੍ਰੇਟਾਂ (ਐਸ.ਡੀ.ਐਮਜ਼) ਨੂੰ ਰਿਕਵਰੀ ਨਾਲ ਸਬੰਧਤ ਮਾਮਲਿਆਂ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਕਰਨ ਲਈ ਵੀ ਕਿਹਾ ਤਾਂ ਜੋ ਪ੍ਰਕਿਰਿਆ ਨੂੰ ਹੋਰ ਤੇਜ਼ ਕੀਤਾ ਜਾ ਸਕੇ।

ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਬਕਾਇਆ ਇੰਤਕਾਲਾਂ ਸਬੰਧੀ ਪ੍ਰਕਿਰਿਆ ਵਿੱਚ ਵੀ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ ਤਾਂ ਜੋ ਲੋਕ ਇਨ੍ਹਾਂ ਸੇਵਾਵਾਂ ਦਾ ਨਿਰਵਿਘਨ ਅਤੇ ਸਮਾਂਬੱਧ ਢੰਗ ਨਾਲ ਲਾਭ ਲੈ ਸਕਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਕਾਇਆ ਇੰਤਕਾਲਾਂ ਦਾ ਅਧਿਕਾਰੀਆਂ ਵੱਲੋਂ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਨੇ ਮਾਲ ਅਧਿਕਾਰੀਆਂ ਨੂੰ ਸਮੁੱਚਾ ਮਾਲ ਰਿਕਾਰਡ ਅਪਡੇਟ ਕਰਨ ਅਤੇ ਈ-ਕੋਰਟ ਮੈਨੇਜਮੈਂਟ ਸਿਸਟਮ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਕਿਹਾ।

ਉਨ੍ਹਾਂ ਐਸ.ਡੀ.ਆਰ.ਐਫ. ਮਦ ਅਧੀਨ ਪ੍ਰਾਪਤ ਕੀਤੇ ਫੰਡਾਂ ਦੀ ਵੰਡ ਅਤੇ ਵਰਤੋਂ ਦਾ ਜਾਇਜ਼ਾ ਲੈਂਦਿਆਂ ਜਮ੍ਹਾਂਬੰਦੀਆਂ ਸਥਿਤੀ ਦੀ ਵੀ ਸਮੀਖਿਆ ਵੀ ਕੀਤੀ।

## ਕੈਨੇਡਾ ਵਾਸੀ ਬੈਰਿਸਟਰ ਹਰਪ੍ਰੀਤ ਖੁਰਾਣਾ ਦਾ ਲਾਲਾ ਜਗਤ ਨਰਾਇਣ ਕਾਲਜ ਵਿਖੇ ਸਨਮਾਨ ਕੀਤਾ ਗਿਆ



ਬੈਰਿਸਟਰ ਹਰਪ੍ਰੀਤ ਖੁਰਾਣਾ ਦਾ ਸਨਮਾਨ ਕਰਦੇ ਹੋਏ ਲਾਲਾ ਜਗਤ ਨਰਾਇਣ ਕਾਲਜ ਕਮੇਟੀ ਦੇ ਮੈਂਬਰ।

**ਜਲਾਲਾਬਾਦ 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਨਿਵਾਸੀ ਅਤੇ ਕੈਨੇਡਾ ਨਿਵਾਸੀ ਬੈਰਿਸਟਰ ਹਰਪ੍ਰੀਤ ਸਿੰਘ ਖੁਰਾਣਾ ਅੱਜ ਲਾਲਾ ਜਗਤ ਨਰਾਇਣ ਐਜੂਕੇਸ਼ਨ ਕਾਲਜ ਵਿਖੇ ਪਹੁੰਚੇ ਜਿੱਥੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੇ ਸਨਮਾਨ ਵਿੱਚ ਸਮਾਗਮ ਦਾ ਆਯੋਜਨ ਕੀਤਾ ਗਿਆ।

ਸਮਾਗਮ ਦੌਰਾਨ ਕਾਲਜ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਸ਼ੋਕ ਅਨੇਜਾ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਗੁੰਬਰ, ਦੀਪਕ ਚੁੱਘ, ਸਿਲਵੀ ਚੁੱਘ ਸਮੇਤ ਪਿ੍ੰਸੀਪਲ ਡਾ: ਨੀਤਿਕਾ ਨੇ ਆਏ ਮਹਿਮਾਨਾਂ ਨੂੰ ਗੁਲਦਸਤੇ ਦੇ ਕੇ ਸਨਮਾਨਿਤ ਕੀਤਾ ।

ਬੈਰਿਸਟਰ ਹਰਪ੍ਰੀਤ ਸਿੰਘ ਖੁਰਾਣਾ ਨੇ ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਆਪਣੇ ਸਮੇਂ ਨੂੰ ਯਾਦ ਕਰਦਿਆਂ ਕਾਲਜ ਦੇ ਵਿਦਿਆਰਥੀਆਂ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ। ਕਾਲਜ ਦੇ ਚੇਅਰਮੈਨ ਅਸ਼ੋਕ ਅਨੇਜਾ ਨੇ ਆਪਣੇ ਸੰਬੋਧਨ ਵਿੱਚ ਭਵਿੱਖ ਦੇ ਅਧਿਆਪਕਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਲਗਾਤਾਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਸਖ਼ਤ ਮਿਹਨਤ ਨਾਲ ਕੋਈ ਵੀ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ।

## 'ਭਾਜਪਾ ਹਰਾਓ, ਕਾਰਪੋਰੇਟ ਭਜਾਓ ਤੇ ਦੇਸ਼ ਬਚਾਓ' ਦਾ ਹੋਕਾ




**ਜਲੰਧਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਈਚਾਰਕ ਸਾਂਝ ਤੇ ਫਿਰਕੂ ਸਦਭਾਵਨਾ ਦੀ ਰਾਖੀ, ਅਮਨ-ਸ਼ਾਂਤੀ ਦਾ ਮਾਹੌਲ ਕਾਇਮ ਰੱਖਣ ਲਈ ਆਗਾਮੀ 2024 ਦੀਆਂ ਲੋਕ ਸਭਾ ਚੋਣਾਂ 'ਚ ਆਰਐੱਸਐੱਸ ਦੇ ਫਿਰਕੂ-ਫਾਸ਼ੀ, ਵੱਖਵਾਦੀ ਏਜੰਡੇ ਅਨੁਸਾਰ ਰਾਜ ਚਲਾ ਰਹੀ ਭਾਜਪਾ ਨੂੰ ਚਲਦਾ ਕੀਤਾ ਜਾਵੇ। ਇਹ ਗੱਲਾਂ ਭਾਰਤੀ ਇਨਕਲਾਬੀ ਮਾਰਕਸਵਾਦੀਪਾਰਟੀ (ਆਰਐੱਮਪੀਆਈ) ਅਤੇ ਭਾਰਤ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ-ਯੂਨਾਇਟਿਡ (ਐੱਮਸੀਪੀਆਈ-ਯੂ) 'ਤੇ ਆਧਾਰਿਤ 'ਕਮਿਊਨਿਸਟ ਕੋਆਰਡੀਨੇਸ਼ਨ ਕਮੇਟੀ' (ਸੀਸੀਸੀ) ਵੱਲੋਂ ਦੇਸ਼ ਭਗਤ ਯਾਦਗਾਰ ਜਲੰਧਰ ਵਿੱਚ ਭਾਜਪਾ ਹਰਾਓ, ਕਾਰਪੋਰੇਟ ਭਜਾਓ, ਦੇਸ਼ ਬਚਾਓ'' ਰੈਲੀ ਵਿੱਚ ਆਰਐੱਮਪੀਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਹੀਆਂ। ਸ੍ਰੀ ਪਾਸਲਾ ਨੇ ਕਿਹਾ ਕਿ ਆਰਐੱਸਐੱਸ ਤੇ ਇਸ ਦਾ ਰਾਜਸੀ ਵਿੰਗ ਭਾਜਪਾ ਦੇਸ਼ ਦੇ ਸੰਘਾਤਮਕ, ਧਰਮ ਨਿਰਪੱਖ ਤੇ ਲੋਕਰਾਜੀ ਢਾਂਚੇ ਨੂੰ ਤਬਾਹ ਕਰਕੇ ਦੇਸ਼ 'ਚ ਇਕ ਧਰਮ ਅਧਾਰਤ ਰਾਜ ਸਥਾਪਤ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸੰਘ ਵੱਲੋਂ ਚਿਤਵਿਆ 'ਧਰਮ ਅਧਾਰਤ' ਫਿਰਕੂ ਢਾਂਚਾ ਜੇਕਰ ਹੋਂਦ ਵਿੱਚ ਆਇਆ ਤਾਂ ਸਭ ਕੁਝ ਤਬਾਹ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਅਪਣਾਈਆਂ ਕਾਰਪੋਰੇਟ ਘਰਾਣਿਆਂ ਪੱਖੀ ਆਰਥਿਕ ਨੀਤੀਆਂ ਅਤੇ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਕੋਲ ਕੌਡੀਆਂ ਦੇ ਭਾਅ ਵੇਚਣ ਕਾਰਨ ਅਮੀਰ-ਗਰੀਬ ਵਿਚਕਾਰ ਆਰਥਿਕ ਪਾੜਾ ਖਤਰਨਾਕ ਹੱਦ ਤੱਕ ਵਧਿਆ ਹੈ।

## ਸਰਕਾਰ ਪਰਵਾਸੀਆਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਵਚਨਬੱਧ: ਧਾਲੀਵਾਲ

**ਧੂਰੀ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨਾਲ ਸਬੰਧਤ ਐਨਆਰਆਈਜ਼ ਦੀਆਂ ਸ਼ਿਕਾਇਤਾਂ ਅਤੇ ਮਸਲਿਆਂ ਨੂੰ ਲਗਾਤਾਰ ਹੱਲ ਕਰ ਰਹੀ ਹੈ ਤੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਜਾਨ-ਮਾਲ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕੈਬਨਿਟ ਮੰਤਰੀ ਨੇ ਪਿੰਡ ਲੱਡਾ ਵਿੱਚ ਸੂਬੇ ਦੇ ਅੱਠ ਜ਼ਿਲ੍ਹਿਆਂ ਨਾਲ ਸਬੰਧਤ ਐਨਆਰਆਈਜ਼ ਨਾਲ ਵਿਸ਼ੇਸ਼ ਮਿਲਣੀ ਕੀਤੀ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਐਨਆਰਆਈ ਮਿਲਣੀ ਵਿੱਚ ਸੰਗਰੂਰ ਦੇ ਨਾਲ-ਨਾਲ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਬਰਨਾਲਾ, ਮਾਲੇਰਕੋਟਲਾ, ਮਾਨਸਾ, ਲੁਧਿਆਣਾ ਅਤੇ ਬਠਿੰਡਾ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਦੀਆਂ 89 ਦਰਖਾਸਤਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਅੱਜ ਪ੍ਰਾਪਤ ਹੋਈਆਂ ਦਰਖਾਸਤਾਂ ਵਿੱਚੋਂ ਬਹੁਤ ਸਾਰੀਆਂ ਦਾ ਨਿਬੇੜਾ ਮੌਕੇ 'ਤੇ ਕਰ ਦਿੱਤਾ ਗਿਆ ਹੈ ਅਤੇ ਜਿਹੜੀਆਂ ਦਰਖਾਸਤਾਂ ਲਈ ਜਾਂਚ ਜਾਂ ਰਿਕਾਰਡ ਵਾਚਣ ਦੀ ਲੋੜ ਹੈ ਉਨ੍ਹਾਂ ਦਾ ਹੱਲ ਵੀ 34 ਮਾਰਚ ਤੱਕ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

## ਸਾਬਕਾ ਮੁੱਖ ਮੰਤਰੀ ਚੰਨੀ ਤੋਂ ਦੋ ਕਰੋੜ ਦੀ ਫਿਰੌਤੀ ਮੰਗੀ

**ਰੂਪਨਗਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਗੈਂਗਸਟਰ ਗੋਲਡੀ ਬਰਾੜ ਦੇ ਨਾਮ 'ਤੇ ਵਟਸਐਪ ਰਾਹੀਂ ਧਮਕੀ ਭਰੇ ਸੁਨੇਹੇ ਭੇਜ ਕੇ ਤੇ ਵਟਸਐਪ ਕਾਲ ਰਾਹੀਂ 2 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ।

ਇਹ ਖੁਲਾਸਾ ਅੱਜ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਖੁਦ ਕੀਤਾ ਹੈ। ਸ੍ਰੀ ਚੰਨੀ ਨੇ ਮੀਡੀਆ ਨੂੰ ਦੱਸਿਆ ਕਿ ਲਗਪਗ ਦਸ ਦਿਨ ਪਹਿਲਾਂ ਉਨ੍ਹਾਂ ਨੂੰ ਤੜਕੇ 1.33 'ਤੇ ਵਟਸਐਪ ਰਾਹੀਂ ਕਿਸੇ ਵਿਅਕਤੀ ਦਾ ਸੰਦੇਸ਼ ਆਇਆ ਕਿ ਉਹ ਗੋਲਡੀ ਬਰਾੜ ਗੈਂਗ ਤੋਂ ਹੈ ਅਤੇ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਮਦਦ ਦੀ ਲੋੜ ਹੈ। ਅਗਲੇ ਮੈਸੇਜ ਰਾਹੀਂ ਧਮਕੀ ਦਿੱਤੀ ਗਈ ਕਿ ਜੇ ਸੰਦੇਸ਼ 'ਤੇ ਧਿਆਨ ਨਾ ਦਿੱਤਾ ਗਿਆ ਤਾਂ ਉਨ੍ਹਾਂ ਦਾ ਹਸ਼ਰ ਵੀ ਸਿੱਧੂ ਮੂਸੇਵਾਲਾ ਵਾਂਗ ਹੋਵੇਗਾ। ਇਸ ਉਪਰੰਤ ਸਵੇਰੇ ਸਾਢੇ ਨੌਂ ਵਜੇ ਅਤੇ ਸ਼ਾਮ ਨੂੰ ਲਗਪਗ ਸਾਢੇ ਚਾਰ ਵਜੇ ਉਸੇ ਹੀ ਨੰਬਰ ਤੋਂ ਫੋਨ ਕਾਲਾਂ ਵੀ ਆਈਆਂ ਜੋ ਉਨ੍ਹਾਂ ਨਹੀਂ ਚੁੱਕੀਆਂ।

ਇਸ ਉਪਰੰਤ ਵੀ ਗੈਂਗਸਟਰਾਂ ਨੇ ਫੋਨ ਕਰਨੇ ਜਾਰੀ ਰੱਖੇ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਡੀਜੀਪੀ ਗੌਰਵ ਯਾਦਵ ਤੇ ਰੂਪਨਗਰ ਰੇਂਜ ਦੇ ਏਡੀਜੀਪੀ ਜਸਕਰਨ ਸਿੰਘ ਨੂੰ ਧਮਕੀਆਂ ਦੇ ਸਕਰੀਨ ਸ਼ਾਟ ਵੀ ਭੇਜੇ ਪਰ ਪੁਲੀਸ ਨੇ ਦਸ ਦਿਨ ਬੀਤਣ ਉਪਰੰਤ ਵੀ ਕੋਈ ਕਾਰਵਾਈ ਨਹੀਂ ਕੀਤੀ।

## ਭਾਜਪਾ ਵੱਲੋਂ ਲੁਧਿਆਣਾ ਦੇ ਮੰਦਿਰ ਵਿੱਚ ਵਾਪਰੀ ਘਟਨਾ ਦੀ ਨਿਖੇਧੀ




**ਰੂਪਨਗਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਪਨਗਰ: ਜ਼ਿਲ੍ਹਾ ਲੁਧਿਆਣਾ ਪਿੰਡ ਪਵਾਂ ਦੇ ਇੱਕ ਮੰਦਿਰ ਵਿੱਚ ਵਾਪਰੀ ਬੇਅਦਬੀ ਦੀ ਘਟਨਾ ਦੀ ?ਜ਼ਿਲ੍ਹਾ ਰੂਪਨਗਰ ਦੀ ਭਾਜਪਾ ਇਕਾਈ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਕਿਹਾ ਕਿ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਸ਼ਿਵ ਪਰਿਵਾਰ ਦੀਆਂ 13 ਮੂਰਤੀਆਂ ਨੂੰ ਖੰਡਿਤ ਕੀਤੇ ਜਾਣ ਦੀ ਕਾਰਵਾਈ ਬਹੁਤ ਹੀ ਦੁੱਖਦਾਈ ਹੈ ਤੇ ਇਸ ਘਟਨਾ ਕਾਰਨ ਸਿਰਫ ਹਿੰਦੂ ਭਾਈਚਾਰੇ ਨੂੰ ਹੀ ਨਹੀਂ, ਬਲਕਿ ਹਰੇਕ ਸ਼ਿਵ ਭਗਤ ਦੇ ਦਿਲ ਨੂੰ ਡੂੰਘੀ ਠੇਸ ਪਹੁੰਚੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੀਆਂ ਹਰਕਤਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨੂੰ ਤੁਰੰਤ ਕਾਬੂ ਕੀਤਾ ਜਾਵੇ ਅਤੇ ਇਸ ਸਬੰਧੀ ਗੰਭੀਰਤਾ ਨਾਲ ਜਾਂਚ ਕਰਵਾਈ ਜਾਵੇ। ਇਸ ਸਮੇਂ ਉਨ੍ਹਾਂ ਦੇ ਨਾਲ ਮੁਕੇਸ਼ ਗੁਪਤਾ ਤੇ ਜਗਦੀਸ਼ ਚੰਦਰ ਕਾਜਲਾ ਪ੍ਰਧਾਨ ਵਪਾਰ ਮੰਡਲ ਰੂਪਨਗਰ ਆਦਿ ਵੀ ਮੌਜੂਦ ਸਨ।

## ਹਥਿਆਰਬੰਦਾਂ ਨੇ ਝਬਾਲ ਦੇ ਬੈਂਕ 'ਚੋਂ ਨੌਂ ਲੱਖ ਲੁੱਟੇ

**ਤਰਨਤਾਰਨ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਕਸਬਾ ਝਬਾਲ ਦੇ ਸਟੇਟ ਬੈਂਕ ਆਫ਼ ਇੰਡੀਆ ਵਿੱਚ ਅੱਜ ਦੋ ਨਕਾਬਪੋਸ਼ ਲੁਟੇਰਿਆਂ ਨੇ ਹਥਿਆਰਾਂ ਦੀ ਨੋਕ 'ਤੇ ਨੌਂ ਲੱਖ ਰੁਪਏ ਦੀ ਨਕਦੀ ਲੁੱਟ ਲਈ। ਇਸ ਸਬੰਧੀ ਝਬਾਲ ਪੁਲੀਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਐੱਸਐੱਸਪੀ ਅਸ਼ਵਨੀ ਕਪੂਰ ਨੇ ਦੱਸਿਆ ਕਿ ਅੱਜ ਬਾਅਦ ਦੁਪਹਿਰ 2.47 ਵਜੇ ਦੋ ਨਕਾਬਪੋਸ਼ ਹਥਿਆਰਬੰਦ ਵਿਅਕਤੀ ਮੋਟਰਸਾਈਕਲ 'ਤੇ ਆਏ ਅਤੇ ਉਨ੍ਹਾਂ ਬੈਂਕ ਵਿੱਚ ਦਾਖਲ ਹੋ ਕੇ ਸਟਾਫ਼ ਅਤੇ ਗਾਹਕਾਂ ਨੂੰ ਜ਼ਮੀਨ 'ਤੇ ਲੇਟ ਜਾਣ ਲਈ ਕਿਹਾ ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜਾਨ ਤੋਂ ਮਾਰ ਦੇਣ ਦੀ ਧਮਕੀ ਵੀ ਦਿੱਤੀ।

ਉਨ੍ਹਾਂ ਹਥਿਆਰਾਂ ਦੀ ਨੋਕ 'ਤੇ ਬੈਂਕ ਦੇ ਕੈਸ਼ੀਅਰ ਤੋਂ ਨੌਂ ਲੱਖ ਦੀ ਨਕਦੀ ਲੁੱਟ ਲਈ। ਲੁਟੇਰੇ ਜਾਂਦੇ ਹੋਏ ਬੈਂਕ ਦੇ ਸੁਰੱਖਿਆ ਗਾਰਡ ਤੋਂ ਉਸ ਦੀ ਰਾਈਫਲ ਵੀ ਖੋਹ ਕੇ ਲੈ ਗਏ। ਐੱਸਐੱਸਪੀ ਨੇ ਦੱਸਿਆ ਕਿ ਲੁਟੇਰੇ ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਮੋਟਰਸਾਈਕਲ 'ਤੇ ਅੰਮ੍ਰਿਤਸਰ ਵੱਲ ਫਰਾਰ ਹੋ ਗਏ ਅਤੇ ਮੰਨਣ ਟੋਲ ਪਲਾਜ਼ਾ ਨੇੜਿਓਂ ਚਿੱਟੇ ਰੰਗ ਦੀ ਬਰੀਜ਼ਾ ਗੱਡੀ 'ਤੇ ਝਬਾਲ ਵੱਲ ਆ ਗਏ।

## ਤਰਨ ਤਰਨ ਸ਼ਹਿਰ ਦੀ ਸੁੰਦਰਤਾ ਲਈ ਕੀਤੇ ਜਾ ਰਹੇ ਹਨ ਅਣਥਕ ਯਤਨ - ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ

**ਤਰਨਤਾਰਨ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਤਰਨ ਤਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਹਲਕੇ ਦੇ ਵਿਕਾਸ ਲਈ ਅਣਥਕ ਮਿਹਨਤ ਕੀਤੀ ਜਾ ਰਹੀ ਹੈ ਅਤੇ ਤਰਨ ਤਰਨ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਸੇ ਹੀ ਲੜੀ ਦੇ ਤਹਿਤ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਬੀਤੇ ਦਿਨੀ ਤਰਨ ਤਾਰਨ ਦੀ ਗੋਲਡਨ ਐਵਨਿਊ ਦੀਆਂ ਦੋ ਗਲੀਆਂ ਦਾ ਨਵੀਨੀਕਰਨ ਕਰਨ ਦਾ ਉਦਘਾਟਨ ਕੀਤਾ ਗਿਆ। ਇਹਨਾਂ ਦੋ ਗਲੀਆਂ ਦੇ ਨਵੀਨੀਕਰਨ ਕਰਨ ਤੇ ਤਕਰੀਬਨ 17.50 ਲੱਖ ਰੁਪਏ ਦਾ ਖਰਚਾ ਆਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆ ਹਲਕਾ ਵਿਧਾਇਕ ਤਰਨ ਤਾਰਨ ਡਾ. ਕਸ਼ਮੀਰ ਸਿੰਘ ਸੋਹਲ ਨੇ ਦੱਸਿਆ ਕਿ ਇਲਾਕਾ ਵਾਸੀਆਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਇਹਨਾਂ ਦੋਵਾਂ ਗਲੀਆਂ ਦੇ ਨਵੀਨੀਕਰਨ ਅਤੇ ਪੱਕੀਆਂ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਬਰਸਾਤ ਦੇ ਦਿਨਾਂ ਵਿੱਚ ਲੋਕਾਂ ਨੂੰ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ। ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਤਰਨ ਤਰਨ ਸ਼ਹਿਰ ਦੇ ਵਿਕਾਸ ਅਤੇ ਸੁੰਦਰਤਾ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ।

ਵਿਧਾਇਕ ਡਾ. ਸੋਹਲ ਨੇ ਦੱਸਿਆ ਕਿ ਸ਼ਹਿਰ ਦੀਆਂ ਮੁੱਖ ਪਾਰਕਾਂ ਦਾ ਨਵੀਨੀਕਰਨ ਕੀਤਾ ਗਿਆ। ਕੱਚੀਆਂ ਸੜਕਾਂ ਗਲੀਆਂ, ਨਾਲੀਆਂ ਨੂੰ ਪੱਕਾ ਕਰਵਾਇਆ ਗਿਆ। ਸ਼ਹਿਰ ਦੀਆਂ ਗਲੀਆਂ ਤੇ ਮੁੱਖ ਮਾਰਗਾਂ ਤੇ ਸਟਰੀਟ ਲਾਈਟਾਂ ਲਗਵਾਈਆਂ ਗਈਆ। ਡਾ. ਸੋਹਲ ਨੇ ਦੱਸਿਆ ਕਿ ਸੱਚਖੰਡ ਰੋਡ ਤੇ ਸਥਿਤ ਕੂੜੇ ਦੇ ਡੰਪ ਨੂੰ ਵੀ ਤਕਰੀਬਨ ਛੇ ਮਹੀਨੇ ਦੇ ਅੰਦਰ ਅੰਦਰ ਸਾਫ ਕਰਵਾਇਆ ਜਾਵੇਗਾ ।ਉਹਨਾਂ ਦੱਸਿਆ ਕਿ ਇਹ ਕੂੜੇ ਦਾ ਡੰਪ ਸ਼ਹਿਰ ਵਾਸੀਆਂ ਦੇ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਸੀ।

ਇਸ ਮੌਕੇ ਇਲਾਕਾ ਵਾਸੀ ਨਵਦੀਪ ਸਿੰਘ, ਰਜਿੰਦਰ ਸਿੰਘ, ਰਾਜਕੁਮਾਰ ਆਦਿ ਨੇ ਵਿਧਾਇਕ ਸੋਹਲ ਦਾ ਧੰਨਵਾਦ ਕੀਤਾ ਅਤੇ ਉਹਨਾਂ ਕਿਹਾ ਕਿ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਅਗਵਾਈ ਹੇਠ ਸ਼ਹਿਰ ਦਾ ਵਿਕਾਸ ਜੰਗੀ ਪੱਧਰ ਤੇ ਕਰਵਾਇਆ ਜਾ ਰਿਹਾ ਹੈ। ਉਹਨਾਂ ਕਿਹਾ ਹੈ ਕਿ ਪਿਛਲੀਆਂ ਸਰਕਾਰਾਂ ਦੇ ਨੁਮਾਇੰਦਿਆਂ ਨੇ ਜੋ 75 ਸਾਲਾਂ ਵਿੱਚ ਵਿਕਾਸ ਨਹੀਂ ਕਰਵਾਇਆ ਉਹ ਵਿਧਾਇਕ ਡਾ. ਸੋਹਲ ਨੇ ਦੋ ਸਾਲਾਂ ਵਿੱਚ ਹੀ ਕਰਵਾ ਕੇ ਸ਼ਹਿਰ ਦੀ ਨੁਹਾਰ ਬਦਲ ਦਿੱਤੀ ਹੈ। ਉਹਨਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਵਿਧਾਇਕ ਸੋਹਲ ਇਸੇ ਤਰ੍ਹਾਂ ਹੀ ਹਲਕੇ ਦਾ ਵਿਕਾਸ ਕਰਵਾਉਣਗੇ।

## ਸਰਕਾਰ ਨੇ 2024-25 ਦੇ ਸੀਜ਼ਨ ਲਈ ਕਣਕ ਖਰੀਦ ਦਾ ਟੀਚਾ 3.2 ਕਰੋੜ ਟਨ ਤੈਅ ਕੀਤਾ

**ਨਵੀ ਦਿਲੀ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰ ਨੇ 2024-25 ਹਾੜੀ ਦੇ ਮੰਡੀਕਰਨ ਸੀਜ਼ਨ ਲਈ 3 ਤੋਂ 3.2 ਕਰੋੜ ਟਨ ਕਣਕ ਦੀ ਖਰੀਦ ਦਾ ਟੀਚਾ ਰੱਖਿਆ ਹੈ।

ਖੁਰਾਕ ਮੰਤਰਾਲੇ ਨੇ ਅੱਜ ਇਹ ਜਾਣਕਾਰੀ ਦਿੱਤੀ। ਸਰਕਾਰ ਵੱਲੋਂ ਕਣਕ ਦੀ ਖਰੀਦ ਦਾ ਟੀਚਾ ਕੁਝ ਘੱਟ ਮੰਨਿਆ ਜਾ ਰਿਹਾ ਹੈ। ਖੇਤੀਬਾੜੀ ਮੰਤਰਾਲੇ ਨੂੰ ਫਸਲ ਸਾਲ 2023-24 (ਜੁਲਾਈ-ਜੂਨ) ਵਿੱਚ 11.4-11.5 ਕਰੋੜ ਟਨ ਕਣਕ ਦੇ ਰਿਕਾਰਡ ਉਤਪਾਦਨ ਦੀ ਉਮੀਦ ਹੈ। ਇਸ ਦੇ ਬਾਵਜੂਦ ਸਰਕਾਰ ਵੱਲੋਂ ਖਰੀਦ ਟੀਚਾ ਘੱਟ ਰੱਖਿਆ ਗਿਆ ਹੈ।

## ਸੱਤਿਆ ਭਾਰਤੀ ਸਕੂਲ ਲੱਖੋਵਾਲ ਕਲਾਂ ਵਿਖੇ ਮਨਾਇਆ ਗਿਆ ਨੈਸ਼ਨਲ ਸਾਇੰਸ ਡੇ



**ਮਾਛੀਵਾੜਾ ਸਾਹਿਬ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਦੇ ਨਜ਼ਦੀਕ ਪੈਂਦੇ ਪਿੰਡ ਲੱਖੋਵਾਲ ਕਲਾ ਦੇ ਸੱਤਿਆ ਭਾਰਤੀ ਸਕੂਲ ਵਿਖੇ ਨੈਸ਼ਨਲ ਸਾਇੰਸ ਡੇ ਮਨਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਅਣ ਵਰਤੋਂ ਯੋਗ ਚੀਜ਼ਾਂ ਤੋਂ ਸਾਇੰਸ ਦੇ ਅਨੇਕਾਂ ਪ੍ਰਕਾਰ ਦੇ ਮਾਡਲ ਤਿਆਰ ਕੀਤੇ ਜਿਵੇਂ ਕਿ ਸੋਲਰ ਸਿਸਟਮ, ਚੰਦ੍ਰਯਾਨ, ਮਿੱਟੀ ਦੇ ਭਾਂਡੇ,ਘਰ,ਅਵਾਸ ਸਥਾਨ,ਪੌਣ ਚੱਕੀ ਅਤੇ ਹੋਰ ਵੀ ਕਈ ਮਾਡਲ ਬਣਾਏ ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਵੀ ਭਾਗ ਲਿਆ ਜਿਵੇਂ ਲੜਕੀਆਂ ਅਤੇ ਲੜਕਿਆਂ ਦੀ ਅਲੱਗ ਅਲੱਗ ਕਬੱਡੀ,ਖੋ-ਖੋ, ਦੌੜਾਂ,ਲੂਡੋ,ਕੇਰਮ ਬੋਰਡ, ਸਾਇੰਸ ਕੁਵੀਜ ਮੁਕਾਬਲੇ ਅਤੇ ਕਲਚਰਲ ਪ੍ਰੋਗਰਾਮ ਕਰਵਾਏ ਗਏ। ਇਸ ਮੌਕੇ ਸਕੂਲ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਉੱਘੇ ਸਮਾਜ ਸੇਵੀ ਅਤੇ ਖੱਤਰੀ ਸਭਾ ਪੰਜਾਬ ਦੇ ਵਾਈਸ ਪ੍ਰਧਾਨ ਮੋਹਿਤ ਕੁੰਦਰਾ ਨੇ ਸ਼ਿਰਕਤ ਕੀਤੀ ਉਨਾਂ ਨੇ ਬੱਚਿਆਂ ਦੁਆਰਾ ਬਣਾਏ ਹੋਏ ਮਾਡਲ ਦੀ ਬਹੁਤ ਜਿਆਦਾ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਬੱਚਿਆਂ ਲਈ ਪੜ੍ਹਾਈ,ਖੇਡਾਂ ਦੇ ਨਾਲ ਆਪਣੇ ਹੱਥਾਂ ਦੇ ਹੁਨਰ ਦੀ ਵੀ ਜ਼ਰੂਰਤ ਹੈ।

ਇਸ ਨਾਲ ਬੱਚਿਆਂ ਨੂੰ ਵੱਡੇ ਹੋ ਕੇ ਕਿਸੇ ਉੱਤੇ ਨਿਰਭਰ ਹੋਣ ਦੀ ਜਰੂਰਤ ਨਹੀਂ ਪਵੇਗੀ।ਇਸ ਮੌਕੇ ਸਕੂਲ ਦੀ ਮੁੱਖ ਅਧਿਆਪਿਕਾ ਏਕਤਾ ਸ਼ਰਮਾ ਨੇ ਕਿਹਾ ਕਿ ਇਹੋ ਜਿਹੇ ਦਾਨੀ ਵੀਰ ਹਰ ਸਮੇਂ ਸਕੂਲ ਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਸਕੂਲ ਦਾ ਸਾਥ ਦਿੰਦੇ ਹਨ ।

## ਬੇਕਾਬੂ ਹੋਏ ਬਲਦ ਨੂੰ ਬਚਾਉਂਦਿਆਂ ਦੋ ਬੱਸਾਂ ਤੇ ਕਾਰ ਦੀ ਟੱਕਰ; ਚਾਰ ਜਣੇ ਜ਼ਖ਼ਮੀ

**ਘਨੌਲੀ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਕੌਮੀ ਮਾਰਗ ਕਿਨਾਰੇ ਪਿੰਡ ਮਲਿਕਪੁਰ ਵਿੱਚ ਲੱਗੇ ਪਸ਼ੂ ਮੇਲੇ ਨੂੰ ਆਉਂਦੇ ਸਮੇਂ ਇੱਕ ਬੇਕਾਬੂ ਹੋਏ ਬਲਦ ਦੇ ਪ੍ਰਾਈਵੇਟ ਬੱਸ ਅੱਗੇ ਆ ਜਾਣ ਕਾਰਨ ਦੋ ਬੱਸਾਂ ਤੇ ਇੱਕ ਕਾਰ ਆਪਸ ਵਿੱਚ ਟਕਰਾ ਗਏ, ਜਿਸ ਦੌਰਾਨ 4 ਵਿਅਕਤੀ ਜ਼ਖ਼ਮੀ ਹੋ ਗਏ। ਜ਼ਖਮੀਆਂ ਨੂੰ ਸੜਕ ਸੁਰੱਖਿਆ ਫੋਰਸ ਦੀ ਟੀਮ ਨੰਬਰ 53204 ਦੇ ਜਵਾਨਾਂ ਦੁਆਰਾ ਮੁੱਢਲੀ ਸਹਾਇਤਾ ਦੇਣ ਉਪਰੰਤ ਤੁਰੰਤ ਸਰਕਾਰੀ ਹਸਪਤਾਲ ਰੂਪਨਗਰ ਪਹੁੰਚਾਇਆ ਗਿਆ। ਟੀਮ ਇੰਚਾਰਜ ਸੀਤਾ ਰਾਮ ਨੇ ਦੱਸਿਆ ਕਿ ਅੱਜ ਬਾਅਦ ਦੁਪਹਿਰ ਮਾਲਵਾ ਰੋਡਵੇਜ਼ ਦੀ ਪ੍ਰਾਈਵੇਟ ਬੱਸ ਅੱਗੇ ਅਚਾਨਕ ਬੇਕਾਬੂ ਹੋਇਆ ਬਲਦ ਆ ਗਿਆ। ਜਦੋਂ ਬਲਦ ਨੂੰ ਬਚਾਉਣ ਲਈ ਬੱਸ ਚਾਲਕ ਨੇ ਐਮਰਜੈਂਸੀ ਬਰੇਕ ਲਗਾਈ ਤਾਂ ਪਿੱਛੇ ਆ ਰਹੀ ਹਿਮਾਚਲ ਰੋਡਵੇਜ਼ ਅਤੇ ਸਕਾਰਪੀਓ ਕਾਰ ਦੇ ਚਾਲਕਾਂ ਤੋਂ ਆਪਣੇ ਵਾਹਨਾਂ ਦੀ ਬਰੇਕ ਨਹੀਂ ਲੱਗੀ, ਜਿਸ ਕਾਰਨ ਤਿੰਨੇ ਵਾਹਨ ਆਪਸ ਵਿੱਚ ਟਕਰਾ ਗਏ। ਇਸ ਟੱਕਰ ਦੌਰਾਨ ਸਕਾਰਪੀਓ ਚਾਲਕ ਨਰਿੰਦਰ ਸਿੰਘ (55) ਪੁੱਤਰ ਤੇਜਾ ਸਿੰਘ ਵਾਸੀ ਨੂੰਹੋਂ, ਪ੍ਰਾਈਵੇਟ ਬੱਸ ਵਿੱਚ ਸਵਾਰ ਖੁਸ਼ਬੂ (22) ਪੁੱਤਰੀ ਬਲਵਿੰਦਰ ਸਿੰਘ ਵਾਸੀ ਅਵਾਨਕੋਟ ਅਤੇ ਦਰਸ਼ਨ ਸਿੰਘ (65) ਪੁੱਤਰ ਲਛਮਣ ਸਿੰਘ ਵਾਸੀ ਮੁਹੱਲਾ ਬੜੀ ਸਰਕਾਰ ਆਨੰਦਪੁਰ ਸਾਹਿਬ ਤੋਂ ਇਲਾਵਾ ਹਿਮਾਚਲ ਰੋਡਵੇਜ਼ ਦੀ ਬੱਸ ਵਿੱਚ ਸਵਾਰ ਆਰਤੀ ਦੇਵੀ (25) ਪਤਨੀ ਅਕਸ਼ੈ ਕੁਮਾਰ ਵਾਸੀ ਰਾਇਪੁਰ ਜ਼ਿਲ੍ਹਾ ਚੰਬਾ ਹਿਮਾਚਲ ਪ੍ਰਦੇਸ਼ ਜ਼ਖ਼ਮੀ ਹੋ ਗਏ। ਉਨ੍ਹਾਂ ਦੱਸਿਆ ਕਿ ਸੜਕ ਸੁਰੱਖਿਆ ਫੋਰਸ ਵੱਲੋਂ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਉਪਰੰਤ ਹਾਦਸਾਗ੍ਰਸਤ ਵਾਹਨਾਂ ਨੂੰ ਥਾਣਾ ਸਦਰ ਰੂਪਨਗਰ ਪਹੁੰਚਾ ਦਿੱਤਾ ਗਿਆ।

## ਵਿਦਿਆਰਥੀ ਨੂੰ ਲੁੱਟਣ ਵਾਲੇ ਗ੍ਰਿਫ਼ਤਾਰ

**ਮੋਰਿੰਡਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੁਲੀਸ ਨੇ ਪਿੰਡ ਦੁੱਮਣਾ ਦੇ ਇੱਕ ਸਕੂਲੀ ਵਿਦਿਆਰਥੀ ਤੋਂ ਮੋਬਾਈਲ ਫੋਨ ਅਤੇ ਮੋਟਰਸਾਈਕਲ ਲੁੱਟਣ ਵਾਲੇ ਲੁਟੇਰਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਨਰਿੰਦਰ ਸਿੰਘ ਐੱਸਐੱਚਓ ਮੋਰਿੰਡਾ ਸਦਰ ਨੇ ਦੱਸਿਆ ਕਿ ਕਰਮਦੀਪ ਸਿੰਘ ਵਾਸੀ ਪਿੰਡ ਦੁੱਮਣਾ ਨੇ ਪੁਲੀਸ ਸ਼ਿਕਾਇਤ ਦਿੱਤੀ ਸੀ ।

ਪਿੰਡ ਕਾਈਨੌਰ ਦੇ ਸ਼ੈਲਰ ਤੋਂ ਅੱਗੇ ਇੱਕ ਮੋਟਰਸਾਈਕਲ ਨੰਬਰ ਪੀਬੀ 12 ਏਸੀ 3237 'ਤੇ ਸਵਾਰ ਦੋ ਨੌਜਵਾਨਾਂ ਨੇ ਉਸ ਨੂੰ ਤੇ ਉਸ ਦੇ ਦੋਸਤ ਨੂੰ ਰੋਕ ਕੇ ਆਈ ਫੋਨ-11 ਤੇ ਉਸ ਦਾ ਮੋਟਰਸਾਈਕਲ ਖੋਹ ਲਿਆ। ਮੁਲਜ਼ਮਾਂ ਦੀ ਪਛਾਣ ਪ੍ਰਿਤਪਾਲ ਸਿੰਘ ਵਾਸੀ ਪਿੰਡ ਗੱਗੋ ਅਤੇ ਸਤਬੀਰ ਸਿੰਘ ਉਰਫ ਵਿੱਕੀ ਪਿੰਡ ਮਾਣੇਮਾਜਰਾ ਵਜੋਂ ਹੋਈ ਹੈ।

# ਸੁਣ ਨੀ ਕੁੜੀਏ ਮਛਲੀ ਵਾਲੀਏ

ਸੁਰਿੰਦਰ ਕੌਰ

ਲੋਕ-ਕਾਵਿ ਹਰਮਨ ਪਿਆਰਾ ਸਾਹਿਤ ਹੁੰਦਾ ਹੈ। ਕਿਸੇ ਵੀ ਦੇਸ਼, ਸੂਬੇ ਦੇ ਜੀਵਨ ਦੀ ਅਸਲੀ ਝਲਕ ਉਥੋਂ ਦੇ ਲੋਕ-ਕਾਵਿ ਵਿਚ ਦੇਖਣ ਨੂੰ ਮਿਲਦੀ ਹੈ। ਜ਼ਿੰਦਗੀ ਦਾ ਸ਼ਾਇਦ ਹੀ ਅਜਿਹਾ ਕੋਈ ਪੱਖ ਹੋਵੇ ਜੋ ਲੋਕ ਗੀਤਾਂ ਵਿਚ ਦ੍ਰਿਸ਼ਟੀਗੋਚਰ ਨਾ ਹੋਇਆ ਹੋਵੇ। ਪੰਜਾਬੀ ਲੋਕ ਗੀਤ ਵੀ ਸਦੀਆਂ ਪੁਰਾਣੇ ਸਮਾਜਿਕ ਅਤੇ ਮਾਨਸਿਕ ਸਰੋਕਾਰਾਂ, ਕਾਰਾਂ-ਵਿਹਾਰਾਂ, ਖ਼ੁਸ਼ੀਆਂ-ਗਮੀਆਂ ਅਤੇ ਰਿਸ਼ਤੇ ਨਾਤਿਆਂ ਵਿਚਲੇ ਕੌੜੇ-ਮਿੱਠੇ ਅਨੁਭਵਾਂ ਅਤੇ ਮਨਾਂ ਦੇ ਵਲਵਲਿਆਂ ਨੂੰ ਸਾਂਭੀ ਬੈਠਾ ਹੈ। ਲੋਕ ਕਾਵਿ ਵਿਚ ਮੁੱਖ ਤੌਰ ਤੇ ਘੋੜੀਆਂ, ਸੁਹਾਗ, ਹੇਅਰੇ, ਸਿੱਠਣੀਆਂ, ਦੋਹੇ, ਢੋਲਾ, ਟੱਪੇ-ਬੋਲੀਆਂ, ਮਾਹੀਆ ਲੰਮੇ ਗੌਣ ਆਦਿ ਸ਼ਾਮਲ ਹਨ। ਇਨ੍ਹਾਂ ਲੋਕ ਗੀਤਾਂ ਵਿਚ ਖ਼ੁਸ਼ੀ-ਗ਼ਮੀ, ਦੁੱਖ-ਦਰਦ, ਵਿਛੋੜੇ-ਮਿਲਾਪ, ਹਾਸੇ-ਠੱਠੇ ਦਾ ਜ਼ਿਕਰ ਮਿਲਦਾ ਹੈ ਜੇ ਧਿਆਨ ਦਿੱਤਾ ਜਾਵੇ ਤਾਂ ਬਹੁਤੇ ਲੋਕ-ਗੀਤਾਂ ਵਿਚ ਮੱਤਾਂ-ਸੁਮੱਤਾਂ ਜਾਂ ਸਿਆਣਪਾਂ ਦਾ ਜ਼ਿਕਰ ਆਇਆ ਹੈ ਜੋ ਸਾਡੇ ਜੀਵਨ ਵਿਚ ਬਹੁਤੇ ਥਾਂ ਕੰਮ ਆਉਣ ਵਾਲੀਆਂ ਗੱਲਾਂ ਹੁੰਦੀਆਂ ਹਨ।

ਪੁਰਾਣੇ ਸਮੇਂ ਵਿਚ ਸਾਡਾ ਜੀਵਨ ਬਹੁਤ ਸਾਦਾ ਸੀ। ਵਿਆਹੀਆਂ ਧੀਆਂ ਭੈਣਾਂ ਵੀ ਪੇਕੇ ਘਰ ਆ ਕੇ ਹਾਰ ਸ਼ਿੰਗਾਰ ਨਹੀਂ ਕਰਦੀਆਂ ਸਨ ਕਿਉਂ ਕਿ ਉਹ ਆਪਣੇ ਮਾਪਿਆਂ ਅਤੇ ਹੋਰ ਰਿਸ਼ਤੇਦਾਰਾਂ ਦੀ ਸੰਗ ਮੰਨਦੀਆਂ ਸੀ। ਜੇ ਕੋਈ ਕੁਆਰੀ ਕੁੜੀ ਮਾੜਾ ਮੋਟਾ ਸੁਰਮਾ-ਕਜਲਾ ਪਾ ਲੈਂਦੀ ਤਾਂ ਉਹ ਵੀ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਸ ਦਾ ਜ਼ਿਕਰ ਇਕ ਬੋਲੀ ਵਿਚ ਇਉਂ ਮਿਲਦਾ ਹੈ :

*ਮੈਂ ਤਾਂ ਅੱਖਾਂ ਵਿਚ ਪਾ ਲਿਆ ਸੁਰਮਾ*
*ਉਪਰੋਂ ਆ ਗਿਆ ਤਾਇਆ*
*ਰੋ-ਰੋ ਨਿਕਲ ਗਿਆ*
*ਬੜੇ ਸ਼ੌਕ ਨਾਲ ਪਾਇਆ ਸੁਰਮਾ...*

ਇਸੇ ਪ੍ਰਕਾਰ ਇਕ ਬੋਲੀ ਵਿਚ ਜਵਾਨ ਜਹਾਨ ਕੁੜੀਆਂ ਨੂੰ ਖੂਹ ਟੋਭੇ ਜਾਂ ਹੋਰ ਥਾਵਾਂ ਤੇ ਨਾ ਜਾਣ ਦੀਆਂ ਸਿਆਣਪਾਂ ਦਿੱਤੀਆਂ ਗਈਆਂ ਹਨ।

*ਸੁਣ ਨੀ ਕੁੜੀਏ ਮਛਲੀ ਵਾਲੀਏ*
*ਮਛਲੀ ਨਾ ਚਮਕਾਈਏ*



*ਖੂਹ ਟੋਭੇ ਤੇ ਚਰਚਾ ਹੁੰਦੀ*
*ਚਰਚਾ ਨਾ ਕਰਵਾਈਏ*
*ਆਪਣੇ ਮਾਪਿਆਂ ਦੀ*
*ਫੁੱਲ ਵਰਗੀ ਰੱਖ ਜਾਈਏ...*

ਪੰਜਾਬੀ ਦੇ ਬਹੁਤੇ ਲੋਕ ਗੀਤਾਂ ਦੀਆਂ ਸਿਰਜਕ ਔਰਤਾਂ ਹੀ ਰਹੀਆਂ ਹਨ ਕਿਉਂ ਕਿ ਮਰਦ ਦੇ ਮੁਕਾਬਲੇ ਔਰਤਾਂ ਦੇ ਹਿੱਸੇ ਵਿਚ ਜ਼ਿਆਦਾ ਦੁੱਖ-ਦਰਦ ਆਇਆ ਹੈ। ਇਕ ਲੜਕੀ ਆਪਣੇ ਮਨ ਦੀ ਗੱਲ ਸਿੱਧੀ ਸ਼ਪੱਸ਼ਟ ਨਹੀਂ ਕਹਿ ਸਕਦੀ ਇਸ ਕਰਕੇ ਉਹ ਆਪਣੇ ਮਨ ਦੇ ਚਾਅ, ਵਲਵਲੇ, ਸੱਧਰਾਂ ਨੂੰ ਲੋਕ ਗੀਤਾਂ ਵਿਚ ਪੇਸ਼ ਕਰਦੀ ਹੈ :

*ਦੇਈਂ ਵੇ ਬਾਬਲਾ ਉਸ ਘਰੇ*
*ਜਿਥੇ ਸੱਸ ਭਲੀ ਪ੍ਰਧਾਨ*
*ਸਹੁਰਾ ਸਰਦਾਰ ਹੋਵੇ*
*ਡਾਹ ਬਹਿੰਦਾ ਪੀੜ੍ਹਾ ਸਾਹਮਣੇ*
*ਮੱਥੇ ਕਦੀ ਨਾ ਵੱਟ ਹੋਵੇ*
*ਬਾਬਲ ਤੇਰਾ ਪੁੰਨ ਹੋਵੇ...*

ਇਸ ਪ੍ਰਕਾਰ ਇਕ ਬੋਲੀ ਵਿਚ ਕੁੜੀਆਂ ਨੂੰ ਪਿੰਡ ਦੇ ਮੁੰਡਿਆਂ ਤੋਂ ਵੀ ਸਾਵਧਾਨ ਕੀਤਾ ਗਿਆ ਹੈ ਕਿਉਂ ਕਿ ਇਸ ਗੱਲ ਦੀ ਸਾਰੇ ਪਿੰਡ ਵਿਚ ਚਰਚਾ ਹੋਣ ਲੱਗ ਪੈਂਦੀ ਹੈ :

*ਸੁਣ ਨੀ ਕੁੜੀਏ ਕੈਂਠੀ ਵਾਲੀਏ*
*ਕੈਂਠੀ ਨਾ ਚਮਕਾਈਏ*
*ਵਿਚ ਦਰਵਾਜ਼ੇ ਚਰਚਾ ਹੁੰਦੀ*
*ਚਰਚਾ ਨਾ ਕਰਵਾਈਏ*
*ਪਿੰਡ ਦੇ ਮੁੰਡਿਆਂ ਤੋਂ*
*ਪਾ ਨੀਵੀਂ ਲੰਘ ਜਾਈਏ...*

ਲੋਕ ਕਾਵਿ ਵਿਚ ਸਿਰਫ਼ ਲੜਕੀਆਂ ਨੂੰ ਹੀ ਨਹੀਂ ਸਗੋਂ ਮਰਦਾਂ ਅਤੇ ਮੁੰਡਿਆਂ ਨੂੰ ਕਈ ਪ੍ਰਕਾਰ ਦੀਆਂ ਮੱਤਾਂ-ਸੁਮੱਤਾਂ ਦਿੱਤੀਆਂ ਗਈਆਂ ਹਨ।ਔਰਤ ਦੀ ਤ੍ਰਾਸਦੀ ਹੈ ਕਿ ਉਸ ਦਾ ਵਿਆਹ ਬਹੁਤੀ ਵਾਰ ਮਨਪਸੰਦ ਵਰ ਨਾਲ ਨਹੀਂ ਹੁੰਦਾ। ਲੋਕ ਕਾਵਿ ਵਿਚ ਵੀ ਅਜੋੜ ਵਰਾਂ ਦਾ ਬਹੁਤ ਜ਼ਿਕਰ ਆਇਆ ਹੈ ਆਪਣੇ ਬਾਬਲ ਦੇ ਬੋਲ ਪੁਗਾਦਿਆਂ ਕਈ ਵਾਰ ਧੀ ਦੇ ਹੋਠਾਂ ਤੇ ਸ਼ਿਕਵਾ ਆ ਹੀ ਜਾਂਦਾ ਹੈ।

ਸਾਡੇ ਸੱਭਿਆਚਾਰ ਵਿਚ ਵੱਡੀ ਭਰਜਾਈ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਭਰਜਾਈ ਵੀ ਦਿਉਰ ਨੂੰ ਪੁੱਤਾਂ ਵਾਂਗ ਪਿਆਰ ਕਰਦੀ ਹੈ। ਦਿਉਰ ਦੇ ਵਿਆਹ ਤੋਂ ਬਾਅਦ ਇਸ ਰਿਸ਼ਤੇ ਵਿਚ ਕਈ ਵਾਰ ਨੋਕ ਝੋਕ ਵੀ ਦੇਖਣ ਨੂੰ ਮਿਲਦੀ ਹੈ ਜਿਸ ਨੂੰ ਸਿਆਣਪ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ :

*ਲਿਆ ਦਿਉਰਾ*
*ਤੈਨੂੰ ਅੱਡ ਕਰ ਦੇਵਾਂ*
*ਦੇ ਕੇ ਸੇਰ ਕੁ ਆਟਾ*
*ਵੇ ਨਿੱਤ ਕੌਣ ਲੜੇ*
*ਕੌਣ ਪੁਟਾਵੇ ਝਾਟਾ...*

ਜੇ ਜੇਠ ਛੋਟੀ ਭਰਜਾਈ 'ਤੇ ਬੁਰੀ ਨਜ਼ਰ ਰੱਖਦਾ ਹੈ ਤਾਂ ਜੇਠ ਨੂੰ ਵੀ ਫਿੱਟ ਲਾਹਣਤ ਪਾਈ ਜਾਂਦੀ ਤੇ ਉਸ ਨੂੰ ਵੀ ਸੁਮੱਤ ਦੇਣ ਵਾਲੀ ਗੱਲ ਆਖੀ ਜਾਂਦੀ ਹੈ ਉਹ ਕਹਿੰਦੀ ਹੈ :

*ਵੇ ਜੇਠਾ ਤੇਰੀ ਦੇਹ ਫਿੱਟ ਜਾਏ*
*ਛੋਟੀ ਭੈਣ ਵਰਗੀ ਭਰਜਾਈ...*

ਇਸੇ ਤਰ੍ਹਾਂ ਇਕ ਲੰਮੇ ਗੌਣ ਵਿਚ ਇਕ ਮੁਟਿਆਰ ਆਪਣੇ ਪ੍ਰੇਮੀ ਨੂੰ ਵੀ ਸੁਮੱਤਾਂ ਦਿੰਦੀ ਹੋਈ ਕਹਿੰਦੀ ਹੈ ਕਿ ਉਹ ਸਮਾਜਿਕ ਮਾਣ-ਮਰਿਆਦਾ ਨੂੰ ਪਹਿਲ ਦੇਵੇ ਅਤੇ ਟੌਹਰ ਕੱਢ ਕੇ ਵਾਰ-ਵਾਰ ਉਸ ਦੀ ਗਲੀ ਵਿਚ ਗੇੜੇ ਨਾ ਮਾਰੇ :

*ਸੋਹਣਾ ਜਿਹਾ ਚੀਰਾ ਪਹਿਨ ਕੇ*
*ਸਾਡੀ ਗਲੀਓਂ ਨਾ ਆਈਂ*
*ਵੇ ਬੀਬਾ, ਵਿਹੜੇ ਪੈਰ ਨਾ ਪਾਈਂ ਵੇ...*


ਪੁਰਾਣੇ ਜ਼ਮਾਨੇ ਦੇ ਲੋਕਾਂ ਵਿਚ ਸ਼ਹਿਣਸੀਲਤਾ, ਸਬਰ ਸੰਤੋਖ ਅਤੇ ਅਣਪੱਤ ਸੀ। ਛੋਟੀ ਮੋਟੀ ਗੱਲ ਤੋਂ ਪਰਿਵਾਰ ਨਹੀਂ ਸੀ ਟੁੱਟਦੇ। ਜੇ ਕਈ ਵਾਰ ਪਤੀ-ਪਤਨੀ ਦੀ ਲੜਾਈ ਹੋ ਜਾਂਦੀ ਤਾਂ ਅੱਜ ਵਾਂਗ ਤਲਾਕ ਨਹੀ ਸੀ ਹੁੰਦਾ ਪੰਚਾਇਤ ਜਾਂ ਪੁਲਿਸ ਤਕ ਕਦੇ ਗੱਲ ਨਾ ਪੁੱਜਦੀ। ਕੋਰਟ ਕਚਿਹਰੀ ਤਾਂ ਸਗੋਂ ਦੂਰ ਦੀ ਗੱਲ ਮਾਪੇ ਧੀ ਨੂੰ ਮੱਤਾਂ ਦੇ ਕੇ ਤੋਰਦੇ :

*ਡੁੱਲਿਆ ਬੇਰਾਂ ਦਾ ਕੁਝ ਨਹੀਂ ਵਿਗੜਿਆ*
*ਤੂੰ ਚੁੱਕ ਝੋਲੀ ਵਿਚ ਪਾ ਲੈ*
*ਆਸੇ ਪਾਸੇ ਮਿੱਟੀ ਨਾ ਲੱਗ ਜੇ*
*ਝਾੜ ਪੂੰਝ ਕੇ ਖਾ ਲੈ*
*ਲੜ ਛੱਡ ਪੇਕਿਆਂ ਦਾ*
*ਮੋਹ ਸਹੁਰਿਆਂ ਨਾਲ ਪਾ ਲੈ....*

ਉਸ ਸਮੇਂ ਵੀ ਘਰ-ਪਰਿਵਾਰਾਂ ਵਿਚ ਛੋਟੇ ਮੋਟੇ ਝਗੜੇ ਹੁੰਦੇ ਸਨ ਪਰ ਅੱਜ ਵਾਂਗੂ ਕੋਈ ਖ਼ੁਦਕੁਸ਼ੀਆਂ ਨਹੀਂ ਸੀ ਕਰਦਾ। ਮੂੰਹ ਪਾੜ ਕੇ ਦਾਜ ਨਹੀਂ ਸੀ ਮੰਗਦਾ ਅਤੇ ਨਾ ਹੀ ਦਾਜ ਲਈ ਨੂੰਹਾਂ ਸਾੜੀਆਂ-ਮਾਰੀਆਂ ਜਾਂਦੀਆਂ ਸਨ ਸਗੋਂ ਇਨ੍ਹਾਂ ਮੱਤਾਂ-ਸੁਮੱਤਾਂ ਰਾਹੀਂ ਘਰ ਪਰਿਵਾਰ ਵਿਚ ਸੁੱਖ-ਸ਼ਾਂਤੀ ਰੱਖੀ ਜਾਂਦੀ ਸੀ। ਇਸ ਪ੍ਰਕਾਰ ਇਹ ਮੱਤਾਂ-ਸੁਮੱਤਾਂ ਪੰਜਾਬੀ ਲੋਕ ਕਾਵਿ ਵਿਚ ਅੰਗੂਠੀ ਵਿਚ ਜੜੇ ਹੋਏ ਕੀਮਤੀ ਹੀਰਿਆਂ ਦੀ ਤਰ੍ਹਾਂ ਹਨ। •

96536-50200

**ਸਿਹਰਾਬੰਦੀ ਦੀ ਰਸਮ ਪੰਜਾਬੀ ਸੱਭਿਆਚਾਰ ਦੇ ਰੀਤੀ ਰਿਵਾਜਾਂ ਦੀ ਅਹਿਮ ਰਸਮ ਹੈ ਜਿਸ ਨੂੰ ਅਦਾ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਇਸ ਰਸਮ ਨੂੰ ਬਹੁਤ ਹੀ ਚਾਵਾਂ ਨਾਲ ਘੋੜੀਆਂ ਗਾ ਕੇ ਨਿਭਾਇਆ ਜਾਂਦਾ ਸੀ।**



# ਵਿਆਹ ਦੀ ਅਹਿਮ ਰਸਮ ਸਿਹਰਾਬੰਦੀ

ਪ੍ਰੋ. ਬੇਅੰਤ ਸਿੰਘ ਬਾਜਵਾ

ਪੰਜਾਬੀ ਸੱਭਿਆਚਾਰ ਦੇ ਰੀਤੀ-ਰਿਵਾਜ ਵਿੱਚੋਂ ਇਕ ਅਹਿਮ ਰਸਮ ਸਿਹਰਾਬੰਦੀ ਮੰਨੀ ਜਾਂਦੀ ਹੈ। ਇਸ ਰਸਮ ਬਿਨਾਂ ਵਿਆਹ ਅਧੂਰਾ ਮੰਨਿਆ ਜਾਂਦਾ ਹੈ ਕਿਉਂਕਿ ਇਹ ਰਸਮ ਪੁਰਾਤਨ ਸਮਿਆਂ ਤੋਂ ਚੱਲੀ ਆ ਰਹੀ ਹੈ। ਵਿਆਹ ਵੇਲੇ ਮੁੰਡੇ ਦੇ ਘੋੜੀ ਚੜ੍ਹਨ ਤੋਂ ਪਹਿਲਾਂ ਉਸ ਨੂੰ ਸਿਹਰਾ ਸਜਾਇਆ ਜਾਂਦਾ ਹੈ। ਸਿਹਰਾ ਬੰਨ੍ਹਣ ਦੀ ਰਸਮ ਬਹੁਤ ਪੁਰਾਣੀ ਹੈ ਅਤੇ ਇਹ ਅੱਜ ਵੀ ਪ੍ਰਚੱਲਿਤ ਹੈ। ਨਹਾਈ-ਧੋਈ ਦੀ ਰਸਮ ਕਰਨ ਤੋਂ ਮੁੰਡੇ ਨੂੰ ਸਿਹਰਾ ਬੰਨ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਜਿਸ ਨੂੰ ਉਸ ਦੀ ਭੈਣ ਨਿਭਾਉਂਦੀ ਹੈ। ਪੁਰਾਤਨ ਸਮਿਆਂ ਵਿਚ ਮੁੰਡੇ ਦੇ ਪਰਿਵਾਰ ਵੱਲੋਂ ਸਿਹਰਾਬੰਦੀ ਦਾ ਗੀਤ ਲਿਖ ਕੇ ਉਸ ਨੂੰ ਛਪਾਇਆ ਜਾਂਦਾ ਸੀ ਤੇ ਜਿਸ ਦਿਨ ਇਹ ਰਸਮ ਹੁੰਦੀ ਤਾਂ ਉਸ ਗੀਤ ਨੂੰ ਗਾਇਆ ਜਾਂਦਾ।

ਜਦ ਸਿਹਰਾ ਸਿਰ 'ਤੇ ਸਜਦਾ ਏ
ਕੁਦਰਤ ਕੋਈ ਤਾਣਾ ਤਣਦੀ ਏ।
ਇਕ ਦਿਲ ਦਾ ਰਾਜਾ ਬਣ ਜਾਂਦਾ
ਇਕ ਦਿਲ ਦੀ ਰਾਣੀ ਬਣਦੀ ਏ।
ਅਣਡਿੱਠੀ ਮੁਹੱਬਤ ਫੁੱਟ ਪੈਂਦੀ
ਵਗ ਪੈਣ ਫੁਹਾਰੇ ਪਿਆਰਾਂ ਦੇ।

ਸਿਹਰਾਬੰਦੀ ਗੀਤ ਵਿਚ ਮੁੰਡੇ ਦੀ ਸਾਰੀਆਂ ਰਿਸ਼ਤੇਦਾਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਸੀ। ਅੱਜ ਵੀ ਬੜੇ ਚਾਵਾਂ ਨਾਲ ਭੈਣ ਆਪਣੀ ਵੀਰ ਦੇ ਸਿਰ 'ਤੇ ਸਿਹਰਾ ਸਜਾਉਂਦੀ ਹੈ ਅਤੇ ਭੂਆ ਰਲ ਮਿਲ ਕੇ ਘੋੜੀਆਂ ਗਾਉਂਦੀਆਂ ਹਨ। ਇਸ ਰਸਮ ਮੌਕੇ ਵਿਆਹ ਵਾਲੇ ਮੁੰਡੇ ਦੀ ਭਾਬੀ ਉਸ ਨੂੰ ਸੁਰਮਾ ਪਾਉਂਦੀ ਹੈ। ਸੁਰਮਾ ਪਵਾਈ ਦਾ ਮੁੰਡੇ ਵੱਲੋਂ ਲਾਗ ਦਿੱਤਾ ਜਾਂਦਾ ਹੈ। ਸਿਹਰਾ ਬੰਨ੍ਹਾਈ ਦਾ ਮੁੰਡਾ ਆਪਣੀ ਭੈਣ ਨੂੰ ਲਾਗ ਦਿੰਦਾ ਹੈ। ਸੁਰਮਾ ਪਾਉਣ ਦੀ ਰਸਮ ਵੇਲੇ ਭਾਬੀ ਨਾਲ ਨਾਲ ਗੀਤ ਗਾਉਂਦੀ ਹੈ :

ਪਹਿਲੀ ਸਲਾਈ ਰਸ ਭਰੀ ਦਿਉਰਾ,
ਦੂਜੀ ਤਿੱਲੇ ਦੀ ਤਾਰ।
ਤੀਜੀ ਸਲਾਈ ਤਾਂ ਪਾਵਾਂ
ਜੇ ਮੋਹਰਾਂ ਦੇਵੇਂ ਵੇ,
ਮੈਂ ਸੱਚ ਆਖਦੀ, ਚਾਰ।

ਮੁੰਡੇ ਦੇ ਸਿਹਰਾ ਬੰਨ੍ਹਣ ਤੋਂ ਬਾਅਦ ਲਾੜੇ ਦੇ ਸਰਬਾਲ੍ਹੇ ਨੂੰ ਵੀ ਸ਼ਗਨ ਦੇ ਤੌਰ 'ਤੇ ਖੰਭਣੀ ਬੰਨ੍ਹੀ ਜਾਂਦੀ ਹੈ। ਸਿਹਰਾਬੰਦੀ ਦੀ ਰਸਮ ਪੰਜਾਬੀ ਸੱਭਿਆਚਾਰ ਦੇ ਰੀਤੀ ਰਿਵਾਜਾਂ ਦੀ ਅਹਿਮ ਰਸਮ ਹੈ। ਜਿਸ ਨੂੰ ਅਦਾ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਇਸ ਰਸਮ ਨੂੰ ਬਹੁਤ ਹੀ ਚਾਵਾਂ ਨਾਲ ਘੋੜੀਆਂ ਗਾ ਕੇ ਨਿਭਾਇਆ ਜਾਂਦਾ ਸੀ। ਸਿਹਰਾ ਤੇ ਮੋਤੀ ਅਤੇ ਸਿਤਾਰੇ ਲੱਗੇ ਹੁੰਦੇ ਸਨ। ਸਿਹਰਾ ਬੰਨ੍ਹ ਕੇ ਘਰ ਵਿਚ ਇਕੱਤਰ ਜ਼ਨਾਨੀਆਂ ਵਿਆਹ ਵਾਲੇ ਮੁੰਡੇ ਤੇ ਫੁਲਕਾਰੀ ਜਾਂ ਬਾਗ਼ ਤਾਣ ਕੇ ਘੋੜੀ ਤਕ ਲੈ ਕੇ ਜਾਂਦੀਆਂ ਹਨ। ਆਨੰਦ ਕਾਰਜ ਦੀ ਰਸਮ ਵੇਲੇ ਮੁੰਡੇ ਦੇ ਜੀਜੇ ਵੱਲੋਂ ਸਿਹਰਾ ਉਤਾਰਿਆ ਜਾਂਦਾ ਹੈ। ਅੱਜ ਦੇ ਸਮੇਂ ਵਿਚ ਇਹ ਰਸਮ ਹੁੰਦੀ ਜ਼ਰੂਰ ਹੈ ਪਰ ਰਸਮ ਸਮੇਂ ਰਿਸ਼ਤੇਦਾਰਾਂ, ਆਂਢੀਆਂ- ਗੁਆਂਢੀਆਂ ਵਿਚ ਕੋਈ ਖ਼ਾਸ ਚਾਅ ਉਤਸ਼ਾਹ ਨਹੀਂ ਵੇਖਿਆ ਜਾਂਦਾ। ਅਜੋਕੇ ਵਿਆਹਾਂ ਵਿਚ ਪੱਛਮੀ ਸੱਭਿਆਚਾਰ ਤੇ ਬਣਾਉਟੀ ਚਮਕ ਦਮਕ ਨੇ ਪੰਜਾਬੀ ਸੱਭਿਆਚਾਰ ਦੀਆਂ ਰਸਮਾਂ ਵਿੱਚੋਂ ਕਈ ਰਸਮਾਂ ਨੂੰ ਲੋਪ ਕਰ ਦਿੱਤਾ ਹੈ। ਨਵੀਂ ਪੀੜ੍ਹੀ ਨੇ ਪੱਛਮੀ ਕਲਚਰ ਨੂੰ ਪੰਜਾਬੀ ਰਸਮਾਂ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਲਈ ਜੋ ਖ਼ੁਸ਼ੀ ਇਸ ਰਸਮ ਨੂੰ ਪੁਰਾਤਨ ਸਮਿਆਂ ਵਿਚ ਨਿਭਾਉਣ ਵੇਲੇ ਆਉਂਦੀ ਸੀ। ਉਹ ਹੁਣ ਨਹੀਂ ਆਉਂਦੀ। ਅੱਜ ਤੋਂ ਕਰੀਬ ਪੱਚੀ-ਤੀਹ ਸਾਲ ਪਹਿਲਾਂ ਇਸ ਰਸਮ ਨੂੰ ਕਰਨ ਸਮੇਂ ਜੋ ਹਾਵ ਭਾਵ ਹੁੰਦੇ ਸਨ, ਉਹ ਅੱਜ ਕਿਧਰੇ ਨਜ਼ਰ ਨਹੀਂ ਆਉਂਦੇ। •

70878-00168

### ਅਜੋਕੇ ਵਿਆਹ

*ਅਜੋਕੇ ਸਮੇਂ ਵਿਚ ਇਹ ਰਸਮ ਹੁੰਦੀ ਜ਼ਰੂਰ ਹਨ ਪਰ ਰਸਮ ਸਮੇਂ ਰਿਸ਼ਤੇਦਾਰਾਂ, ਆਂਢੀਆਂ-ਗੁਆਂਢੀਆਂ 'ਚ ਕੋਈ ਖ਼ਾਸ ਚਾਅ ਉਤਸ਼ਾਹ ਨਹੀਂ ਵੇਖਿਆ ਜਾਂਦਾ। ਅੱਜ ਦੇ ਵਿਆਹਾਂ ਵਿਚ ਪੱਛਮੀ ਸੱਭਿਆਚਾਰ ਤੇ ਬਣਾਉਟੀ ਚਮਕ ਦਮਕ ਨੇ ਪੰਜਾਬੀ ਸੱਭਿਆਚਾਰ ਦੀਆਂ ਰਸਮਾਂ ਵਿੱਚੋਂ ਕਈ ਰਸਮਾਂ ਨੂੰ ਲੋਪ ਕਰ ਦਿੱਤਾ ਹੈ। ਨਵੀਂ ਪੀੜ੍ਹੀ ਨੇ ਪੱਛਮੀ ਕਲਚਰ ਨੂੰ ਪੰਜਾਬੀ ਰਸਮਾਂ ਵਿਚ ਸ਼ਾਮਲ ਕਰ ਦਿੱਤਾ ਹੈ।*

# ਪਿਆਰ ਦਾ ਸੁਨੇਹਾ ਦਿੰਦੀ ਹੈ ਹੋਲੀ

ਹਰਕ੍ਰਿਸ਼ਨ ਸ਼ਰਮਾ

ਧਰਤੀ 'ਤੇ ਮਨੁੱਖ ਜਨਮ ਲੈਂਦਾ ਹੈ ਤੇ ਵੱਡਾ ਹੁੰਦਾ ਹੁੰਦਾ ਰੰਗ ਬਿਰੰਗੀ ਦੁਨੀਆਂ ਦੇਖਦਾ ਹੈ। ਵੱਡੇ ਹੁੰਦਿਆਂ ਹੁੰਦਿਆਂ ਅਲੱਗ-ਅਲੱਗ ਤਰ੍ਹਾਂ ਦੀ ਜ਼ਿੰਦਗੀ 'ਚ ਆਏ ਉਤਰਾਅ ਚੜ੍ਹਾਅ ਉਸ ਦੀ ਸੋਚ ਨੂੰ ਬਦਲਦੇ ਹੋਏ ਜੀਵਨ ਦੇ ਰੰਗ ਬਦਲ ਦਿੰਦੇ ਹਨ। ਸੁੱਖ 'ਚ ਆਦਮੀ ਖ਼ੁਸ਼, ਦੁੱਖ 'ਚ ਦੁਖੀ ਹੁੰਦਾ ਹੈ। ਹੋਲੀ ਦੇ ਰੰਗ ਬਿਰੰਗੇ ਗੁਲਾਲਾਂ ਨਾਲ ਜਿਹੜੀ ਹੋਲੀ ਖੇਡੀ ਜਾਂਦੀ ਹੈ, ਉਸ 'ਚ ਵੀ ਅਲੱਗ-ਅਲੱਗ ਤਰ੍ਹਾਂ ਦੇ ਰੰਗ ਵੇਖਣ ਨੂੰ ਮਿਲਦੇ ਹਨ। ਏਕਤਾ, ਭਾਈਵਾਲਤਾ, ਸਾਂਝ, ਪਿਆਰ, ਕੁਰਬਾਨੀ ਅਨੇਕ ਸਰੋਕਾਰਾਂ ਦਾ ਪ੍ਰਗਟਾਵਾ ਇਹ ਤਿਉਹਾਰ ਕਰਦੇ ਹਨ। ਹੋਲੀ ਵੀ ਅਜਿਹਾ ਤਿਉਹਾਰ ਹੈ ਜਿਸ ਵਿਚ ਮਾਨਵੀ ਏਕਤਾ ਤੇ ਸਾਂਝਾਂ ਦੇ ਅਮੁੱਕ ਅਤੇ ਨਿਰੰਤਰ ਵਹਿਣ ਵਗਦੇ ਹੋਏ ਪ੍ਰਤੀਤ ਹੁੰਦੇ ਹਨ।



### ਗੁਲਾਲ

*ਰੰਗਾਂ ਦੀ ਹੋਲੀ ਇਕਜੁਟ ਹੋ ਕੇ ਖੇਡੋ ਤੇ 'ਜ਼ਿੰਦਗੀ ਜ਼ਿੰਦਾਬਾਦ' ਦੀ ਗੱਲ ਕਰੋ। ਅਮਨ ਦਾ ਸੁਨੇਹਾ ਦਿਉ। ਜੰਗਾਂ ਨਾਲ ਸਿਰਫ਼ ਖ਼ੂਨ ਦੀ ਹੋਲੀ ਹੀ ਖੇਡੀ ਜਾ ਸਕਦੀ ਹੈ। ਜ਼ਿੰਦਗੀ ਦੇ ਰੰਗ ਸੁੱਖਾਂ ਤੋਂ ਦੁੱਖਾਂ 'ਚ ਬਦਲ ਜਾਂਦੇ ਹਨ ਪਰ ਅਜਿਹੇ ਰੰਗਾਂ ਦੀ ਅਵਾਮ ਨੂੰ ਜ਼ਰੂਰਤ ਨਹੀਂ। ਅਵਾਮ ਦੀ ਜ਼ਰੂਰਤ ਹੈ, ਇਕ ਦੂਜੇ ਨਾਲ ਪਿਆਰ ਮੁਹੱਬਤ ਕਰਨ ਵਾਲੇ ਲਾਲ ਗੁਲਾਲ ਦੀ। ਇਸ ਗੁਲਾਲ ਇਨਸਾਨੀਅਤ ਤਾਂ ਸਿਖਾਉਂਦਾ ਹੈ ਇਸ ਦੇ ਨਾਲ ਨਾਲ ਆਪਸੀ ਸਬੰਧਾਂ ਨੂੰ ਵੀ ਮਜ਼ਬੂਤ ਕਰਦਾ ਹੈ।*

ਮਹਾਂਭਾਰਤ ਦੇ ਸਮਿਆਂ ਤੋਂ ਵੀ ਪਹਿਲਾਂ ਹੋਲੀ ਖੇਡੀ ਜਾਣ ਲੱਗ ਪਈ ਸੀ। ਦਰਅਸਲ ਹੋਲੀ ਦੇ ਤਿਉਹਾਰ ਨਾਲ ਕਈ ਮਿੱਥ ਕਥਾਵਾਂ ਤੇ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਸ ਦਾ ਸਭ ਤੋਂ ਪੁਰਾਣਾ ਪਿਛੋਕੜ ਹੋਲਿਕਾ ਹੈ। ਕਹਿੰਦੇ ਹਨ ਕਿ ਹੋਲਿਕਾ ਪ੍ਰਹਿਲਾਦ ਦੀ ਭੂਆ ਸੀ ਤੇ ਉਸ ਨੂੰ ਵਰ ਸੀ ਕਿ ਉਹ ਅੱਗ ਵਿਚ ਨਹੀਂ ਸੜ ਸਕੇਗੀ। ਜਦੋਂ ਹੋਲਿਕਾ ਨੇ ਆਪਣੇ ਭਰਾ ਹਰਨਾਖਸ਼ ਦਾ ਪੱਖ ਲੈਂਦਿਆਂ ਪ੍ਰਹਿਲਾਦ ਨੂੰ ਸਾੜ ਕੇ ਸੁਆਹ ਕਰਨ ਦੀ ਹਾਮੀ ਭਰੀ ਤਾਂ ਉਹ ਨਿਯਮਤ ਸਮੇਂ 'ਤੇ ਪ੍ਰਹਿਲਾਦ ਨੂੰ ਝੋਲੀ ਵਿਚ ਲੈ ਕੇ ਬੈਠ ਗਈ ਅਤੇ ਉਨ੍ਹਾਂ ਨੂੰ ਅੱਗ ਲਗਾ ਦਿੱਤੀ ਗਈ। ਪ੍ਰਹਿਲਾਦ ਦਾ ਵਾਲ ਵੀ ਵਿੰਗਾ ਨਾ ਹੋਇਆ ਪਰ ਹੋਲਿਕਾ ਸੜ ਕੇ ਸੁਆਹ ਹੋ ਗਈ। ਇਸੇ ਤਰ੍ਹਾਂ ਹੋਲਿਕਾ ਦੇ ਸੜਨ ਦੀ ਖ਼ੁਸ਼ੀ ਵਿਚ ਹੋਲੀ ਦਾ ਤਿਉਹਾਰ ਮਨਾਇਆ ਜਾਣ ਲੱਗਿਆ। ਇਸ ਦੇ ਬਿਨ੍ਹਾਂ ਇਹ ਵੀ ਕਥਾ ਪ੍ਰਚਲਿਤ ਹੈ, ਭਗਵਾਨ ਸ਼ਿਵ ਦੇ ਕ੍ਰੋਧ ਵਿਚ ਆ ਕੇ ਕਾਮਦੇਵ ਨੂੰ ਜਲਾ ਕੇ ਰਾਕ ਕਰ ਦਿੱਤਾ ਸੀ। ਸ਼ਿਵ ਦੇ ਸ਼ਰਧਾਲੂ ਹੋਲੀ ਵਾਲੇ ਦਿਨ ਭੰਗ ਦੇ ਪਕੌੜੇ ਤੇ ਭੰਗ ਦੀ ਠੰਡਿਆਈ ਦਾ ਸੇਵਨ ਕਰਕੇ ਭਗਵਾਨ ਸ਼ਿਵ ਦੀ ਅਰਾਧਨਾ ਕਰਦੇ ਹਨ।

ਮੁਗ਼ਲ ਕਾਲ ਦੇ ਇਤਿਹਾਸ ਵਿਚ ਵੀ ਹੋਲੀ ਮਨਾਏ ਜਾਣ ਦੇ ਕਈ ਕਿੱਸੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚ ਬਾਦਸ਼ਾਹ ਅਕਬਰ ਵੱਲੋਂ ਆਪਣੀ ਰਾਣੀ ਯੋਧਾਬਾਈ ਨਾਲ ਅਤੇ ਜਹਾਂਗੀਰ ਦਾ ਨੂਰਜਹਾਂ ਦੇ ਨਾਲ ਹੋਲੀ ਖੇਡਣ ਦਾ ਵਰਨਣ ਮਿਲਦਾ ਹੈ। ਅਲਵਰ ਦੇ ਅਜਾਇਬ ਘਰ ਵਿਚ ਇਕ ਅਜਿਹਾ ਹੀ ਚਿੱਤਰ ਲਗਾਇਆ ਗਿਆ ਹੈ ਜਿਸ ਵਿਚ ਜਹਾਂਗੀਰ ਨੂੰ ਹੋਲੀ ਖੇਡਦੇ ਹੋਏ ਵਿਖਾਇਆ ਗਿਆ ਹੈ। ਸ਼ਾਹਜਹਾਂ ਦੇ ਸਮੇਂ ਤਕ ਹੋਲੀ ਖੇਡਣ ਦਾ ਮੁਗ਼ਲੀਆ ਅੰਦਾਜ਼ ਹੀ ਬਦਲ ਗਿਆ ਸੀ। ਇਤਿਹਾਸ ਵਿਚ ਵਰਣਨ ਹੈ ਕਿ ਸ਼ਾਹਜਹਾਂ ਦੇ ਜ਼ਮਾਨੇ ਵਿਚ ਹੋਲੀ ਨੂੰ ਈਦ-ਏ-ਗ਼ੁਲਾਬੀ ਜਾਂ ਆਬ-ਏ-ਪਾਸ਼ੀ (ਰੰਗਾ ਦੀ ਬੋਛਾਰ) ਕਿਹਾ ਜਾਂਦਾ ਸੀ। ਅੰਤਮ ਮੁਗ਼ਲ ਬਾਦਸ਼ਾਹ ਬਹਾਦਰ ਜ਼ਫ਼ਰ ਬਾਰੇ ਪ੍ਰਸਿੱਧ ਹੈ ਕਿ ਹੋਲੀ 'ਤੇ ਉਹ ਦੇ ਮੰਤਰੀ ਉਨ੍ਹਾਂ ਨੂੰ ਰੰਗ ਲਗਾਉਣ ਜਾਇਆ ਕਰਦੇ ਸਨ।

ਇਨ੍ਹਾਂ ਮਿੱਥ ਕਥਾਵਾਂ ਅਤੇ ਇਤਿਹਾਸਕ ਦੇ ਪ੍ਰਚਲਿਤ ਹੋਣ ਦੇ ਚੱਲਦਿਆਂ ਹੋਲੀ ਦਾ ਤਿਉਹਾਰ, ਜੋ ਰੰਗਾਂ ਦਾ ਤਿਉਹਾਰ ਹੈ, ਜਿਹੜਾ ਖ਼ੁਸ਼ੀ-ਖ਼ੁਸ਼ੀ ਮਨਾਇਆ ਜਾਂਦਾ ਹੈ। ਰੰਗਾਂ ਦਾ ਤਿਉਹਾਰ ਕਿਹਾ ਜਾਣ ਵਾਲਾ ਇਹ ਤਿਉਹਾਰ ਦੋ ਦਿਨ ਮਨਾਇਆ ਜਾਂਦਾ ਹੈ। ਪਹਿਲੇ ਦਿਨ 'ਹੋਲਿਕਾ ਜਲਾਈ' ਜਾਂਦੀ ਹੈ, ਜਿਸ ਨੂੰ 'ਹੋਲਿਕਾ ਦਹਿਨ' ਵੀ ਕਹਿੰਦੇ ਹਨ। ਦੂਜੇ ਦਿਨ ਲੋਕ ਇਕ ਦੂਜੇ 'ਤੇ ਰੰਗ, ਗੁਲਾਲ ਆਦਿ ਸੁੱਟਦੇ ਹਨ, ਢੋਲ ਵਜਾ ਕੇ ਹੋਲੀ ਦੇ ਗੀਤ ਗਾਏ ਜਾਂਦੇ ਹਨ ਤੇ ਘਰ-ਘਰ ਜਾ ਕੇ ਲੋਕਾਂ ਨੂੰ ਰੰਗ ਲਗਾਇਆ ਜਾਂਦਾ ਹੈ। ਇਹ ਤਿਉਹਾਰ ਲੋਕਾਂ ਨੂੰ ਇਕ ਦੂਜੇ ਨਾਲ ਜੋੜਦਾ ਹੈ। ਖ਼ੁਸ਼ੀ ਇਕ ਦੂਜੇ ਨਾਲ ਸਾਂਝੀ ਕਰਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਹੋਲੀ ਦੇ ਦਿਨ ਲੋਕ ਪੁਰਾਣੀ ਕੜਵਾਹਟ ਨੂੰ ਭੁੱਲ ਕੇ ਗਲ਼ੇ ਮਿਲਦੇ ਹਨ ਤੇ ਫਿਰ ਤੋਂ ਦੋਸਤ ਬਣ ਜਾਂਦੇ ਹਨ। ਪੀਲਾ, ਹਰਾ, ਲਾਲ, ਨੀਲਾ ਤੇ ਹੋਰ ਰੰਗਾਂ ਦੇ ਕਈ ਰੰਗਾਂ ਨਾਲ ਇਹ ਤਿਉਹਾਰ ਰੰਗ ਬਿਰੰਗਾ ਤੇ ਸੁੰਦਰ ਜਾਪਣ ਲੱਗ ਜਾਂਦਾ ਹੈ। ਇਸ ਦੀ ਖ਼ੁਸ਼ੀ ਹਰ ਕੋਈ ਮਾਣ ਲੈਂਦਾ ਹੈ।

ਜਿਥੇ ਖ਼ੁਸ਼ੀਆਂ ਖੇੜਿਆਂ ਦੇ ਇਸ ਤਿਉਹਾਰ 'ਚ ਖ਼ੁਸ਼ੀ ਦਾ ਸੁਮੇਲ ਦਿਖਦਾ ਹੈ ਤੇ ਜ਼ਿੰਦਗੀ ਨੂੰ ਇਹ ਖ਼ੁਸ਼ੀਆਂ ਨਾਲ ਭਰ ਦਿੰਦੀ ਹੈ, ਉੱਥੇ ਹੀ ਮਨੁੱਖ ਦੀ ਸਹੇੜੀ ਖ਼ੂਨ ਦੀ ਹੋਲੀ ਅਜਿਹੀ ਖ਼ੁਸ਼ੀਆਂ ਖੇੜਿਆਂ ਨਾਲ ਭਰੀ ਜ਼ਿੰਦਗੀ ਦੇ ਰੰਗ ਢੰਗ ਨੂੰ ਬਦਲ ਕੇ ਰੱਖ ਦਿੰਦੀ ਹੈ। ਕਈਆਂ ਦੇ ਘਰ ਬਰਬਾਦ ਕਰ ਦਿੰਦੀ ਹੈ, ਕਈਆਂ ਮਾਵਾਂ ਦੇ ਪੁੱਤ, ਧੀਆਂ ਦੇ ਬਾਬਲ, ਪਤਨੀਆਂ ਦੇ ਸੁਹਾਗ ਖੋਹ ਲੈਂਦੀ ਹੈ। •

95019-83111

# ਧੀਆਂ ਦੇ ਬਣੋ ਮਾਰਗ ਦਰਸ਼ਕ

**ਔਰਤ ਜਿੱਥੇ ਜਗਤ ਜਣਨੀ ਹੈ ਉੱਥੇ ਘਰ ਸਮਾਜ ਤੇ ਪਰਿਵਾਰ ਦੀ ਹੋਂਦ ਵੀ ਇਸ ਸਦਕਾ ਹੀ ਹੈ। ਇਸ ਤੋਂ ਬਿਨਾਂ ਘਰ, ਘਰ ਨਹੀਂ ਮਕਾਨ ਬਣ ਕੇ ਰਹਿ ਜਾਂਦਾ ਹੈ, ਸੁੰਨਾ-ਸੁੰਨਾ। ਉਹ ਮਾਂ, ਬੇਟੀ, ਪਤਨੀ ਅਤੇ ਦੋਸਤ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ।**

ਡਾ. ਜਗਦੀਸ਼ ਕੌਰ ਵਾਡੀਆ

ਸਦੀਆਂ ਗ਼ੁਲਾਮੀ ਦੇ ਜੂਲੇ ਹੇਠਾਂ ਰਹਿ ਕੇ ਸਮਾਜ ਸੁਧਾਰਕਾਂ ਦੇ ਯਤਨਾਂ ਸਦਕਾ ਜਦੋਂ ਔਰਤ ਨੂੰ ਥੋੜ੍ਹੀ ਜਿਹੀ ਚਮਕ ਦੀ ਕਿਰਨ ਨਜ਼ਰੀ ਪਈ ਤਾਂ ਉਹਦੇ ਅੰਦਰ ਦੀ ਔਰਤ ਨੇ ਕਰਵੱਟ ਬਦਲੀ ਉਸ ਨੂੰ ਆਪਣੇ ਹੱਕਾਂ ਦੀ ਸੋਝੀ ਆਉਣੀ ਸ਼ੁਰੂ ਹੋਈ। ਵਿੱਦਿਆ ਦੇ ਗਿਆਨ, ਪ੍ਰਚਾਰ ਤੇ ਪ੍ਰਸਾਰ ਨੇ ਉਸ ਦੀਆਂ ਦੱਬੀਆਂ ਇੱਛਾਵਾਂ ਤੇ ਭਾਵਨਾਵਾਂ ਨੂੰ ਜਾਗਰਿਤ ਕੀਤਾ। ਔਰਤ ਸੁਚੇਤ ਹੋਈ, ਆਪਣੀ ਹੋਂਦ ਪ੍ਰਤੀ, ਸਮਾਜ ਵਿਚ ਆਪਣੇ ਸਥਾਨ ਪ੍ਰਤੀ, ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਮਿਹਨਤ ਕਰਨ ਤੇ ਸਮਾਜ ਵਿਚ ਆਪਣਾ ਸਥਾਨ ਸਥਾਪਤ ਕਰਨ ਪ੍ਰਤੀ। ਭਾਵੇਂ ਜਗੀਰਦਾਰੀ ਸੋਚ ਤੇ ਪਿਛਾਂਹ ਖਿੱਚੂ ਵਿਚਾਰਧਾਰਾ ਨੂੰ ਇਹ ਗੱਲ ਕਬੂਲ ਨਹੀਂ ਸੀ ਪਰ ਸਮੇਂ ਨੇ ਕਰਵਟ ਲੈਣੀ ਸੀ। ਔਰਤ ਦੀ ਹੋਣੀ ਨੂੰ ਬਦਲਣਾ ਸੀ। ਵਿੱਦਿਆ, ਗੁਰੂਆਂ-ਪੀਰਾਂ ਦੇ ਯਤਨਾਂ ਨੇ ਉਸ ਨੂੰ ਅਹਿਸਾਸ ਕਰਵਾ ਹੀ ਦਿੱਤਾ ਕਿ ਉਹ ਜਿੱਥੇ ਜਗਤ ਜਣਨੀ ਹੈ। ਉੱਥੇ ਘਰ ਸਮਾਜ ਤੇ ਪਰਿਵਾਰ ਦੀ ਹੋਂਦ ਵੀ ਉਸੇ ਸਦਕਾ ਹੈ। ਉਸ ਤੋਂ ਬਿਨਾਂ ਘਰ, ਘਰ ਨਹੀਂ ਮਕਾਨ ਬਣ ਕੇ ਰਹਿ ਜਾਂਦਾ ਹੈ, ਸੁੰਨਾ-ਸੁੰਨਾ।

### ਬਰਾਬਰ ਦੀ ਭਾਈਵਾਲ

ਪਰਿਵਾਰਕ ਵਾਧੇ ਲਈ ਮਰਦ ਦੇ ਬਰਾਬਰ ਦੀ ਭਾਈਵਾਲ ਹੈ, ਫਿਰ ਉਹ ਵਿਚਾਰੀ ਕਿਵੇਂ ਹੋਈ ਸਮੇਂ ਦੇ ਨਾਲ ਨਾਲ ਸਮਾਜ ਤੇ ਕਾਨੂੰਨ ਨੇ ਉਸ ਦੇ ਹਉਕੇ ਵਿਚ ਆਵਾਜ਼ ਉਠਾਈ। ਕਾਨੂੰਨ ਹੱਕ ਹਾਸਲ ਕਰਨ ਵਿਚ ਸਾਲਾ ਆਪਣੇ ਘਰ ਸਹਾਈ ਹੋਇਆ। ਇਕ ਪਾਸੇ ਵੋਟ ਪਾਉਣ ਦਾ ਅਧਿਕਾਰ ਮਿਲਿਆ ਤਾਂ ਦੂਜੇ ਪਾਸੇ ਸਮਾਜ ਵਿਚ ਉਚੇਰਾ ਸਥਾਨ ਤੇ ਮਾਣ ਸਨਮਾਨ ਵੀ ਮਿਲਣ ਲੱਗਾ। ਉਸ ਨੇ ਉੱਚੇ ਅਹੁਦਿਆਂ ਤੇ ਰੁਤਬਾ ਹਾਸਲ ਕਰਨ ਵਾਲਾ ਕਦਮ ਪੁੱਟੇ। ਭਾਵੇਂ ਇਹ ਮਿਸਾਲਾਂ ਗੋਹੜੇ ਵਿੱਚੋਂ ਪੂਣੀ ਛੋਹਣ ਦੇ ਬਰਾਬਰ ਸਨ ਪਰ ਨਵੇਕਲੇ ਯਤਨਾਂ ਨੇ ਉਸ ਦਾ ਰਾਹ ਰੁਸ਼ਨਾਉਣ ਵੱਲ ਦਾ ਦਰ ਖੋਲ੍ਹਿਆ। ਬਿਨਾਂ ਸ਼ੱਕ ਅੱਜ ਕਾਨੂੰਨ ਉਸ ਦੇ ਨਾਲ ਹੈ ਹੱਕ ਰਾਖਵੇਂ ਹੋ ਗਏ ਹਨ। ਧੀਆਂ ਨੂੰ ਗਰਭ ਵਿਚ ਮਾਰਨ ਵਿਰੁੱਧ ਬਗ਼ਾਵਤ ਦੀ ਲਹਿਰ ਅਜਿਹੀ ਉੱਠ ਖੜ੍ਹੀ ਹੋਈ ਹੈ।

### ਹੱਕਾਂ ਤੋਂ ਵਾਂਝਾ

ਬੇਟੀ ਪੜ੍ਹਾਓ ਬੇਟੀ ਬਚਾਓ ਦਾ ਨਾਰਾ ਬੁਲੰਦ ਹੋ ਰਿਹਾ ਹੈ ਪਰ ਅੱਜ ਵੀ ਔਰਤ ਦਾ ਇਕ ਵੱਡਾ ਵਰਗ ਹੱਕਾਂ ਤੋਂ ਵਾਂਝਾ ਹੈ। ਅਨਪੜ੍ਹਤਾ ਹੈ ਗ਼ਰੀਬੀ ਹੈ। ਉਹ ਮਰਦ ਦੀ ਵਧੀਕੀ ਦਾ ਸ਼ਿਕਾਰ ਹੋ ਰਹੀ ਹੈ। ਸਰਕਾਰਾਂ ਦੇ ਬੁੱਧੀਮਾਨ ਵਰਗ ਇਸ ਪ੍ਰਤੀ ਸੁਚੇਤ ਹੈ ਤੇ ਔਰਤ ਦੀ ਸੁਰੱਖਿਆਤਾ ਵੱਲ ਕਦਮ ਚੁੱਕੇ ਜਾ ਰਹੇ ਹਨ ਪਰ ਅੱਜ ਇੱਥੇ ਮੈਂ ਗੱਲ ਕਹਿ ਰਹੀ ਹਾਂ। ਉਸ ਵਰਗ ਦੀ ਔਰਤ ਵੀ ਜੋ ਮਰਦ ਦੇ ਬਰਾਬਰ ਖੜ੍ਹੀ ਹੱਕਾਂ ਨੂੰ ਮਾਣ ਰਹੀ ਹੈ ਹੱਕ ਤਾਂ ਸਾਰਿਆਂ ਨੂੰ ਚਾਹੀਦੇ ਹਨ ਪਰ ਕਦੇ ਔਰਤ ਨੇ ਇਸ ਵਰਗ ਨੇ ਕਦੀ ਇਹ ਸੋਚਿਆ ਕਿ ਉਸ ਦੇ ਕੁਝ ਫ਼ਰਜ਼ ਵੀ ਹਨ। ਪਰਿਵਾਰ ਪ੍ਰਤੀ, ਸਮਾਜ ਪ੍ਰਤੀ ਤੇ ਦੇਸ਼ ਪ੍ਰਤੀ। ਮੇਰੇ ਦੇਖਣ ਵਿਚ ਅਜਿਹੇ ਕਈ ਕੇਸ ਆਏ ਹਨ ਕਿ ਪੜ੍ਹੀਆਂ ਲਿਖੀਆਂ ਲੜਕੀਆਂ ਆਪਣੇ ਫ਼ਰਜ਼ਾਂ ਤੋਂ ਬੇਮੁੱਖ ਹੋ ਰਹੀਆਂ ਹਨ ਸਕੂਲ ਕਾਲਜ ਜਾ ਕੇ ਲੜਕੀ ਸਮਝਦੀ ਹੈ ਕਿ ਉਸ ਦੀ ਇਹੀ ਜ਼ਿੰਦਗੀ ਹੈ ਪਰ ਜਦੋਂ ਅਸਲ ਜ਼ਿੰਦਗੀ ਤਲਖ਼ ਹਕੀਕਤਾਂ ਵਾਲੀ ਜ਼ਿੰਦਗੀ ਉਸ ਦੇ ਸਾਹਮਣੇ ਹੁੰਦੀ ਹੈ ਤਾਂ ਉਸ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਦਾ ਅਹਿਸਾਸ ਨਹੀਂ। ਘਰ ਦੇ ਕੰਮਕਾਜ ਨੂੰ ਹੱਥ ਲਾ ਕੇ ਰਾਜ਼ੀ ਨਹੀਂ। ਕਾਲਜ ਤੋਂ ਘਰ ਤੇ ਫਿਰ ਮੋਬਾਈਲ ਨਾਲ ਮੌਜ ਮਸਤੀ ਅਨਪੜ੍ਹ ਮਾਪੇ ਜਾਂ ਨੌਕਰੀ ਪੇਸ਼ਾ ਮਾਪੇ ਧੀਆਂ ਦੀਆਂ ਗੱਲਾਂ ਵਿਚ ਆ ਜਾਂਦੇ ਹਨ ਤੇ ਘਰ ਦੇ ਕੰਮ ਕਾਜ ਤੋਂ ਮੁਕਤ ਰੱਖਦੇ ਹਨ।

### ਸਹਿਣਸ਼ੀਲਤਾ ਦੀ ਕਮੀ

ਪਰਿਵਾਰਕ ਗੱਡੀ ਨੂੰ ਸਹੀ ਲੀਹਾਂ 'ਤੇ ਚਲਾਉਣਾ ਤੋਂ ਅਸਮਰੱਥ ਮਾਪਿਆ ਵਿਚ ਸਬਰ ਸੰਤੋਖ ਤੇ ਸਹਿਣਸ਼ੀਲਤਾ ਦੀ ਕਮੀ ਹੁੰਦੀ ਹੈ ਜੋ ਇਕ ਲੜਕੀ ਦਾ ਕਹਿਣਾ ਹੈ ਜੇ ਕਿਸਮਤ ਨਾਲ ਸਾਰਾ ਪਰਿਵਾਰ ਵੱਲੋਂ ਸਹਿਯੋਗ ਮਿਲ ਜਾਏ ਤਾਂ ਠੀਕ ਨਹੀਂ ਤਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਕੱਲ੍ਹ ਕੋਰਟ ਕਚਹਿਰੀ ਵਿਚ ਅਨੇਕਾਂ ਜਿਹੇ ਕੇਸਾ ਆ ਰਹੇ ਹਨ ਜਿਨ੍ਹਾਂ ਵਿਚ ਵਿਆਹ ਉਪਰੋਤਕ ਲੜਕੀਆਂ ਸਹੁਰੇ ਪਰਿਵਾਰ ਤੋਂ ਵੱਖ ਰਹਿਣਾ ਪਸੰਦ ਕਰਦੀਆਂ ਹਨ ਤੇ ਜੇ ਲੜਕੇ ਇਸ ਲਈ ਰਾਜ਼ੀ ਨਾ ਹੋਣ ਤਾਂ ਨੌਬਤ ਤਲਾਕ ਤਕ ਆ ਜਾਂਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਤਾਕਤ ਤੇ ਪੈਸਾ ਜ਼ਿੰਦਗੀ ਦੇ ਫਲ਼ ਹਨ ਪਰ ਪਰਿਵਾਰ ਤੇ ਦੋਸਤ ਮਿੱਤਰ ਜ਼ਿੰਦਗੀ ਦੀਆਂ ਜੜ੍ਹਾਂ ਹਨ। ਫਲ਼ ਤੋਂ ਬਿਨਾਂ ਜੀਵਨ ਸੰਭਵ ਹੈ ਪਰ ਜੜ੍ਹ ਤੋਂ ਬਿਨਾਂ ਨਹੀਂ। ਇਹ ਵੱਖ ਰਹਿਣ ਦੀ ਸੋਚ ਸਿਰਫ਼ ਜ਼ਿੰਮੇਵਾਰੀਆਂ ਤੋਂ ਭੱਜਣ ਤੇ ਆਜ਼ਾਦ ਰਹਿਣ ਸਦਕਾ ਹੀ ਹੋ ਰਹੀ ਹੈ।

### ਆਮਦਨ ਦਾ ਸਾਧਨ

ਕਈ ਕੇਸਾਂ ਵਿਚ ਸਹੁਰਿਆਂ ਵੱਲੋਂ ਬੱਚਿਆਂ ਨਾਲ ਐਡਜਸਟ ਨਾ ਕਰਨਾ ਵੀ ਇਕ ਕਾਰਨ ਹੋ ਸਕਦਾ ਹੈ ਜਿਸ ਕਾਰਨ ਪਰਿਵਾਰ ਖਿੰਡ ਜਾਂਦਾ ਹੈ। ਜਿਹੜੇ ਕਾਨੂੰਨ ਲੜਕੀਆਂ ਦੇ ਹੱਕਾਂ ਵਿਚ ਬਣੇ ਹਨ ਉਹ ਉਨ੍ਹਾਂ ਦੇ ਭਵਿੱਖ ਨੂੰ ਸ਼ਖ਼ਸੀਅਤ ਰੱਖਣ ਲਈ ਹਨ ਨਾ ਕਿ ਆਜ਼ਾਦ ਜੀਵਨ ਬਸਰ ਕਰਨ ਲਈ ਕੁਝ ਕੇਸਾਂ ਵਿਚ ਤਾਂ ਲੜਕੀਆਂ ਨੇ ਤਲਾਕ ਲੈਣ ਨੂੰ ਆਮਦਨ ਦਾ ਇਕ ਸਾਧਨ ਹੀ ਬਣਾ ਲਿਆ ਹੈ ਜੋ ਕਿਸੇ ਹੱਦ ਤਕ ਨਾਜ਼ਾਇਜ ਵੀ ਹੈ। ਵੋਮਨ ਸੈੱਲ ਵਿਚ ਸੇਵਾ ਨਿਭਾਉਂਦੇ ਹੋਏ ਕਈ ਤਲਖ਼ ਹਕੀਕਤਾਂ ਮੇਰੇ ਸਾਹਮਣੇ ਆਈਆਂ। ਲੜਕੀਆਂ ਦੀ ਹਮੇਸ਼ਾ ਇੱਛਾ ਹੁੰਦੀ ਹੈ ਕਿ ਤਲਾਕ ਬਾਹਰੋਂ ਬਾਹਰ ਸਮਝੌਤਾ ਹੋ ਜਾਏ ਤੇ ਮਨ ਮਰਜ਼ੀ ਦੀ ਰਕਮ ਮਿਲ ਜਾਏ ਜੋ ਲੜਕੇ ਦੀ ਵਿੱਤ ਤੋਂ ਬਾਹਰ ਹੁੰਦੀ ਹੈ। ਕਈ ਮਾਪੇ ਸਾਮਾਨ ਦੀ ਲੰਬੀ ਲਿਸਟ ਲੈ ਆਉਂਦੇ ਹਨ ਜੋ ਚੀਜ਼ਾਂ ਵਰਤੋਂ ਵਿਚ ਆ ਚੁੱਕੀਆਂ ਹੁੰਦੀਆਂ ਹਨ। ਅਜਿਹੀਆਂ ਸੌਦੇਬਾਜ਼ੀਆਂ ਸਮਾਜ ਦੇ ਪਰਿਵਾਰ ਦੀ ਇੱਕਜੁਟਤਾ ਤੇ ਸਹਿਜ ਹੋਂਦ ਲਈ ਨੁਕਸਾਨਦਾਇਕ ਸਾਬਤ ਹੁੰਦੀ ਹੈ। ਮਾਪਿਆਂ ਨੂੰ ਵੀ ਸੋਝੀ ਹੋਣੀ ਚਾਹੀਦੀ ਹੈ ਕਿ ਜਿਹੜੀ ਧੀ ਇਕ ਪਰਿਵਾਰ ਵਿਚ ਐਡਜਸਟ ਨਹੀਂ ਕਰ ਸਕੀ ਉਹ ਹੋਰ ਕਿਤੇ ਕਰੇਗੀ। ਸਮਾਜ ਦੇ ਸਾਹਮਣੇ ਇਹ ਇਕ ਵੱਡੀ ਸਮੱਸਿਆ ਖੜ੍ਹੀ ਹੋ ਰਹੀ ਹੈ ਕਿ ਜਲਦਬਾਜ਼ੀ ਵਿਚ ਚੁੱਕੇ ਕਦਮ ਪਰਿਵਾਰਾਂ ਨੂੰ ਤੋੜ ਰਹੇ ਹਨ।

### ਸਹੁਰਿਆਂ ਵੱਲੋਂ ਦੁਖੀ

ਤਾੜੀ ਕਦੇ ਵੀ ਇਕ ਹੱਥ ਨਾਲ ਨਹੀਂ ਵੱਜਦੀ ਜੋ ਲੜਕੀ ਸਹੁਰਿਆਂ ਵੱਲੋਂ ਦੁਖੀ ਹੁੰਦੀ ਹੁੰਦੀਆਂ ਹਨ ਤਾਂ ਦੂਜੇ ਪਾਸੇ ਖ਼ਬਰਾਂ ਇਹ ਵੀ ਪੜ੍ਹਨ ਨੂੰ ਮਿਲੀਆਂ ਹਨ ਕਿ ਸਹੁਰਿਆਂ ਤੋਂ ਦੁਖੀ ਲੜਕੇ ਨੇ ਜ਼ਹਿਰ ਨਿਗਲ ਕੇ ਆਤਮਹੱਤਿਆ ਕਰ ਲਈ ਜਾਂ ਨੂੰਹ ਵੱਲੋਂ ਸਤਾਏ ਬਜ਼ੁਰਗ ਮਾਪਿਆਂ ਨੇ ਜਾਨ ਦੇ ਦਿੱਤੀ ਜਾਂ ਬਿਰਧ ਆਸ਼ਰਮ ਵਿਚ ਜਾਣ ਲਈ ਮਜਬੂਰ ਹੋਏ। ਕੁਆਰੇ ਮੁੰਡਿਆਂ ਦੇ ਮਾਪੇ ਕਦੇ ਬਿਰਧ ਆਸ਼ਰਮ ਜਾਂਦੇ ਨਹੀਂ ਦੇਖੇ ਗਏ ਫਿਰ ਵਿਆਹੇ ਮੁੰਡਿਆਂ ਦੇ ਹੀ ਕਿਉਂ ? ਜੇ ਕਿਸੇ ਹੱਦ ਤੱਕ ਬਜ਼ੁਰਗ ਵੀ ਕਸੂਰਵਾਰ ਹਨ ਇਸ ਤੋਂ ਬਾਅਦ ਜ਼ਿੰਮੇਵਾਰ ਹੈ ਉਹ ਧੀ ਜਿਸ ਨੂੰ ਮਾਪਿਆਂ ਵੱਲੋਂ ਅਜਿਹੇ ਸੰਸਕਾਰ ਹੀ ਨਹੀਂ ਦਿੱਤੇ ਗਏ ਕਿ ਪਤੀ ਦੇ ਮਾਪੇ ਵੀ ਉਸ ਦੇ ਆਪਣੇ ਮਾਪਿਆਂ ਜਿਹੇ ਹੁੰਦੇ ਹਨ ਉਨ੍ਹਾਂ ਦਾ ਸਤਿਕਾਰ ਕਰੋ ਪਿਆਰ ਦਿਉ। ਛੋਟੀਆਂ ਮੋਟੀਆਂ ਗੱਲਾਂ ਨੂੰ ਨਜ਼ਰ-ਅੰਦਾਜ਼ ਕਰੋ। ਰਿਸ਼ਤੇ ਨਾਤੇ ਆਸ-ਪਾਸ ਜਾਂ ਫ਼ੇਲ ਹੋਣ ਲਈ ਕੋਈ ਇਮਤਿਹਾਨ ਨਹੀਂ ਤੇ ਨਾ ਹੀ ਕੋਈ ਜਿੱਤਣ ਦਾ ਜਾਂ ਹਾਰਨ ਲਈ ਕੰਪੀਟੀਸ਼ਨ ਹੈ। ਸਗੋਂ ਇਹ ਅਹਿਸਾਸ ਹੈ ਜਿਸ ਵਿਚ ਤੁਸੀਂ ਕਿਸੇ ਦਾ ਆਪਣੇ ਤੋਂ ਵੀ ਵਧ ਧਿਆਨ ਰੱਖਦੇ ਹੋ। ਜੇ ਲੜਕੀ ਚਾਹੁੰਦੀ ਹੈ ਕਿ ਉਸ ਦੇ ਮਾਪਿਆਂ ਦਾ ਮਾਣ ਸਨਮਾਨ ਹੋਵੇ ਤਾਂ ਉਸ ਨੂੰ ਸਹੁਰਿਆਂ ਨਾਲ ਕਰਨਾ ਚਾਹੀਦਾ ਹੈ। ਅਸੀਂ ਬਜ਼ੁਰਗਾਂ ਦੀ ਸੋਚ ਨਹੀਂ ਬਦਲ ਸਕਦੇ ਹਾਂ, ਆਪਣੇ ਆਪ ਨੂੰ ਹਾਲਤ ਮੁਤਾਬਿਕ ਜ਼ਰੂਰ ਢਾਲ ਸਕਦੇ ਹਾਂ।



### ਤਲਾਕ

ਅਕਸਰ ਇਹ ਵੀ ਦੇਖਣ ਵਿਚ ਆਇਆ ਹੈ ਕਿ ਪਹਿਲਾਂ ਤਾਂ ਮਾਪੇ ਵਿਦੇਸ਼ੀ ਮੁੰਡਿਆਂ ਨਾਲ ਧੀਆਂ ਵਿਆਹ ਦਿੰਦੇ ਹਨ ਕਿ ਉਨ੍ਹਾਂ ਦਾ ਸਾਰਾ ਪਰਿਵਾਰ ਬਾਹਰ ਸੈੱਟ ਹੋ ਜਾਵੇਗਾ ਪਰ ਜੇ ਇਹ ਤਮੰਨਾ ਪੂਰੀ ਨਾ ਹੋਵੇ ਤਾਂ ਮਾਪੇ ਤਲਾਕ ਦਿਵਾ ਕੇ ਚੰਗੀ ਚੋਖੀ ਰਕਮ ਦੀ ਮੰਗ ਕਰਦੇ ਹਨ ਤਾਂ ਕਿ ਧੀ ਦੇ ਭਵਿੱਖ ਤੋਂ ਇਲਾਵਾ ਉਨ੍ਹਾਂ ਦਾ ਭਵਿੱਖ ਵੀ ਸੁਰੱਖਿਅਤ ਹੋ ਜਾਵੇ। ਇਸ ਧੋਖੇਬਾਜ਼ੀ ਵਿਚ ਧੀ ਦਾ ਘਰ ਬਰਬਾਦ ਹੋ ਜਾਂਦਾ ਹੈ। ਮਾਪਿਆਂ ਦੀ ਅਜਿਹੀ ਸੋਚ ਨੂੰ ਨੱਥ ਪਾਉਣੀ ਜ਼ਰੂਰੀ ਹੈ। ਜਿੱਥੇ ਵੀ ਧੀ ਨਾਲ ਵਧੀਕੀ ਹੁੰਦੀ ਹੈ ਉੱਥੇ ਜ਼ਰੂਰ ਆਪਣੇ ਹੱਕ ਲਈ ਕਾਨੂੰਨ ਦੀ ਮਦਦ ਲੈਣੀ ਚਾਹੀਦਾ ਹੈ। ਦੂਸਰੇ ਪਾਸੇ ਸਹੁਰੇ ਵੀ ਇਹ ਚਾਹੁੰਦੇ ਹਨ ਕਿ ਨੂੰਹ ਉਨ੍ਹਾਂ ਕੋਲ ਰਹਿ ਕੇ ਸੇਵਾ ਕਰੇ। ਪੁੱਤਰ ਵਿਦੇਸ਼ ਤੋਂ ਪੈਸੇ ਭੇਜਦਾ ਰਹੇ। ਇਹ ਸੋਚ ਵੀ ਗ਼ਲਤ ਹੈ। ਅਜਿਹੀ ਸਥਿਤੀ ਵਿਚ ਲੜਕੀ ਕਾਨੂੰਨ ਆਪਣਾ ਹੱਕ ਲੈ ਸਕਦੀ ਹੈ ।

### ਸਲਾਹ

ਧੀਆਂ ਭੈਣਾਂ ਨੂੰ ਮੇਰੀ ਤਾਂ ਇਹੀ ਸਲਾਹ ਹੈ ਕਿ ਬੱਚਿਓ ਆਪਣੀ ਸੂਝ ਬੂਝ ਤੋਂ ਕੰਮ ਲਓ ਬਜ਼ੁਰਗਾਂ ਦੀ ਨੇਕ ਸਲਾਹ ਲਓ ਜੋ ਪਰਿਵਾਰ ਨੂੰ ਜੋੜ ਕੇ ਰੱਖਦੇ ਹਨ ਸਹਿਣਸ਼ੀਲਤਾ ਤੇ ਐਡਜਸਟ ਕਰਨ ਦੀ ਸਮਰੱਥਾ ਪੈਦਾ ਕਰੋ। ਮਾਪਿਆਂ ਤੇ ਸਹੁਰਿਆਂ ਦਾ ਮਾਣ-ਸਨਮਾਨ ਕਰੋ ਅਤੇ ਜਿੱਥੋਂ ਤਕ ਹੋ ਸਕੇ ਪਰਿਵਾਰ ਨੂੰ ਟੁੱਟਣ ਤੋਂ ਬਚਾਓ ਤਾਂ ਕਿ ਤੁਸੀਂ ਸੁਖੀ ਤੇ ਖ਼ੁਸ਼ਹਾਲ ਜੀਵਨ ਬਸਰ ਕਰ ਸਕੋ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਮਿਸਾਲ ਬਣੋ। ਮਾਪਿਆਂ ਲਈ ਵੀ ਨੇਕ ਸਲਾਹ ਹੈ ਕਿ ਧੀਆਂ ਨੂੰ ਚੰਗੇ ਸੰਸਕਾਰ ਦੇ ਫ਼ਰਜ਼ਾਂ ਪ੍ਰਤੀ ਸੁਚੇਤ ਕਰੋ ਤੇ ਸਹੀ ਮਾਰਗ ਦਰਸ਼ਨ ਕਰੋ ਦੋਹਾਂ ਪਰਿਵਾਰਾਂ ਦੇ ਮਾਪੇ ਹੀ ਹਨ ਜੋ ਉਨ੍ਹਾਂ ਨੂੰ ਸਹੀ ਸਲਾਹ ਵਿਖਾ ਕੇ ਖ਼ੁਸ਼ਹਾਲ ਜੀਵਨ ਲਈ ਸਹਾਈ ਹੋ ਸਕਦੇ ਹਨ। •

98555 84298

# ਪੀੜ੍ਹੀ-ਦਰ-ਪੀੜ੍ਹੀ ਤੁਰੇ ਆਉਂਦੇ

## ਵਹਿਮ- ਭਰਮ

ਰਾਜਬੀਰ ਚੀਮਾ

ਗੱਲ 1999 ਤੋਂ ਸ਼ੁਰੂ ਕਰਦੇ ਹਾਂ ਉਦੋਂ ਮੈਂ 7ਵੀ ਜਮਾਤ ਵਿਚ ਪੜ੍ਹਦਾ ਸੀ ਤੇ ਮੇਰੀ ਉਮਰ ਮਹਿਜ਼ 12 ਕੁ ਸਾਲ ਦੀ ਸੀ। ਅਪ੍ਰੈਲ ਮਹੀਨੇ ਵਿਚ ਮੈਨੂੰ ਮਾਤਾ ਹੋ ਗਈ। ਉਸ ਵਕਤ ਪਿੰਡ ਦਾ ਹਰੇਕ ਵਰਗ ਦੇ ਲੋਕ ਇਸ ਭਰਮ 'ਚ ਫਸੇ ਹੋਏ ਸਨ ਕਿ ਇਹ ਰੋਗ ਨਹੀਂ ਹੈ, ਮਾਤਾ ਪ੍ਰਤੱਖ ਪ੍ਰਗਟ ਹੋਈ ਹੈ। ਇਸ ਬਿਮਾਰੀ ਦੌਰਾਨ ਵਹਿਮ ਇਹ ਕੀਤਾ ਜਾਂਦਾ ਸੀ ਕਿ ਕਿਸੇ ਨੇ ਨਹਾ ਕੇ, ਸਿਰ ਵਾਅ ਕੇ ਜਾਂ ਕਿਸੇ ਪ੍ਰਾਹੁਣੇ ਨੇ ਸੁੱਚੇ ਮੂੰਹ ਇਸ ਬਿਮਾਰੀ ਨਾਲ ਪੀੜਤ ਦੇ ਮੱਥੇ ਨਹੀਂ ਲੱਗਣਾ, ਕਿਸੇ ਚੀਜ਼ ਦੀ ਛੂੰ ਨਹੀਂ ਕਰਵਾਉਣੀ ਜਿਵੇਂ ਕਿ ਪਰੌਂਠੇ ਬਣਾਉਣੇ ਬੰਦ ਸਨ ਕਿਉਂਕਿ ਉਹ ਤਵੇ ਉਪਰ ਛੂੰ ਕਰਦੇ ਹਨ, ਤੜਕਾ ਨਹੀਂ ਲਾਉਣਾ, ਸੂਈ ਵਿਚ ਧਾਗਾ ਨਹੀਂ ਪਾਉਣਾ ਆਦਿ। ਮੇਰਾ ਮੈਡੀਕਲ ਇਲਾਜ ਨਹੀਂ ਕਰਵਾਇਆ ਗਿਆ ਅਤੇ ਰੱਖ ਰੱਖੀ ਗਈ। ਮੇਰੇ ਸਰ੍ਹਾਣੇ ਕੱਚੀ ਲੱਸੀ ਰੱਖੀ ਜਾਂਦੀ ਅਤੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਬੇਰੀ ਜਾਂ ਕਿੱਕਰ ਦੇ ਰੁੱਖ ਨੂੰ ਪਾਈ ਜਾਂਦੀ, ਮੇਰੇ ਮੂੰਹ ਵਿਚ ਅਤੇ ਮੇਰੇ ਸਰੀਰ ਉਪਰ ਜ਼ਖ਼ਮ ਬਹੁਤ ਹੋ ਗਏ ਜੋ ਬਹੁਤ ਤਕਲੀਫ਼ ਦਿੰਦੇ ਸੀ।

### ਸੂਰਜ ਚੜ੍ਹਨ ਤੋਂ ਪਹਿਲਾਂ

ਮਾਤਾ ਨਿਕਲਮ 'ਤੇ ਦਰਦ ਦੀ ਕੋਈ ਦਵਾਈ ਨਾ ਖਵਾਈ ਜਾਂਦੀ ਤੇ ਦੇਸੀ ਘਿਓ ਨੂੰ ਉਂਗਲ ਨਾਲ ਮੇਰੇ ਜ਼ਖਮਾਂ 'ਤੇ ਲਾ ਕੇ ਕਿਹਾ ਜਾਂਦਾ 'ਮਾਤਾ ਠੰਢ ਪਾ, ਫੇਰ ਹੌਲੀ-ਹੌਲੀ 7-8 ਦਿਨ ਬਾਅਦ ਮੈਂ ਆਪਣੇ ਆਪ ਠੀਕ ਹੋ ਗਿਆ। ਠੀਕ ਹੋਣ ਤੋਂ ਬਾਅਦ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਪਿੰਡ ਦੇ ਇਕ ਪਿੱਪਲ ਨੂੰ ਮੱਥਾ ਟਿਕਾਇਆ ਗਿਆ ਜਿੱਥੇ ਕੁਝ ਧਾਰਮਿਕ ਫੋਟੋਆਂ ਅਤੇ ਇਕ ਦੀਵਾ ਪਿਆ ਸੀ। ਮੈਂ ਕੁਦਰਤੀ ਤੌਰ 'ਤੇ ਆਪਣੇ ਆਪ ਠੀਕ ਤਾਂ ਹੋ ਗਿਆ ਪਰ ਇਲਾਜ ਨਾ ਹੋਣ ਕਾਰਨ ਜ਼ਖ਼ਮਾਂ ਦੇ ਦਾਗ਼ ਮੇਰੇ ਚਿਹਰੇ ਤੇ ਹਮੇਸ਼ਾਂ ਲਈ ਰਹਿ ਗਏ ਜੋ ਅੱਜ ਵੀ ਹਨ। ਇਸ ਤੋਂ ਬਾਅਦ ਪੜ੍ਹਦਾ-ਪੜ੍ਹਾਂਦਾ ਇਨ੍ਹਾਂ ਵਹਿਮਾਂ-ਭਰਮਾਂ ਤੋਂ ਉਪਰ ਉੱਠ ਗਿਆ। ਮੈਂ ਸਭ ਧਰਮਾਂ ਦੇ ਨਾਲ-ਨਾਲ ਹਿੰਦੂ ਦੇਵੀ ਦੇਵਤਿਆਂ ਦਾ ਵੀ ਸਤਿਕਾਰ ਕਰਦਾ ਹਾਂ ਪਰ ਇਸ ਬਿਮਾਰੀ ਨੂੰ ਕਿਸੇ ਮਾਤਾ ਨਾਲ ਜੋੜ ਕੇ ਨਹੀਂ ਦੇਖਦਾ ਕਿਉਂਕਿ ਇਹ ਬਿਮਾਰੀ ਸਰੀਰ ਨੂੰ ਬਹੁਤ ਤਕਲੀਫ਼ ਦਿੰਦੀ ਹੈ ਅਤੇ ਮੇਰਾ ਮੰਨਣਾ ਹੈ ਕਿ ਕੋਈ ਮਾਂ ਆਪਣੇ ਬੱਚੇ ਨੂੰ ਤਕਲੀਫ਼ ਨਹੀਂ ਦੇ ਸਕਦੀ।

### ਬਿਮਾਰੀ ਨਾਲ ਪੀੜਤ

ਹੁਣ 19 ਸਾਲ ਬਾਅਦ ਵਿਚ ਮੇਰੀ ਪਤਨੀ ਇਸ ਬਿਮਾਰੀ ਨਾਲ ਪੀੜਤ ਹੋ ਗਈ, ਮੈਂ ਇਸ ਨੂੰ ਬਿਮਾਰੀ ਸਮਝ ਕੇ ਇਲਾਜ ਕਰਵਾਉਣਾ ਚਾਹੁੰਦਾ ਸੀ ਪਰ ਸਿਆਣੀਆਂ ਜ਼ਨਾਨੀਆਂ ਫਿਰ ਉਹੀ ਕੁਝ ਕਰਨ ਲਈ ਕਹਿ ਰਹੀਆਂ ਸਨ। ਮੈਂ ਇਹ ਸਭ ਨਹੀਂ ਕਰਨਾ ਚਾਹੁੰਦਾ ਸੀ ਇਸ ਲਈ ਅਸੀਂ ਡਾਕਟਰ ਕੋਲ ਗਏ ਹੈਰਾਨੀ ਉਸ ਵਕਤ ਹੋਈ ਜਦੋਂ ਡਾਕਟਰ ਨੇ ਵੀ ਦਵਾਈ ਦੇਣ ਤੋਂ ਮਨ੍ਹਾ ਕਰ ਦਿੱਤਾ ਤੇ ਉਹੀ ਕੱਚੀ ਲੱਸੀ, ਮਾਤਾ ਠੰਡ ਪਾਉਣ ਵਾਲੇ ਤਰੀਕੇ ਦੱਸੇ। ਅਸੀਂ ਬਿਨਾਂ ਦਵਾਈ ਲਏ ਵਾਪਸ ਆ ਰਹੇ ਸੀ ਤੇ ਮੈਂ ਸੋਚ ਰਿਹਾ ਸੀ ਕਿ ਸਾਡੇ ਲੋਕ 19-20 ਸਾਲਾਂ ਬਾਅਦ ਵੀ ਕਿਉਂ ਨਹੀਂ ਬਦਲ ਸਕੇ ਜਾਂ ਇਹ ਬਦਲਣਾ ਹੀ ਨਹੀਂ ਚਾਹੁੰਦੇ ਅਤੇ ਇਹ ਵਹਿਮਾਂ-ਭਰਮਾਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਪ੍ਰਦਾਨ ਕਰ ਰਹੇ ਹਨ।

### ਪਰਮਾਤਮਾ ਦਾ ਸ਼ੁਕਰ

ਮੈਂ ਪਹਿਲਾਂ ਹੀ ਕਹਿ ਦਿੱਤਾ ਕਿ ਜੇ ਤੂੰ ਪਿੱਪਲ ਦੀ ਹੀ ਪੂਜਾ ਕਰਨੀ ਜਾਂ ਮੱਥਾ ਟੇਕਣਾ ਤੇ ਮੈਂ ਵੀ ਤੇਰੇ ਨਾਲ ਚੱਲੂਗਾ ਹਾਂ ਪਰ ਉਸ ਤੋਂ ਬਾਅਦ ਕਦੀਂ ਵੀ ਕਿਸੇ ਗੁਰਦੁਆਰੇ ਨਹੀਂ ਜਾਵਾਂਗੇ ਕਿਉਂਕਿ ਪਿੱਪਲਾਂ, ਮੜੀਆਂ-ਮਸਾਣਾਂ ਨੂੰ ਮੱਥਾ ਟੇਕਣਾ ਗੁਰੂ ਦੇ ਸਿਧਾਂਤਾਂ ਤੋਂ ਉਲਟ ਹੈ। ਪਰਮਾਤਮਾ ਦਾ ਸ਼ੁਕਰ ਹੈ ਕਿ ਮੇਰੀ ਪਤਨੀ ਪਿੱਪਲ ਨੂੰ ਮੱਥਾ ਨਾ ਟੇਕਣ ਗਈ ਅਤੇ ਹੁਣ ਉਹ ਬਿਲਕੁਲ ਠੀਕ ਹੈ। ਇਸ ਦੌਰਾਨ ਮੈਂ ਨੋਟ ਕੀਤਾ ਤੜਕਾ ਨਾ ਭੁੰਨਣਾ ਵਿਗਿਆਨਕ ਪੱਖ ਹੈ ਕਿਉਂਕਿ ਤੜਕੇ ਵਿੱਚੋਂ ਨਿਕਲਣ ਵਾਲੀ ਮਹਿਕ ਸਾਹ ਜ਼ਰੀਏ ਸਰੀਰ ਦੇ ਅੰਦਰ ਜਾ ਕੇ ਇਸ ਬਿਮਾਰੀ ਦੀ ਇਨਫੈਕਸ਼ਨ ਨੂੰ ਵਧਾ ਦਿੰਦੀ ਹੈ ਪਰ ਸਾਡੇ ਲੋਕ ਵਿਗਿਆਨਕ ਪੱਖ ਨੂੰ ਵਹਿਮਾਂ-ਭਰਮਾਂ ਵਿਚ ਢਾਲਣ ਲਗਿਆਂ ਦੇਰ ਨਹੀਂ ਲਗਾਉਂਦੇ।



**ਠੀਕ ਹੋਣ ਤੋਂ ਬਾਅਦ ਮੈਨੂੰ ਸਵੇਰੇ ਉਠਾਲ ਕੇ, ਸੂਰਜ ਚੜ੍ਹਨ ਤੋਂ ਪਹਿਲਾਂ ਪਿੰਡ ਦੇ ਪਿੱਪਲ ਨੂੰ ਮੱਥਾ ਟਿਕਾਇਆ ਗਿਆ ਜਿੱਥੇ ਕੁਝ ਧਾਰਮਿਕ ਫੋਟੋਆਂ ਅਤੇ ਇਕ ਦੀਵਾ ਪਿਆ ਹੋਇਆ ਸੀ। ਮੈਂ ਕੁਦਰਤੀ ਤੌਰ 'ਤੇ ਆਪਣੇ ਆਪ ਠੀਕ ਹੋ ਗਿਆ ਸੀ।**

### ਮਾਤਾ ਨਿਕਲਣ ਦੀ ਬਿਮਾਰੀ

ਇਸ ਲੇਖ ਨੂੰ ਮੈਂ ਕਾਫ਼ੀ ਦੇਰ ਪਹਿਲਾਂ ਹੀ ਲਿਖ ਲਿਆ ਸੀ ਪਰ ਜਨਤਕ ਨਾ ਕਰ ਸਕਿਆ ਕਿਉਂਕਿ ਮਾਤਾ ਨਿਕਲਣ ਦੀ ਬਿਮਾਰੀ ਤੋਂ ਉਭਰਨ ਤੋ ਕੁਝ ਦਿਨਾਂ ਬਾਅਦ ਹੀ ਮੇਰੀ ਪਤਨੀ ਨੂੰ ਡੇਂਗੂ ਹੋ ਗਿਆ ਜੇ ਕਿਤੇ ਇਸ ਬਿਮਾਰੀ ਦੌਰਾਨ ਮੇਰੀ ਪਤਨੀ ਨੂੰ ਕੁਝ ਹੋ ਜਾਂਦਾ ਤੇ ਲੋਕਾਂ ਨੇ ਮੈਨੂੰ ਕਹਿਣਾ ਸੀ ਦੇਖਿਆ ਵੱਡਿਆ ਸਿਆਣਿਆਂ ਤੁਸੀਂ ਰੱਖ ਨਹੀਂ ਸੀ ਰੱਖੀ ਇਸੇ ਕਰਕੇ ਇਹ ਸਭ ਹੋਇਆ। ਖ਼ੈਰ ਮੇਰੀ ਪਤਨੀ ਦੇ ਡੇਂਗੂ ਨਾਲ ਘਟੇ ਪਲੇਟਲੈਟ ਸੈੱਲ ਮੈਡੀਕਲ ਇਲਾਜ, ਫਲ-ਫਰੂਟ ਅਤੇ ਬੱਕਰੀ ਦੇ ਦੁੱਧ ਨਾਲ ਪੂਰੇ ਹੋ ਗਏ ਤੇ ਉਹ ਠੀਕ ਹੋ ਗਈ। ਹਾਂ ਸੱਚ ਬੱਕਰੀ ਦੇ ਦੁੱਧ ਤੋਂ ਯਾਦ ਆਇਆ ਜੇ ਕਿਤੇ ਇਹ ਕਾਢ 10-15 ਸਾਲ ਪਹਿਲਾਂ ਨਿਕਲਦੀ ਕਿ ਬੱਕਰੀ ਦੇ ਦੁੱਧ ਨਾਲ ਡੇਂਗੂ ਨਾਲ ਘਟੇ ਪਲੇਟਲੈਟ ਸੈੱਲ ਬਣਦੇ ਹਨ ਤਾਂ ਸਾਡੇ ਲੋਕਾਂ ਨੇ ਬੱਕਰੀ ਦਾ ਦੁੱਧ ਵੀ, ਡੇਂਗੂ ਤੇ ਟੂਣਾ ਸਮਝ ਕੇ ਪੀਣਾ ਸੀ। ਸੋ ਬਹੁਤੀਆਂ ਗੱਲਾਂ ਦਾ ਮੂਲ ਖ਼ੁਲਾਸਾ ਮੇਰੇ ਸਮਾਜ ਦੀਓ ਮਾਈਓ, ਬੀਬੀਓ, ਭੈਣੋਂ ਤੇ ਭਰਾਵੋ ਤੁਸੀਂ ਵਹਿਮ ਭਰਮ ਕਰਨੇ ਤੇ ਕਰੀ ਜਾਵੋ ਮੇਰੇ ਸਮਾਜ ਉੱਤੇ ਘੱਟ-ਘੱਟ ਇਨ੍ਹਾਂ ਕੁ ਰਹਿਮ ਤੇ ਕਰੋ ਕਿ ਵਹਿਮਾਂ-ਭਰਮਾਂ ਨੂੰ ਆਪਣੇ ਬੱਚਿਆਂ ਨੂੰ ਤੋਹਫ਼ੇ ਵਿਚ ਨਾ ਦਿਓ! ਖੌਰੇ ਖੜ੍ਹ ਹੀ ਜਾਵੇ ਮੇਰਾ ਦੇਸ਼ ਵੀ ਵਿਕਸਤ ਦੇਸ਼ਾਂ ਦੀ ਕਤਾਰ ਵਿਚ।

98722-18445



### ਵਹਿਮ ਭਰਮ ਦੀ ਆਧਾਰਸ਼ਿਲਾ

ਵਹਿਮ ਭਰਮ ਦੀ ਆਧਾਰਸ਼ਿਲਾ ਡਰ ਹੈ। ਜਦੋਂ ਵਿਅਕਤੀ ਵੱਖ-ਵੱਖ ਕੁਦਰਤੀ ਸ਼ਕਤੀਆਂ ਤੋਂ ਡਰਨ ਲੱਗਾ ਤਾਂ ਉਸ ਨੇ ਆਪਣੀ ਮਾਨਸਿਕ ਕਮਜ਼ੋਰੀ ਨੂੰ ਸਹਾਰਾ ਦੇਣ ਲਈ ਅਨੇਕਾਂ ਪੂਜਾ ਵਿਧੀਆਂ ਨੂੰ ਅਪਣਾਉਣਾ ਸ਼ੁਰੂ ਕੀਤਾ ਜਿਸ ਨਾਲ ਵੱਖੋ-ਵੱਖਰੇ ਵਹਿਮ ਭਰਮ ਦੀ ਪ੍ਰਚਲਿਤ ਹੋ ਗਏ। ਮਨੁੱਖ ਕੁਦਰਤ ਦੇ ਪ੍ਰਭਾਵ ਨੂੰ ਸਮਝਣੋਂ ਅਸਮਰੱਥ ਹੋਣ ਕਰ ਕੇ ਡਰਿਆ ਤੇ ਸਹਿਮਿਆ ਰਹਿੰਦਾ ਸੀ, ਜਦੋਂ ਉਹ ਹਰ ਜੜ੍ਹ ਵਸਤੂ ਵਿਚ ਕਿਸੇ ਭਲੀ ਜਾਂ ਚੰਦਰੀ ਆਤਮਾ ਦੀ ਹੋਂਦ ਨੂੰ ਮੰਨ ਦੇ ਉਸ ਦੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰਨ ਤੇ ਚੰਦਰੇ ਤੋਂ ਮੁਕਤੇ ਹੋਣ ਲਈ ਕਈ ਰੀਤਾਂ ਤੇ ਟੂਣੇ ਕਰਿਆ ਕਰਦਾ ਸੀ ਤੇ ਹਰ ਘਟਨਾ ਕਿਸੇ ਗੈਵੀ ਸ਼ਕਤੀ ਕਰ ਕੇ ਵਾਪਰਦੀ ਹੈ। ਮਨੁੱਖ ਇਕ ਸਮਾਜਿਕ ਵਾਤਾਵਰਣ ਵਿਚ ਰਹਿੰਦਾ ਹੈ। ਵਿਸ਼ਵਾਸ ਇਸ ਵਾਤਾਵਰਣ ਦਾ ਮਹੱਤਵਪੂਰਨ ਭਾਗ ਹਨ ਇਸ ਵਿਚ ਸਭ ਕੁਝ ਸ਼ਾਮਿਲ ਹੈ, ਜਿਸ ਨੂੰ ਅਸੀਂ ਵਹਿਮ, ਪਰੰਪਰਾ ਜਾ ਤੁਅੱਸਬ ਕਹਿੰਦੇ ਹਾਂ। ਡੰਡੀਜ਼ ਨੇ ਔਚਜੇ ਰੋਜ਼ ਦੇ ਹਵਾਲੇ ਨਾਲ ਕਿਹਾ ਹੈ ਕਿ ਵਹਿਮ ਉਨ੍ਹਾਂ ਵਿਸ਼ਵਾਸਾਂ 'ਤੇ ਵਿਹਾਰਾਂ ਦੀ ਪ੍ਰਵਾਨਗੀ ਹੈ ਜਿਹੜੇ ਨਿਰਾਧਾਰ ਹੱਲ ਅਤੇ ਪ੍ਰਬੁੱਧਤਾ ਦੀ ਉਸ ਅਵਸਥਾ ਨਾਲ ਮੇਲ ਨਹੀਂ ਖਾਂਦੇ, ਜਿਥੇ ਉਹ ਭਾਈਚਾਰਾ, ਜਿਸ ਨਾਲ ਇਹ ਸਬੰਧਿਤ ਹੁੰਦੇ ਹਨ।

## ਅਜੋਕੇ ਵਿਆਹ-ਸ਼ਾਦੀਆਂ ਪੁਰਾਤਨ ਰੀਤੀ ਰਿਵਾਜਾਂ ਅਤੇ ਖ਼ਰਚ ਦੇ ਪੈਮਾਨੇ ਦੇ ਮੁਕਾਬਲੇ ਬਿਲਕੁਲ ਬਦਲ ਗਏ ਹਨ...



# ਵਕਤ ਨਾਲ ਬਦਲਦੇ ਰੀਤੀ ਰਿਵਾਜ


ਕੁਲਦੀਪ ਸਿੰਘ ਗੁਰਾਇਆ

ਸਮੇਂ ਦੇ ਨਾਲ ਹਰ ਚੀਜ਼ ਬਦਲ ਜਾਂਦੀ ਹੈ ਪਰ ਇੰਨਾ ਵੀ ਨਾ ਬਦਲੋ ਕਿ ਆਪਣੀ ਪਛਾਣ ਹੀ ਗਵਾਅ ਬੈਠੋ। ਅੱਜ ਦੇ ਵਿਆਹ ਸ਼ਾਦੀਆਂ ਪੁਰਾਤਨ ਰੀਤੀ ਰਿਵਾਜਾਂ ਅਤੇ ਖ਼ਰਚ ਦੇ ਪੈਮਾਨੇ ਦੇ ਮੁਕਾਬਲੇ ਬਿਲਕੁਲ ਬਦਲ ਗਏ ਹਨ। ਪੁਰਾਣੇ ਸਮਿਆਂ 'ਚ ਵਿਆਹ ਬੜੇ ਰੀਤੀ ਰਿਵਾਜਾਂ ਨਾਲ ਨੇਪਰੇ ਚਾੜ੍ਹੇ ਜਾਂਦੇ ਸਨ। ਜੇਕਰ ਕਿਸੇ ਨੂੰ ਕਿਸੇ ਰਿਵਾਜ ਦਾ ਪਤਾ ਨਾ ਹੁੰਦਾ ਤਾਂ ਲੋਕ ਸਿਆਣੇ ਬਜ਼ੁਰਗਾਂ ਤੋਂ ਪੁੱਛ ਕੇ ਸ਼ਗਨਾਂ ਦੇ ਕਾਰਜ ਨੇਪਰੇ ਚਾੜ੍ਹ ਲੈਂਦੇ ਸਨ।

ਬਦਲੇ ਸਮੇਂ ਨਾਲ ਬਜ਼ੁਰਗਾਂ ਨੂੰ ਰੀਤੀ-ਰਿਵਾਜ ਬਾਰੇ ਪੁੱਛਦਾ ਹੈ। ਅਜੋਕੇ ਵਿਆਹਾਂ ਦਾ ਮਾਹੌਲ ਖਾਣਾ ਪੀਣਾ, ਗੀਤ ਸੰਗੀਤ ਸਭ ਕੁਝ ਬਦਲ ਚੁੱਕਾ ਹੈ। ਅੱਜ ਪੰਜਾਬ ਦੇ ਵਿਆਹਾਂ 'ਚ ਵੱਡੇ-ਵੱਡੇ ਪੈਲਸਾਂ 'ਚ ਕੀਤੇ ਜਾਂਦੇ ਹਨ ਜਿੱਥੇ ਲੱਖਾਂ ਦੇ ਹਿਸਾਬ ਨਾਲ ਪੈਸਾ ਖ਼ਰਚ ਕੀਤਾ ਜਾਂਦਾ ਹੈ। ਪੰਜਾਬ ਦੇ ਵਿਆਹ ਹੁਣ ਕੋਈ ਛੋਟਾਂ ਜਾਂ ਸਾਦਾ ਕੰਮ ਨਹੀ ਰਹੇ। ਦੇਖੋ-ਦੇਖੀ ਹਰ ਕੋਈ ਦਿਖਾਵੇਬਾਜ਼ੀ ਦੇ ਚੱਕਰ 'ਚ ਫ਼ਜ਼ੂਲ ਪੈਸੇ ਖ਼ਰਚ ਕੇ ਦਿਖਾਵੇਬਾਜ਼ੀ ਕਰਦਾ ਹੈ। ਇਸ ਦਿਖਾਵੇਬਾਜ਼ੀ ਕਾਰਨ ਆਰਥਿਕ ਤੌਰ 'ਤੇ ਦਰਮਿਆਨੇ ਲੋਕਾਂ ਨੂੰ ਵੀ ਅਮੀਰ ਰਿਸ਼ਤੇਦਾਰੀਆਂ 'ਚ ਵਰਤਣ ਲਈ ਨਾ ਸਰਦੇ ਹੋਏ ਵੀ ਖੁੱਲ੍ਹਾ ਖ਼ਰਚ ਕਰਨਾ ਪੈਂਦਾ ਹੈ। ਅਜੋਕੇ ਵਿਆਹ ਵੱਡੇ-ਵੱਡੇ ਪੈਲਸਾ ਵਿਚ ਕਰਨ ਕਰਕੇ ਲੋਕ ਦਿਖਾਵੇ ਦੇ ਚੱਕਰ 'ਚ ਬੇਲੋੜੇ ਮਹਿਮਾਨ ਆਪਣੀ ਝੂਠੀ ਸ਼ਾਨ ਖ਼ਾਤਰ ਬੁਲਾਏ ਜਾਂਦੇ ਹਨ। ਦੋਸਤਾਂ ਦੇ ਦੋਸਤ ਰਿਸ਼ਤੇਦਾਰਾਂ ਦੇ ਰਿਸ਼ਤੇਦਾਰ ਤੇ ਸਮਾਜ ਵਿਚ ਵੱਡੇ ਰਸੂਖਦਾਰ ਲੋਕ ਸੱਦਕੇ ਭੀੜ 'ਕੱਠੀ ਕਰਨ ਦਾ ਮਾੜਾ ਚਲਣ ਬਣ ਚੁੱਕਾ ਹੈ। ਜਿਸ ਨਾਲ ਪਰਿਵਾਰ 'ਤੇ ਬੇਮਤਲਬ ਦਾ ਬੋਝ ਪਾਇਆ ਜਾਂਦਾ ਹੈ।

ਵਿਆਹਾਂ ਵਿਚ ਖਾਣ-ਪੀਣ ਦੇ ਇੰਨੇ ਪਰਦਾਥ ਬਣਾਏ ਜਾਂਦੇ ਹਨ ਕਿ ਇਕ ਬੰਦਾ ਹਰ ਪਰਦਾਥ ਖਾ ਵੀ ਨਹੀ ਸਕਦਾ। ਇਕ ਵਿਆਹ ਚਾਰ ਪੰਜ ਘੰਟੇ ਦਾ ਹੁੰਦਾ ਹੈ। ਬਦਲਦੇ ਸਮੇਂ ਨਾਲ ਜਿੱਥੇ ਰੀਤੀ ਰਿਵਾਜ ਬਦਲਦੇ ਹਨ ਉਸ ਦੇ ਨਾਲ ਹੀ ਗੀਤ ਸੰਗੀਤ ਗਿੱਧੇ ਭੰਗੜੇ ਦੀ ਥਾਂ ਡੀਜੇ ਗਰੁੱਪ ਆ ਗਏ ਹਨ ਜਿਹੜੇ ਵਿਆਹਾਂ ਦੇ ਮਾਹੌਲ ਨੂੰ ਭਿਆਨਕ ਸਿਰ ਦਰਦ ਵਿਚ ਬਦਲ ਦਿਦੇ ਹਨ। ਪਹਿਲੇ ਸਮੇਂ 'ਚ ਦਾਜ ਕੁਝ ਜ਼ਰੂਰਤ ਦੀਆਂ ਵਸਤੂਆਂ ਜੋ ਸੁਗਾਤ ਵਜੋਂ ਨਵੇਂ ਘਰ ਜਾਣ ਲੱਗੇ ਲੜਕੀ ਨੂੰ ਦਿਤੀਆਂ ਜਾਂਦੀਆ ਸਨ ਜਿਸ ਵਿਚ, ਬਿਸਤਰੇ, ਪੱਖੀਆਂ, ਮੱਝਾਂ, ਮੰਜੇ ਹੁੰਦੇ ਸਨ ਪਰ ਹੁਣ ਲੋਕਾਂ ਦੀ ਇਹ ਨੂੰ ਮੰਗ ਬਣ ਗਈ ਹੈ।

98788-88722



# ਬੇਲੋੜੀ ਦਖ਼ਲ-ਅੰਦਾਜ਼ੀ

ਅਜੋਕਾ ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਇਸ ਬਦਲਦੇ ਸਮੇਂ ਵਿਚ ਹਰ ਇਕ ਇਨਸਾਨ ਆਪਣੇ ਆਪ ਨੂੰ ਦੂਜਿਆ ਤੋਂ ਵੱਧ ਸਿਆਣਾ ਸਮਝਦਾ ਹੈ, ਉਸ ਦੇ ਜੋ ਮਨ ਵਿਚ ਆਉਂਦਾ ਹੈ ਉਹ ਤਰ੍ਹਾਂ ਹੀ ਫ਼ੈਸਲਾ ਕਰਦਾ ਹੈ। ਬਹੁਗਿਣਤੀ ਮਾਪਿਆਂ ਨੂੰ ਇਹ ਗੱਲ ਤਕਲੀਫ਼ ਦਿੰਦੀ ਹੈ ਕਿ ਉਨ੍ਹਾਂ ਦੇ ਬੱਚੇ ਕਿਸੇ ਵੀ ਕੰਮ ਵਿੱਚ ਨਾ ਤਾਂ ਉਨ੍ਹਾਂ ਦੀ ਸਲਾਹ ਲੈਣਾ ਮੁਨਾਸਿਬ ਸਮਝਦੇ ਹਨ ਅਤੇ ਨਾ ਹੀ ਉਨ੍ਹਾਂ ਵੱਲੋਂ ਦਿੱਤੀ ਕਿਸੇ ਵੀ ਨਸੀਹਤ ਦੀ ਪਾਲਣਾ ਕਰਦੇ ਹਨ। ਅੱਜ ਦੇ ਬੱਚਿਆਂ ਨੂੰ ਲੱਗਦਾ ਹੈ ਕਿ ਉਹ ਕਾਲਜਾਂ, ਯੂਨੀਵਰਸਿਟੀਆਂ ਵਿਚ ਉੱਚ ਸਿੱਖਿਆ ਲੈ ਰਹੇ ਹਨ ਅਤੇ ਅਨਪੜ੍ਹ ਮਾਪੇ ਉਨ੍ਹਾਂ ਨੂੰ ਕੀ ਸਲਾਹ ਦੇ ਸਕਦੇ ਹਨ। ਅਜਿਹਾ ਕਰਦੇ ਸਮੇਂ ਬੱਚੇ ਇਹ ਗੱਲ ਭੁੱਲ ਜਾਂਦੇ ਹਨ ਕਿ ਜ਼ਿੰਦਗੀ ਵਿਚ ਸਹੀ ਫ਼ੈਸਲੇ ਲੈਣ ਲਈ ਤਜਰਬੇ ਦੀ ਬਹੁਤ ਜ਼ਰੂਰਤ ਹੁੰਦੀ ਹੈ ਜਿਹੜਾ ਉਨ੍ਹਾਂ ਦੇ ਮਾਤਾ-ਪਿਤਾ ਕੋਲ ਬੱਚਿਆਂ ਤੋਂ ਜ਼ਿਆਦਾ ਹੁੰਦਾ ਹੈ। ਕਿਉਂਕਿ ਇਸ ਤਜਰਬੇ ਨੂੰ ਹਾਸਲ ਕਰਨ ਲਈ ਮਾਤਾ-ਪਿਤਾ ਨੇ ਆਪਣੀ ਜ਼ਿੰਦਗੀ ਦੇ ਅਨਮੋਲ ਸਾਲ ਖ਼ਰਚ ਕੀਤੇ ਹੁੰਦੇ ਹਨ। ਇਹ ਅਟਲ ਸੱਚਾਈ ਹੈ ਕਿ ਦੁਨੀਆ ਦਾ ਹਰ ਮਾਂ-ਬਾਪ ਇਹ ਸੁਪਨਾ ਦੇਖਦਾ ਹੈ ਕਿ ਉਸ ਦੀ ਔਲਾਦ ਉਸ ਨਾਲੋਂ ਵੀ ਵੱਧ ਤਰੱਕੀ ਕਰੇ ਅਤੇ ਬੱਚਿਆਂ ਨੂੰ ਉਨ੍ਹਾਂ ਦੇ ਗ਼ਲਤ ਫ਼ੈਸਲਿਆਂ ਕਾਰਨ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਇਸੇ ਕਰਕੇ ਉਹ ਆਪਣੇ ਬੱਚਿਆਂ ਨੂੰ ਨੇਕ ਅਤੇ ਸਹੀ ਸਲਾਹ ਦੇਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਬੱਚਿਆਂ ਦੀ ਤਰੱਕੀ ਹੋ ਸਕੇ। ਬਹੁਤੀ ਵਾਰ ਬੱਚਿਆਂ ਨੂੰ ਲੱਗਦਾ ਹੈ ਕਿ ਮਾਤਾ ਪਿਤਾ ਅਜਿਹਾ ਕਰਕੇ ਉਨ੍ਹਾਂ ਦੀ ਆਜ਼ਾਦ ਜ਼ਿੰਦਗੀ ਵਿਚ ਖਲਲ ਪੈਦਾ ਕਰ ਰਹੇ ਹਨ ਜਦਕਿ ਉਹ ਖ਼ੁਦ ਹਾਲਾਤ ਦੇ ਅਨੁਸਾਰ ਫ਼ੈਸਲਾ ਲੈਣ ਦੇ ਪੂਰੀ ਤਰ੍ਹਾਂ ਕਾਬਿਲ ਹਨ ਬਿਨਾਂ ਸ਼ੱਕ ਅੱਜ ਦੇ ਤਕਨਾਲੋਜੀ ਵਾਲੇ ਯੁੱਗ ਵਿਚ ਬੱਚਿਆਂ ਨੇ ਆਪਣੀ ਮਿਹਨਤ ਦਾ ਲੋਹਾ ਮਨਵਾਇਆ ਹੈ ਅਤੇ ਛੋਟੀ ਉਮਰੇ ਵੱਡੀਆਂ ਮੰਜ਼ਿਲਾ ਸਰ ਕਰ ਵਿਖਾਈਆਂ ਹਨ ਪਰ ਕਈ ਵਾਰ ਜਲਦਬਾਜ਼ੀ ਵਿਚ ਲਏ ਫ਼ੈਸਲਿਆ ਕਾਰਨ ਬੱਚਿਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਦਾ ਅਸਰ ਉਨਾਂ ਦੀ ਨਿੱਜੀ ਜ਼ਿੰਦਗੀ ਦੇ ਨਾਲ-ਨਾਲ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਉਤੇ ਵੀ ਪੈਂਦਾ ਹੈ। ਬੱਚਿਆਂ ਵੱਲੋਂ ਲਏ ਗ਼ਲਤ ਫੈਸਲਿਆਂ ਕਾਰਨ ਉਹ ਕਈ ਵਾਰ ਤਣਾਅ ਅਤੇ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇਨ੍ਹਾਂ ਗੱਲਾਂ ਨੂੰ ਭੁਲਾਉਣ ਲਈ ਨਸ਼ਿਆਂ ਦਾ ਸਹਾਰਾ ਲੈ ਕੇ ਮੁਸ਼ਕਿਲ ਤੋਂ ਨਿਕਲਣ ਦੀ ਅਸਫਲ ਕੋਸ਼ਿਸ਼ ਵੀ ਕਰਦੇ ਹਨ। ਇਸ ਪ੍ਰਕਾਰ ਲਿਆ ਗਿਆ ਇਕ ਗ਼ਲਤ ਫੈਸਲਾ ਉਨ੍ਹਾਂ ਉੱਪਰ ਭਾਰੀ ਪੈ ਜਾਂਦਾ ਹੈ ਜਿਸ ਕਾਰਨ ਮਾਪਿਆਂ ਅਤੇ ਪਰਿਵਾਰ ਦੇ ਮੈਂਬਰਾਂ ਉੱਤੇ ਵੀ ਇਸ ਦਾ ਭੈੜਾ ਅਸਰ ਦੇਖਣ ਨੂੰ ਮਿਲਦਾ ਹੈ ਜੇਕਰ ਅਜਿਹੀ ਮੁਸ਼ਕਿਲ ਦੇ ਸਮਿਆਂ ਵਿਚ ਮਾਪਿਆਂ ਦੀ ਸਲਾਹ ਲੈ ਲਈ ਜਾਵੇ ਤਾਂ ਜਿੱਥੇ ਅਜਿਹੀ ਪਰੇਸ਼ਾਨੀ ਤੋਂ ਕਾਫ਼ੀ ਹੱਦ ਤਕ ਬਚਿਆ ਜਾ ਸਕਦਾ ਹੈ ਉੱਥੇ ਹੀ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ ਕਿਉਂਕਿ ਬੱਚਿਆਂ ਦੀ ਪੜ੍ਹਾਈ ਅਤੇ ਮਾਪਿਆਂ ਦਾ ਤਜਰਬਾ ਦੋਨੋਂ ਮਿਲ ਕੇ ਜਲਦੀ ਹੀ ਸਹੀ ਮੰਜ਼ਿਲ ਤੇ ਪੁੱਜਣ ਲਈ ਸਹਾਈ ਸਿੱਧ ਹੋਵੇਗਾ। ਆਪਣੀ ਔਲਾਦ ਨੂੰ ਚੰਗਾ ਪਾਲਣ ਪੋਸ਼ਣ ਦੇਣ ਲਈ ਮਾਪਿਆਂ ਨੂੰ ਆਪਣੀਆਂ ਅਣਗਿਣਤ ਖ਼ੁਸ਼ੀਆਂ ਨਾਲ ਸਮਝੌਤੇ ਕਰਨੇ ਪੈਂਦੇ ਹਨ।

• ਪ੍ਰਿੰਸ ਅਰੋੜਾ
98554-83000

## ਮਨੁੱਖ ਦੀ ਉਤਪਤੀ ਇਸਤਰੀਆਂ ਦੇ ਉਦਰ ਤੋਂ ਹੋਈ ਪਰ ਫਿਰ ਵੀ ਉਸ ਨੂੰ ਪੁਰਸ਼ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਹੋਏ। ਪੁਰਸ਼ ਪ੍ਰਧਾਨ ਸਮਾਜ 'ਚ ਉਸ ਨੂੰ ਹੋਰਨਾਂ ਵਸਤਾਂ ਦੀ ਤਰ੍ਹਾਂ ਹੀ ਸਮਝਿਆ ਗਿਆ।



# ਕਿਉਂ ਹੁੰਦੈ ਔਰਤ ਨਾਲ ਬੁਰਾ ਵਿਵਹਾਰ

ਡਾ. ਜਸਵਿੰਦਰ ਸਿੰਘ

ਦੁਨੀਆ ਦੇ ਕਿਸੇ ਵੀ ਧਰਮ ਜਾਂ ਸਮਾਜ ਵਿਚ ਇਸਤਰੀ ਨੂੰ ਇੰਨ੍ਹਾਂ ਮਾਣ ਨਹੀਂ ਦਿੱਤਾ ਗਿਆ, ਜਿਨ੍ਹਾਂ ਸਿੱਖ ਧਰਮ ਵਿਚ ਦਿੱਤਾ ਗਿਆ ਹੈ। ਗੁਰੂ ਕਾਲ ਤੋਂ ਪਹਿਲਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਤਰੀ ਦੀ ਦਸ਼ਾ ਚੰਗੀ ਨਹੀਂ ਸੀ। ਮਰਦ ਨਾਲੋਂ ਇਸਤਰੀ ਦਾ ਦਰਜਾ ਨੀਵਾਂ ਸਮਝਿਆ ਜਾਂਦਾ ਸੀ। ਸਾਰੇ ਸੰਸਾਰ ਵਿਚ ਮਨੁੱਖਤਾ ਦੀ ਉਤਪਤੀ ਇਸਤਰੀਆਂ ਦੇ ਉਦਰ ਤੋਂ ਹੋਈ ਪ੍ਰੰਤੂ ਫਿਰ ਉਸ ਨੂੰ ਪੁਰਸ਼ ਦੇ ਬਰਾਬਰ ਹੱਕ ਪ੍ਰਾਪਤ ਨਹੀਂ ਹੋਏ। ਪੁਰਸ਼ ਪ੍ਰਧਾਨ ਸਮਾਜ ਵਿਚ ਉਸ ਨੂੰ ਹੋਰਨਾਂ ਵਸਤਾਂ ਦੀ ਤਰ੍ਹਾਂ ਹੀ ਸਮਝਿਆ ਗਿਆ।

### ਧਰਮ ਅਤੇ ਸਮਾਜ

ਜੁੱਗਾਂ ਤੋਂ ਹੀ ਧਰਮ ਅਤੇ ਸਮਾਜ ਦੁਆਰਾ ਇਸਤਰੀ ਨੂੰ ਨੀਵਾਂ ਵਿਖਾਇਆ ਜਾਂਦਾ ਰਿਹਾ ਹੈ। ਕਈ ਵਾਰ ਔਰਤ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਔਰਤ ਨਾਲ ਬੁਰਾ ਵਿਵਹਾਰ ਰੋਜ਼ ਹੀ ਹੁੰਦਾ ਰਿਹਾ ਤੇ ਹੁਣ ਵੀ ਹੋ ਰਿਹਾ ਹੈ। ਪਰੰਤੂ ਇਸ ਦੇ ਨਾਲ ਹੀ ਭਾਰਤ ਵਿਚ ਨਾਰੀ ਨੂੰ ਉੱਚਾ ਚੁੱਕਣ ਲਈ ਬਹੁਤ ਸਾਰੀਆਂ ਸਮਾਜਿਕ ਤੇ ਧਾਰਮਿਕ ਲਹਿਰਾਂ ਚੱਲਦੀਆਂ ਰਹੀਆਂ ਹਨ। ਇਸਤਰੀ ਦੀ ਸਥਿਤੀ ਵਿਚ ਸੁਧਾਰ ਕਰਨ ਲਈ ਸ਼ੁਰੂਆਤ ਤਾਂ ਕਾਫ਼ੀ ਤੇਜ਼ੀ ਨਾਲ ਹੁੰਦੀ ਹੈ ਪਰ ਹੌਲੀ-ਹੌਲੀ ਇਹ ਲਹਿਰਾਂ ਮੱਧਮ ਪੈ ਜਾਂਦੀਆਂ ਰਹੀਆਂ ਹਨ। ਜਿਵੇਂ, ਸੁਆਮੀ ਕਿਰਮਾਨੰਦ ਅਤੇ ਰਾਜਾ ਰਾਮ ਮੋਹਨ ਰਾਏ ਵਰਗੇ ਮਹਾਨ ਵਿਅਕਤੀਆਂ ਨੇ ਸਤੀ ਅਤੇ ਕੰਨਿਆਂ ਹੱਤਿਆ ਵਰਗੇ ਜ਼ੁਲਮਾਂ ਨੂੰ ਬੰਦ ਕਰਾਉਣ ਲਈ ਪੂਰੀ ਜ਼ੋਰਦਾਰ ਆਵਾਜ਼ ਉਠਾਈ ਪ੍ਰੰਤੂ ਕੰਨਿਆਂ ਹੱਤਿਆਵਾਂ ਅੱਜ ਵੀ ਪੂਰੀ ਤਰ੍ਹਾਂ ਬੰਦ ਨਹੀਂ ਹੋਈਆਂ। ਭਾਰਤ ਦੇਸ਼ ਦੇ ਅੰਦਰ ਇਸਤਰੀ ਦੀ ਅਤਿ ਨਿਘਰ ਚੁੱਕੀ ਹਾਲਤ, ਇਸਤਰੀ ਦੇ ਮਾਣ, ਸਨਮਾਨ ਅਤੇ ਉਭਾਰ ਅਤੇ ਇਸਤਰੀ ਦੇ ਹੱਕ ਲਈ ਜੇਕਰ ਕੋਈ ਆਵਾਜ਼ ਬੁਲੰਦ ਹੋਈ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੀ। ਔਰਤ ਨੂੰ ਜਿਸਮ ਜਾਂ ਆਕਾਰ ਦੇ ਰੂਪ ਵਿਚ ਨਹੀਂ ਬਲਕਿ ਗੁਰੂ ਸਾਹਿਬ ਨੇ ਸਿਰਫ਼ ਗੁਣ ਦੇ ਰੂਪ ਵਿਚ ਦੇਖਿਆ। ਗੁਰੂ ਜੀ ਨੇ ਉਨ੍ਹਾਂ ਸਾਰੇ ਗ਼ਲਤ ਖ਼ਿਆਲਾਂ ਤੇ ਕਰਾਰੀ ਚੋਟ ਕੀਤੀ ਜੋ ਇਸਤਰੀ ਨੂੰ ਮੁਕਤੀ ਦੇ ਰਾਹ ਵਿਚ ਰੁਕਾਵਟ ਸਮਝਦੇ ਹਨ ਅਤੇ ਉਹ ਖ਼ਿਆਲ ਜੋ ਕਿ ਕਹਿੰਦੇ ਹਨ ਕਿ ਇਸ ਨੂੰ ਹਰ ਸਮੇਂ ਪਹਿਲਾਂ ਪਿਤਾ, ਫਿਰ ਪਤੀ ਤੇ ਪਿੱਛੋਂ ਪੁੱਤਰ ਦੀ ਸੁਰੱਖਿਆ ਦੀ ਲੋੜ ਹੈ। ਗੁਰੂ ਸਾਹਿਬਾਨ ਨੇ ਕਿਹਾ ਕਿ ਇਸਤਰੀ ਦਾ ਦਰਜਾ ਨੀਵਾਂ ਨਹੀਂ ਸਗੋਂ ਆਪਣੇ ਆਪ ਵਿਚ ਸੰਪੂਰਨ ਹੈ ਤੇ ਉਹ ਦੇਵਰ-ਜੇਠ ਦੋਹਾਂ ਨੂੰ ਮੱਤਾਂ ਦੇਣ ਜੋਗੀ ਹੈ।

ਸਭ ਪਰਵਾਰੈ ਮਾਹਿ ਸਰੇਸਟ॥
ਮਤੀ ਦੇਵੀ ਦੇਵਰ ਜੇਸਟ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 371)

### ਰਿਸ਼ਤੇਦਾਰੀ

ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਕਿ ਸਾਰੀ ਮਨੁੱਖ ਜਾਤੀ ਨੂੰ ਜਨਮ ਦੇਣ ਵਾਲੀ ਇਸਤਰੀ ਹੈ ਫਿਰ ਉਸ ਨੂੰ ਬੁਰਾ ਭਲਾ ਕਿਉਂ ਕਹਿੰਦੇ ਹੋ? ਇਸਤਰੀ ਬਿਨ੍ਹਾਂ ਇਹ ਦੁਨੀਆਂ ਨਹੀਂ ਚਲਦੀ ਅਤੇ ਇਸਤਰੀ ਬਿਨ੍ਹਾਂ ਇਹ ਸਮਾਜ ਨਹੀਂ ਬਣਦਾ। ਇਸਤਰੀ ਬਿਨ੍ਹਾਂ ਕੋਈ ਰਿਸ਼ਤਾ ਨਹੀਂ ਜੁੜਦਾ। ਇਸਤਰੀ ਨਾਲ ਹੀ ਵਿਆਹ ਹੋ ਕੇ ਰਿਸ਼ਤੇਦਾਰੀ ਦੇ ਸਬੰਧ ਪੈਦਾ ਹੁੰਦੇ ਹਨ ਅਤੇ ਇਸ ਦੇ ਨਾਲ ਹੀ ਮਨੁੱਖੀ ਸਮਾਜ ਹੋਂਦ ਵਿਚ ਆਉਂਦਾ ਹੈ। ਜੋ ਪੀਰਾਂ, ਪੈਗੰਬਰਾਂ, ਰਾਜਿਆਂ ਤੇ ਯੋਗੀਆਂ ਨੂੰ ਜਨਮ ਦਿੰਦੀ ਹੈ ਉਸ ਇਸਤਰੀ ਨੂੰ ਨੀਵਾਂ ਕਿਵੇਂ ਕਿਹਾ ਜਾ ਸਕਦਾ ਹੈ।

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 473)

ਗੁਰਮਤਿ ਅਨੁਸਾਰ ਇਸਤਰੀ ਧਰਮ ਤੋਂ ਡੇਗਦੀ ਨਹੀਂ, ਸਗੋਂ ਮਰਦ ਲਈ ਧਰਮ ਵਿਚ ਪੱਕਾ ਰਹਿਣ ਲਈ ਇਸਤਰੀ ਦਾ ਸਾਥ ਜ਼ਰੂਰੀ ਹੈ। ਸ੍ਰੀ ਗੁਰੂ ਹਰਗੋਬਿੰਦ ਸਹਿਬ ਨੇ ਕਿਸੇ ਦੇ ਪੁੱਛਣ ਤੇ ਇਸ ਤਰ੍ਹਾਂ ਫ਼ਰਮਾਇਆ ਸੀ।

'ਔਰਤ ਈਮਾਨ, ਪੁੱਤਰ ਨਿਸ਼ਾਨ, ਦੌਲਤ ਗੁਜ਼ਰਾਨ'।

ਸ੍ਰੀ ਗੁਰੂ ਅਮਰ ਦਾਸ ਜੀ ਨੇ ਗੁਰਮਤਿ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ। ਇਨ੍ਹਾਂ 22 ਮੰਜੀਆਂ ਵਿੱਚੋਂ ਗੁਰੂ ਜੀ ਨੇ 2 ਮੰਜੀਆਂ ਇਸਤਰੀ ਪ੍ਰਚਾਰਕਾਂ ਨੂੰ ਬਖਸ਼ੀਆਂ। ਉਨ੍ਹਾਂ ਨੇ ਇਸਤਰੀਆਂ ਵਿਚ ਘੁੰਡ ਕੱਢਣ ਦਾ ਰਿਵਾਜ ਖ਼ਤਮ ਕਰਨ ਦਾ ਉਪਦੇਸ਼ ਦਿੱਤਾ, ਵਿਧਵਾ ਵਿਆਹ ਨੂੰ ਉਤਸ਼ਾਹਿਤ ਕੀਤਾ ਤੇ ਸਤੀ ਦੀ ਕੋਝੀ ਰਸਮ ਦੀ ਸਖ਼ਤ ਸ਼ਬਦ ਵਿਚ ਨਿਖੇਧੀ ਕੀਤੀ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।।
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 987)

ਸੰਸਾਰ ਦੀ ਸਿਰਜਨਾ ਅਤੇ ਵਿਕਾਸ ਦੇ ਕਾਰਜ ਵਿਚ ਇਸਤਰੀ ਪੁਰਸ਼ ਦੋਵੇਂ ਇਕ ਦੂਸਰੇ ਉੱਤੇ ਨਿਰਭਰ ਕਰਦੇ ਹਨ। ਆਦਮੀ-ਇਸਤਰੀ ਦਾ ਵਿਆਹ ਸਿਰਫ਼ ਸੰਤਾਨ ਉੱਤਪਤੀ ਦਾ ਹੀ ਸਾਧਨ ਨਹੀਂ, ਬਲਕਿ ਗੁਰਮਤਿ ਅਨੁਸਾਰ ਇਹ ਇਕ ਆਤਮਿਕ ਮੇਲ ਦਾ ਸਾਧਨ ਹੈ।

ਧਨ ਪਿਰੁ ਏਹਿ ਨ ਆਖੀਅਨਿ
ਬਹਨਿ ਇਕਠੇ ਹੋਇ।।
ਏਕ ਜੋਤਿ ਦੁਇ ਮੂਰਤੀ
ਧਨ ਪਿਰੁ ਕਹੀਐ ਸੋਇ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 788)

### ਆਪਣੇ-ਆਪਣੇ ਕਰਮਾਂ ਦਾ ਲੇਖਾ


ਆਦਮੀ ਅਤੇ ਇਸਤਰੀ ਦੋਨੋਂ ਰੱਬ ਨੂੰ ਇੱਕੋ ਜਿਹਾ ਮੰਨਦੇ ਹਨ। ਪਰਮਾਤਮਾ ਅੱਗੇ ਦੋਨਾਂ ਨੂੰ ਆਪਣੇ-ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਜੋ ਵੀ ਇਸ ਦੁਨੀਆ 'ਤੇ ਆਇਆ ਹੈ ਉਸ ਨੇ ਇਕ ਦਿਨ ਜ਼ਰੂਰ ਜਾਣਾ ਹੈ, ਇਸ ਲਈ ਸਾਨੂੰ ਕਿਸੇ ਚੀਜ਼ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਇਸ ਦੁਨੀਆ ਤੇ ਸਭ ਜੀਵ ਨਾਸ਼ਵਾਨ ਹਨ ਸਿਰਫ਼ ਪ੍ਰਮਾਤਮਾ ਦਾ ਨਾਂ ਹੀ ਨਾਲ ਨਿਭਣ ਵਾਲਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਪੜ੍ਹ ਲਿਖ ਕੇ ਕਿਸੇ ਨੂੰ ਮੰਦਾ ਨਾ ਆਖੇ ਅਤੇ ਨਾ ਹੀ ਇਸਤਰੀ ਦੀ ਨਿੰਦਿਆ ਕਰੇ।

ਸਭੁ ਕੋ ਆਖੈ ਆਪਣਾ ਜਿਸੁ ਨਾਹੀ
ਸੋ ਚੁਣਿ ਕਢੀਐ।
ਕੀਤਾ ਆਪੋ ਆਪਣਾ ਆਪੇ ਹੀ
ਲੇਖਾ ਸੰਢੀਐ।।
ਜਾ ਰਹਣਾ ਨਾਹੀ ਐਤੁ ਜਗਿ ਤਾ
ਕਾਇਤੁ ਗਾਰਬਿ ਹੰਢੀਐ।।
ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ।।
ਮੂਰਖੈ ਨਾਲਿ ਨ ਲੁਝੀਐ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 476)

ਇਸ ਤਰ੍ਹਾਂ ਸਿੱਖ ਧਰਮ ਵਿਚ ਮਰਦ ਅਤੇ ਇਸਤਰੀ ਦੀ ਬਰਾਬਰੀ ਦਾ ਫਲਸਫ਼ਾ ਪੇਸ਼ ਕੀਤਾ ਗਿਆ ਹੈ। ਗੁਰੂ ਕਾਲ ਤੋਂ ਪਹਿਲਾਂ ਜੋ ਮਾਨਸਿਕਤਾ ਅਤੇ ਵਿਚਾਰ ਭਾਰਤ ਵਿਚ ਇਸਤਰੀ ਬਾਰੇ ਪ੍ਰਚਲਿਤ ਸਨ, ਉਨ੍ਹਾਂ ਨੂੰ ਰੱਦ ਕਰਦਿਆਂ ਦੱਸਿਆ ਗਿਆ ਹੈ ਕਿ ਹਰ ਮਰਦ ਅਤੇ ਇਸਤਰੀ ਵਿਚ ਗੁਣ ਅਤੇ ਔਗੁਣ ਹਨ। ਅਵਗੁਣ ਰਹਿਤ ਕੇਵਲ ਪਰਮਾਤਮਾ ਹੀ ਹੈ।

### ਪਵਿੱਤਰ ਜਲ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਖੰਡੇ ਦੀ ਪਾਹੁਲ' ਤਿਆਰ ਕਰਨ ਸਮੇਂ ਮਾਤਾ ਸਾਹਿਬ ਕੌਰ ਜੀ ਨੇ ਪਵਿੱਤਰ ਜਲ ਵਿਚ ਪਤਾਸੇ ਪਾ ਕੇ ਖ਼ਾਲਸਾ ਪੰਥ ਦੇ ਹਿਰਦੇ ਵਿਚ ਸਦਾ ਲਈ ਨਿਮਰਤਾ, ਹਲੀਮੀ ਅਤੇ ਮਿਠਾਸ ਨੂੰ ਯਕੀਨੀ ਬਣਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ (ਹਜ਼ੂਰ ਸਾਹਿਬ) ਵਿਖੇ ਜੋਤੀ-ਜੋਤ ਸਮਾਉਣ ਤੋਂ ਬਾਅਦ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਲੰਮਾ ਸਮਾਂ ਪੰਥ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ, ਨਿਸ਼ਠਾ, ਨਿਮਰਤਾ, ਦ੍ਰਿੜਤਾ ਨਾਲ ਨਿਭਾਇਆ। ਮਾਤਾ ਭਾਗ ਕੌਰ ਨੇ ਬੇਵਫ਼ਾਈ ਕਰਨ ਵਾਲੇ ਸਿੰਘਾਂ ਨੂੰ ਵਾਪਸ ਲਿਆ ਕੇ ਉਨ੍ਹਾਂ ਦੀ ਕਮਾਂਡ ਕਰਦਿਆਂ ਹੋਇਆਂ ਖਿਦਰਾਣੇ ਦੀ ਢਾਬ ਤੇ ਜੰਗ ਕੀਤੀ ਅਤੇ ਵੱਖਰਾ ਇਤਿਹਾਸ ਸਿਰਜ ਦਿੱਤਾ।



ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਤੇ ਗੁਰੂ ਘਰ ਵਿਚ ਇਸਤਰੀ ਨੂੰ ਅਤਿ ਉੱਚਾ ਦਰਜਾ ਦਿੱਤਾ ਗਿਆ ਹੈ। ਅਰਦਾਸ ਵਿਚ ਜਦ ਸਾਰੇ ਖੜ੍ਹੇ ਹੋ ਕੇ 'ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ' ਆਖਦੇ ਹਾਂ ਤਾਂ ਇਹ ਗੱਲ ਉਦੋਂ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਵਿਚ ਵੀ ਔਰਤ ਦਾ ਸਥਾਨ ਕਿੰਨਾ ਸਤਿਕਾਰ ਯੋਗ ਅਤੇ ਨਿਵੇਕਲਾ ਹੈ। ਸਿੱਖ ਰਹਿਤ ਮਰਿਆਦਾ ਵਿਚ ਇਸਤਰੀ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ ਅਤੇ ਇਸਤਰੀ ਜਾਤੀ ਨਾਲ ਬੁਰਾ ਵਿਹਾਰ ਕਰਨ ਵਿਰੁੱਧ ਸਖ਼ਤ ਤਾੜਨਾ ਕੀਤੀ ਗਈ ਹੈ ਜਿਵੇ,

ਗੁਰੂ ਦਾ ਸਿੱਖ ਕੰਨਿਆ ਨਾ ਮਾਰੇ,
ਕੁੜੀ-ਮਾਰ ਨਾਲ ਨਾ ਵਰਤੇ।
(ਸਿੱਖ ਰਹਿਤ ਮਰਿਯਾਦਾ, ਪੰਨਾ 20)

### ਭਰੂਣ ਹੱਤਿਆ

ਸਿੱਖ ਧਰਮ ਵਿਚ ਭਰੂਣ ਹੱਤਿਆ ਕਰਨ ਵਾਲਾ ਵੀ ਉਨ੍ਹਾਂ ਹੀ ਦੋਸ਼ੀ ਹੈ, ਜਿੰਨਾ ਕੁੜੀ ਮਾਰਨ ਵਾਲਾ। ਸਿੱਖ ਧਰਮ ਅੰਦਰ ਹਰ ਦੇਸ਼, ਮਜ਼ਹਬ ਤੇ ਜਾਤੀ ਦੀਆਂ ਇਸਤਰੀਆਂ ਨੂੰ ਧਾਰਮਿਕ ਆਜ਼ਾਦੀ ਹੈ। ਉਸ ਦੇ ਅਧਿਕਾਰ ਮਰਦ ਦੇ ਬਰਾਬਰ ਹਨ। ਉਹ ਬਿਨ੍ਹਾਂ ਕਿਸੇ ਰੋਕ-ਟੋਕ ਦੇ ਗੁਰਦੁਆਰੇ ਜਾ ਸਕਦੀ ਹੈ, ਪਾਠ-ਪੂਜਾ ਕਰ ਸਕਦੀ ਹੈ। ਵਿਦਿਆ ਪ੍ਰਾਪਤ ਕਰ ਸਕਦੀ ਹੈ, ਉਸ ਉੱਤੇ ਪਰਦੇ ਦੀ ਕੋਈ ਬੰਦਸ਼ ਨਹੀਂ। ਜੰਗ ਵਿਚ ਉਹ ਮਰਦ ਦੇ ਬਰਾਬਰ ਹਿੱਸਾ ਲੈ ਸਕਦੀ ਹੈ। ਉਸ ਨੂੰ ਮਰਦ ਦੇ ਬਰਾਬਰ ਅੰਮ੍ਰਿਤ ਛਕਾਇਆ ਜਾਂਦਾ ਹੈ। ਸੈਂਕੜਿਆਂ ਵਰ੍ਹਿਆਂ ਤੋਂ ਲਿਤਾੜੀ ਜਾਂਦੀ, ਭਾਰਤੀ ਇਸਤਰੀ ਨੂੰ ਗੁਰਮਤਿ ਵਿਚ ਉਤਾਂਹ ਚੁੱਕਿਆ ਗਿਆ ਅਤੇ ਉਸ ਨੂੰ ਸਮਾਜ ਵਿਚ ਸਨਮਾਨ ਯੋਗ ਸਥਾਨ ਦਿਵਾਇਆ ਗਿਆ। ਗੁਰਮਤਿ ਵਿਚ ਜਿੱਥੇ ਸਿਧਾਂਤਕ ਰੂਪ ਵਿਚ ਇਸਤਰੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ ਉੱਥੇ ਵਿਵਹਾਰਕ ਰੂਪ ਵਿਚ ਲਾਗੂ ਵੀ ਕੀਤੀ ਗਈ।

### ਸਮਾਜਿਕ ਲਹਿਰਾਂ

ਔਰਤ ਨਾਲ ਬੁਰਾ ਵਿਵਹਾਰ ਰੋਜ਼ ਹੀ ਹੁੰਦਾ ਰਿਹਾ ਤੇ ਹੁਣ ਵੀ ਹੋ ਰਿਹਾ ਹੈ। ਪਰੰਤੂ ਇਸ ਦੇ ਨਾਲ ਹੀ ਭਾਰਤ ਵਿਚ ਨਾਰੀ ਨੂੰ ਉੱਚਾ ਚੁੱਕਣ ਲਈ ਬਹੁਤ ਸਾਰੀਆਂ ਸਮਾਜਿਕ ਤੇ ਧਾਰਮਿਕ ਲਹਿਰਾਂ ਚੱਲਦੀਆਂ ਰਹੀਆਂ ਹਨ। ਇਸਤਰੀ ਦੀ ਸਥਿਤੀ ਵਿਚ ਸੁਧਾਰ ਕਰਨ ਲਈ ਸ਼ੁਰੂਆਤ ਤਾਂ ਕਾਫ਼ੀ ਤੇਜ਼ੀ ਨਾਲ ਹੁੰਦੀ ਹੈ ਪਰ ਹੌਲੀ-ਹੌਲੀ ਇਹ ਲਹਿਰਾਂ ਮੱਧਮ ਪੈ ਜਾਂਦੀਆਂ ਰਹੀਆਂ ਹਨ। ਜਿਵੇਂ, ਸੁਆਮੀ ਕਿਰਮਾਨੰਦ ਅਤੇ ਰਾਜਾ ਰਾਮ ਮੋਹਨ ਰਾਏ ਵਰਗੇ ਮਹਾਨ ਵਿਅਕਤੀਆਂ ਨੇ ਸਤੀ ਅਤੇ ਕੰਨਿਆਂ ਹੱਤਿਆ ਵਰਗੇ ਜ਼ੁਲਮਾਂ ਨੂੰ ਬੰਦ ਕਰਾਉਣ ਲਈ ਪੂਰੀ ਜ਼ੋਰਦਾਰ ਆਵਾਜ਼ ਉਠਾਈ ਪ੍ਰੰਤੂ ਕੰਨਿਆਂ ਹੱਤਿਆਵਾਂ ਅੱਜ ਵੀ ਪੂਰੀ ਤਰ੍ਹਾਂ ਬੰਦ ਨਹੀਂ ਹੋਈਆਂ। ਭਾਰਤ ਅੰਦਰ ਇਸਤਰੀ ਦੀ ਅਤਿ ਨਿਘਰ ਚੁੱਕੀ ਹਾਲਤ, ਇਸਤਰੀ ਦੇ ਮਾਣ, ਸਨਮਾਨ ਅਤੇ ਉਭਾਰ ਅਤੇ ਇਸਤਰੀ ਦੇ ਹੱਕ ਲਈ ਜੇਕਰ ਕੋਈ ਆਵਾਜ਼ ਬੁਲੰਦ ਹੋਈ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੀ। ਔਰਤ ਨੂੰ ਜਿਸਮ ਜਾਂ ਆਕਾਰ ਦੇ ਰੂਪ ਵਿਚ ਨਹੀਂ ਬਲਕਿ ਗੁਰੂ ਸਾਹਿਬ ਨੇ ਸਿਰਫ਼ ਗੁਣ ਦੇ ਰੂਪ ਵਿਚ ਦੇਖਿਆ। ਗੁਰੂ ਜੀ ਨੇ ਉਨ੍ਹਾਂ ਸਾਰੇ ਗ਼ਲਤ ਖ਼ਿਆਲਾਂ ਤੇ ਕਰਾਰੀ ਚੋਟ ਕੀਤੀ ਜੋ ਇਸਤਰੀ ਨੂੰ ਮੁਕਤੀ ਦੇ ਰਾਹ ਵਿਚ ਰੁਕਾਵਟ ਸਮਝਦੇ ਹਨ ਅਤੇ ਉਹ ਖ਼ਿਆਲ ਜੋ ਕਿ ਕਹਿੰਦੇ ਹਨ ਕਿ ਇਸ ਨੂੰ ਹਰ ਸਮੇਂ ਪਹਿਲਾਂ ਪਿਤਾ, ਫਿਰ ਪਤੀ ਤੇ ਪਿੱਛੋਂ ਪੁੱਤਰ ਦੀ ਸੁਰੱਖਿਆ ਦੀ ਲੋੜ ਹੈ। ਗੁਰੂ ਸਾਹਿਬਾਨ ਨੇ ਕਿਹਾ ਕਿ ਇਸਤਰੀ ਦਾ ਦਰਜਾ ਨੀਵਾਂ ਨਹੀਂ ਸਗੋਂ ਆਪਣੇ ਆਪ ਵਿਚ ਸੰਪੂਰਨ ਹੈ ਤੇ ਉਹ ਦੇਵਰ-ਜੇਠ ਦੋਹਾਂ ਨੂੰ ਮੱਤਾਂ ਦੇਣ ਜੋਗੀ ਹੈ।

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸੱਤਵੀਂ ਬੱਸ ਕੀਤੀ ਰਵਾਨਾ

## ਸ਼ਰਧਾਲੂ ਸ੍ਰੀ ਦਮਦਮਾ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਕਰਨਗੇ ਦਰਸ਼ਨ



ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਸਫ਼ਾਬਾਦੀ ਗੇਟ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪਟਿਆਲਾ ਤੋਂ ਯਾਤਰਾ 'ਤੇ ਭੇਜੀ ਜਾ ਰਹੀ ਸੱਤਵੀਂ ਬੱਸ ਰਵਾਨਾ ਕਰਦੇ ਹੋਏ।

**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਸਵੇਰੇ ਆਪਣੇ ਹਲਕੇ ਦੇ ਸਫ਼ਾਬਾਦੀ ਗੇਟ, ਜੱਟਾਂ ਵਾਲਾ ਚੌਂਤਰਾ ਇਲਾਕੇ ਵਿੱਚੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਸੱਤਵੀਂ ਬੱਸ ਰਵਾਨਾ ਕੀਤੀ। ਇਸ ਬੱਸ ਰਾਹੀਂ ਪਟਿਆਲਾ ਤੋਂ ਗਏ ਸ਼ਰਧਾਲੂ ਸ੍ਰੀ ਦਮਦਮਾ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਕਰਨਗੇ। ਸ਼ਰਧਾਲੂਆਂ ਨੇ ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਸ਼ੁਰੂ ਕੀਤੇ ਲੋਕ ਪੱਖੀ ਉਪਰਾਲਿਆਂ ਤਹਿਤ ਹੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਵੀ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਦੱਸਿਆ ਕਿ ਸਫ਼ਰ ਦੌਰਾਨ ਯਾਤਰੀਆਂ ਦੀ ਸੌਖ ਲਈ ਭੋਜਨ, ਸਥਾਨਕ ਯਾਤਰਾ, ਸਵਾਗਤੀ ਕਿੱਟ ਤੇ ਰਹਿਣ-ਸਹਿਣ ਦੀ ਸਹੂਲਤ ਬਿਲਕੁਲ ਮੁਫ਼ਤ ਦਿਤੀ ਜਾ ਰਹੀ ਹੈ।

ਵਿਧਾਇਕ ਕੋਹਲੀ ਨੇ ਕਿਹਾ ਕਿ ਵੱਖ-ਵੱਖ ਧਾਰਮਿਕ ਅਸਥਾਨਾਂ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਮਾਤਾ ਵੈਸ਼ਨੂੰ ਦੇਵੀ, ਮਾਤਾ ਜਵਾਲਾਜੀ, ਮਾਤਾ ਚਿੰਤਪੁਰਨੀ ਜੀ, ਮਾਤਾ ਨੈਣਾ ਦੇਵੀ ਜੀ, ਸ੍ਰੀ ਖਾਟੂ ਸ਼ਿਆਮ ਜੀ ਅਤੇ ਸਾਲਾਸਰ ਬਾਲਾਜੀ ਧਾਮ ਜੀ ਦਰਸ਼ਨ ਏ.ਸੀ. ਬੱਸਾਂ ਰਾਹੀਂ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਸਕੀਮ ਦਾ ਜ਼ਰੂਰ ਲਾਭ ਲੈਣ।

# ਮਾਨ ਸਰਕਾਰ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਅਤੇ ਸੈਰ-ਸਪਾਟੇ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ : ਚੇਤਨ ਸਿੰਘ ਜੌੜਾਮਾਜਰਾ

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਨੂੰ ਸੈਰ-ਸਪਾਟੇ ਦੇ ਖੇਤਰ ਵਿੱਚ ਦੁਨੀਆ ਦੇ ਨਕਸ਼ੇ 'ਤੇ ਲਿਆਉਣ ਦੇ ਮਕਸਦ ਨਾਲ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਸਰਗਰਮੀ ਨਾਲ ਯਤਨਸ਼ੀਲ ਹੈ।

ਪੰਜਾਬ ਸਕੱਤਰੇਤ ਕਲਚਰਲ ਸੁਸਾਇਟੀ ਵੱਲੋਂ ਨਾਰਥ ਜ਼ੋਨ ਕਲਚਰਲ ਸੈਂਟਰ, ਪਟਿਆਲਾ ਦੇ ਸਹਿਯੋਗ ਨਾਲ ਟੈਗੋਰ ਥੀਏਟਰ ਵਿਖੇ ਕਰਵਾਏ ਗਏ ਸਿਲਵਰ ਜੁਬਲੀ ਸੱਭਿਆਚਾਰਕ ਪ੍ਰੋਗਰਾਮ 'ਬੋਲ ਪੰਜਾਬ ਦੇ-2024' ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਸੰਕਲਪ ਵਿੱਚ ਸਮਾਜ ਦੇ ਸਾਰੇ ਵਰਗਾਂ ਖ਼ਾਸ ਤੌਰ 'ਤੇ ਸਰਕਾਰੀ ਮੁਲਾਜ਼ਮਾਂ ਦੀ ਭਲਾਈ ਤੇ ਖ਼ੁਸ਼ਹਾਲੀ ਸ਼ਾਮਲ ਹੈ, ਜੋ ਮੁੱਖ ਮੰਤਰੀ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ।




ਉਨ੍ਹਾਂ ਦੁਹਰਾਇਆ ਕਿ ਮਾਨ ਸਰਕਾਰ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਸਮੂਹ ਵਿਭਾਗਾਂ ਨੂੰ ਹੋਰ ਮਜ਼ਬੂਤ ਕਰਨ ਲਈ ਵੱਖ-ਵੱਖ ਸਰਕਾਰੀ ਅਹੁਦਿਆਂ 'ਤੇ 40,000 ਤੋਂ ਵੱਧ ਨੌਜਵਾਨਾਂ ਦੀ ਭਰਤੀ ਕੀਤੀ ਗਈ ਹੈ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਪ੍ਰਭਾਵਸ਼ਾਲੀ ਸਮਾਰੋਹ ਕਰਵਾਉਣ ਲਈ ਪ੍ਰਬੰਧਕੀ ਟੀਮ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਅਮੀਰ ਵਿਰਸੇ ਨੂੰ ਪ੍ਰਫੁੱਲਤ ਕਰਨ ਦਾ ਕਾਰਜ ਸੂਬੇ ਦੇ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ।

ਸਮਾਗਮ ਦੌਰਾਨ ਕੈਬਨਿਟ ਮੰਤਰੀ ਨੇ ਪੰਜਾਬ ਸਿਵਲ ਸਕੱਤਰੇਤ ਕਲਚਰਲ ਸੁਸਾਇਟੀ ਦਾ ਸੋਵੀਨਾਰ ਵੀ ਜਾਰੀ ਕੀਤਾ। ਵਧੀਕ ਮੁੱਖ ਸਕੱਤਰ ਸ੍ਰੀ ਕੇ.ਏ.ਪੀ. ਸਿਨਹਾ, ਡਾਇਰੈਕਟਰ ਬਾਗ਼ਬਾਨੀ ਸ੍ਰੀਮਤੀ ਸ਼ੈਲੇਂਦਰ ਕੌਰ ਨੇ ਸਮਾਗਮ ਵਿੱਚ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।

ਸਿਲਵਰ ਜੁਬਲੀ ਸਮਾਗਮ 'ਬੋਲ ਪੰਜਾਬ ਦੇ-2024' ਦੌਰਾਨ ਫ਼ਿਲਮ ਅਦਾਕਾਰਾ, ਗਾਇਕਾ ਅਤੇ ਮਾਡਲ ਨਿਸ਼ਾ ਬਾਨੋ ਨੇ ਆਪਣੀ ਪੇਸ਼ਕਾਰੀ ਕਰਕੇ ਦਰਸ਼ਕਾਂ ਦਾ ਮਨ ਮੋਹਿਆ। ਪੰਜਾਬ ਸਕੱਤਰੇਤ ਦੇ ਮੁਲਾਜ਼ਮਾਂ ਵੱਲੋਂ ਲੋਕ ਨਾਚ 'ਮਲਵਈ ਗਿੱਧਾ' ਪੇਸ਼ ਕੀਤਾ ਗਿਆ। ਦਵਿੰਦਰ ਸਿੰਘ ਜੁਗਨੀ, ਕੁਲਵੰਤ ਸਿੰਘ, ਭੁਪਿੰਦਰ ਸਿੰਘ ਝੱਜ, ਕਮਲ ਸ਼ਰਮਾ, ਨਰਵਿੰਦਰ ਸਿੰਘ, ਜਗਜੀਤ ਸਿੰਘ, ਦਵਿੰਦਰ ਸਿੰਘ, ਗੌਰਵ, ਸਿਕੰਦਰ ਸਿੰਘ, ਬਲਵੰਤ ਸਿੰਘ ਭੰਗੂ, ਚਰਨਜੀਤ ਸਿੰਘ, ਲਖਵਿੰਦਰ ਸਿੰਘ ਲੱਖੀ, ਢੋਲੀ ਜਗਤਾਰ ਸਿੰਘ ਤੇ ਹੋਰਨਾਂ ਨੇ ਮਲਵਈ ਗਿੱਧੇ ਦੀਆਂ ਧਮਾਲਾਂ ਨਾਲ ਸਰੋਤਿਆਂ ਨੂੰ ਕੀਲਿਆ। ਇਸੇ ਤਰ੍ਹਾਂ ਉਮਾ ਰਾਣੀ, ਕੁਲਵਿੰਦਰ ਕੌਰ, ਮਨਦੀਪ ਕੌਰ, ਮੈਰੀ, ਨਰਿੰਦਰ ਕੌਰ, ਕੰਚਨ, ਗਗਨ, ਜਸਵੀਰ ਕੌਰ, ਹਰਪ੍ਰੀਤ ਕੌਰ, ਕੁਲਵੀਰ ਕੌਰ ਅਤੇ ਢੋਲੀ ਸੁਰਮੁੱਖ ਸਿੰਘ ਵੱਲੋਂ ਲੋਕ ਨਾਚ 'ਲੁੱਡੀ' ਪੇਸ਼ ਕੀਤਾ ਗਿਆ।

ਇਸ ਦੌਰਾਨ ਰੁਪਿੰਦਰ ਪਾਲ ਰੂਪੀ ਅਤੇ ਰਮਨ ਮਿੱਤਲ ਵੱਲੋਂ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਹਾਸਰਸ ਲਘੂ ਨਾਟਕ ÷ਮੈਂ ਸੱਚ ਬੋਲਦੀ÷ ਪੇਸ਼ ਕੀਤਾ ਗਿਆ ਜਿਸ ਵਿੱਚ ਰੁਪਿੰਦਰ ਪਾਲ ਰੂਪੀ, ਦਵਿੰਦਰ ਸਿੰਘ ਜੁਗਨੀ, ਸੁਖਚੈਨ ਸਿੰਘ ਖਹਿਰਾ, ਗੁਰਿੰਦਰ ਸਿੰਘ, ਕਮਲ ਸ਼ਰਮਾ, ਸੰਦੀਪ ਕੰਬੋਜ, ਸੁਰੀਤਾ ਸ਼ਰਮਾ, ਸੁਖਜੀਤ ਕੌਰ ਗਿੰਨੀ ਅਤੇ ਸਰਬਜੀਤ ਸਿੰਘ ਵੱਲੋਂ ਹਾਸਰਸ ਪੇਸ਼ਕਾਰੀ ਦਿੱਤੀ ਗਈ।

ਸਮਾਗਮ ਦੌਰਾਨ ਸੁਰੀਤਾ ਸ਼ਰਮਾ ਅਤੇ ਨਵੀ ਸ਼ਰਮਾ ਨੇ ਪੰਜਾਬੀ ਮੈਲੋਡੀ ਡਾਂਸ ਪੇਸ਼ ਕੀਤਾ ਜਦਕਿ ਸੁਖਜੀਤ ਕੌਰ, ਹਰਦੀਪ ਕੌਰ, ਅਮਨਦੀਪ ਕੌਰ, ਜਸਵਿੰਦਰ ਕੌਰ, ਰਵਨੀਤ ਕੌਰ, ਗਗਨ, ਸਰਬਜੀਤ ਸਿੰਘ, ਧਰਮਿੰਦਰ ਸਿੰਘ, ਦੀਪਇੰਦਰ ਸਿੰਘ ਸੈਣੀ, ਤੁਸ਼ਾਰ ਸੇਠੀ, ਕਰਨ ਅਤੇ ਗਗਨ ਨੇ ਲੋਕ ਨਾਚ 'ਜਿੰਦੂਆ' ਕਰਕੇ ਦਰਸ਼ਕਾਂ ਨੂੰ ਨੱਚਣ ਲਾਇਆ।

# ਸੀ.ਪੀ.ਆਈ.ਐਮ.ਐਲ (ਲਿਬਰੇਸ਼ਨ) ਪਾਰਟੀ ਦੇ ਵੱਲੋ ਕੇਦਰ ਸਰਕਾਰ ਅਤੇ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਅਤੇ ਧਰਨਾ ਦਿੱਤਾ




**ਤਰਨਤਾਰਨ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਗਾਧੀ ਪਾਰਕ ਦਵਿੰਦਰ ਸਿੰਘ ਪੰਨੂ ਕਾਰਜਕਾਰੀ ਜਿਲਾ ਸਕੱਤਰ ਤਰਨ ਤਾਰਨ ਦਵਿੰਦਰ ਸਿੰਘ ਪੰਨੂ ਦੀ ਅਗਵਾਈ ਹੇਠ ਸੈਕੜੇ ਔਰਤਾ ਵੱਲੋ ਪੰਜਾਬ ਸਰਕਾਰ ਅਤੇ ਕੇਦਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਤੇ ਧਰਨਾ ਅਤੇ ਭਾਰੀ ਨਾਅਰੇ 'ਲਗਾਏ ਹਨ।

ਸਟੇਜ ਭਾਸ਼ਨ ਬੋਲਦਿਆ ਹੋਇਆ ਦਵਿੰਦਰ ਪੰਨੂ ਨੇ ਕਿਹਾ ਕੀ ਕੇਦਰ ਸਰਕਾਰ ਤੇ ਪੰਜਾਬ ਸਰਕਾਰ ਗਰੀਬ ਲੋਕਾ ਦੇ ਕਰਜਾ ਉਪਰ ਮੁਆਫ ਕਰਨ ਦਾ ਐਲਾਨ ਕਰੇ।ਕਿਉ ਕਿ ਵਿਧਾਨ ਸਭਾ ਚੋਣੇ ਵੇਲੇ ਗਰੀਬ ਪਰਿਵਾਰ ਲੋਕਾ ਨਾਲ ਵਾਅਦਾ ਕੀਤਾ ਗਾਏ।ਆਮ ਪਾਰਟੀ ਦੀ ਸਰਕਾਰ ਬਣਦੇ ਹੀ ਸਭ ਤੋ ਪਹਿਲਾ ਗਰੀਬ ਮਜਦੂਰ ਸਾਥੀਆ ਦੇ ਤੁਰੰਤ ਕਰਜੇ ਮੁਆਫ ਕੀਤੇ ਜਾਣਗੇ ਪਰ ਸਰਕਾਰ ਆਪਣੇ ਵਾਅਦੇ ਤੋ ਮੁਕਰ ਰਹੀ ਹੈ। ਫਾਇਨਾਂਸ ਕੰਪਨੀ ਵਾਲੇ ਗਰੀਬ ਲੋਕਾ ਦਿਤੇ ਜਾ ਕਰਜਾ ਉਪਰ ਲੋੜ ਵਧ ਵਿਆਜ ਲਗ ਰਹੀ।ਅਤੇ ਲੋਕਾ ਨੂੰ ਬਿਨਾ ਵਜਾ ਤੰਗ ਪ੍ਰੇਸਾਨ ਕਰ ਰਹੀ ਹੈ।ਇਸ ਵਲ ਜਲਦੀ ਤੋ ਜਲਦੀ ਸਰਕਾਰ ਧਿਆਨ ਦੇਵੇ ਨਹੀ ਤਾ 8 ਮਾਰਚ ਨੂੰ ਇਕ ਬਹੁਤ ਵੱਡੀ ਰੈਲੀ ਕਰਕੇ ਸਹਿਰ ਵਿੱਚ ਇਕ ਰੋਸ ਪ੍ਰਦਰਸ਼ਨ ਕੀਤਾ ਜਾ ਰਹੇ ਹੈ।

ਇਸ ਮੌਕੇ ਬਲਜੀਤ ਕੌਰ/ ਜਸਬੀਰ ਕੌਰ/ਨਿੰਦਰ ਕੋਰ / ਕਵਲਜੀਤ ਕੋਰ ਭੁੱਲਰ/ ਰਾਜ ਕੋਰ ਹਰਦੇਵ ਕੋਰ ਸਮੇਤ ਸ਼ਾਮਿਲ ਸਨ।

ਇਸੇ ਤਰ੍ਹਾ ਕੀਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਨਛੱਤਰ ਸਿੰਘ ਮੁਗ਼ਲ ਚੱਕ ਦੀ ਅਗਵਾਈ ਹੇਠ ਇਕ ਵਿਸਾਲ ਰੋਸ ਪ੍ਰਦਰਸ਼ਨ ਅਤੇ ਭਾਰੀ ਨਾਅਰੇਬਾਜੀ ਹਰਿਆਣਾ ਸਰਕਾਰ ਅਤੇ ਕੇਦਰ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਵਖ ਵਖ ਬਜਾਰਾ ਰਾਹੀ ਹੋ ਕੇ ਰੋਸ ਮਾਰਚ ਕੱਢੀ ਗਈ ਅਤੇ ਮੰਗਾ ਕੀਤੀ ਕੇਦਰ ਸਰਕਾਰ ਅਤੇ ਹਰਿਆਣਾ ਸਰਕਾਰ ਤੁੰਰਤ ਹੀ ਸੰਭੂ ਤੇ ਖਨੌਰੀ ਬਾਰਡਰ ਉੱਪਰ ਲਗਵਾਈ ਗਾਈ ਰੋਕ ਹਟਵਾ ਜਾਵੇ ਅਤੇ ਕਿਸਾਨ ਵੀਰਾ ਨੂੰ ਆਪਣੀ ਹਕੀ ਮੰਗਾਂ ਲੈਣ ਵਾਸਤੇ ਦਿੱਲੀ ਜਾਣ ਦਿਤਾ ਜਾਵੇ। ਪਿਛਲੀ ਦਿਨੀ ਖਨੌਰੀ ਬਾਰਡਰ ਉੱਪਰ ਨੋਜਵਾਨ ਸ਼ੁਭਕਰਨ ਸਿੰਘ ਸਹੀਦ ਦੇ ਦੋਸੀਆ ਨੂੰ ਜਲਦੀ ਤੋ ਜਲਦੀ ਗਿਰਫਤਾਰ ਕੀਤੇ ਜਾਣ।ਕੇਦਰੀ ਗ੍ਰਹਿ ਮੰਤਰੀ ਅਮਿਤ ਸਾਹ/ਹਰਿਆਣਾ ਦਾ ਮੁੱਖ ਮੰਤਰੀ ਮਨੋਹਰ ਲਾਲ ਖਟਰ ਅਤੇ ਗ੍ਰਹਿ ਮੰਤਰੀ ਅਨਿਲ ਵਿਜ ਅਸਤੀਫਾ ਦੇਣ ਅਤੇ,ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖਟੜ ਅਤੇ ਗ੍ਰਹਿ ਮੰਤਰੀ ਅਨਿਲ ਵਿਜ ਦੇ ਖਿਲਾਫ ਕੇਸ ਦਰਜ ਕੀਤਾ ਜਾਵੇ।

# ਗੁਰੂਹਰਸਹਾਏ ਦੇ ਵਿਧਾਇਕ ਸ. ਫੌਜਾ ਸਿੰਘ ਸਰਾਰੀ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

**ਜਲਾਲਾਬਾਦ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਵਿਚ ਵਿਕਾਸ ਕਾਰਜਾਂ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ। ਇਸੇ ਲੜੀ ਤਹਿਤ ਗੁਰੂਹਰਸਹਾਏ ਦੇ ਵਿਧਾਇਕ ਸ. ਫੌਜਾ ਸਿੰਘ ਸਰਾਰੀ ਨੇ ਹਲਕੇ ਦੇ ਪਿੰਡ ਨੱਥੂ ਚਿਸਤੀ, ਪੀਰੇ ਕੇ ਉਤਾੜ, ਬੋਦਲ ਪੀਰੇ ਕੇ, ਬਲੇਲ ਕੇ ਕਾਮਲ, ਮਿੱਡਾ, ਬਲੇਲ ਕੇ ਰਹੇਲਾ, ਬਲੇਲ ਕੇ ਉਤਾੜ, ਥਾਰਾ ਸਿੰਘ ਵਾਲਾ, ਦੁੱਲੇ ਕੇ ਗੈਰ ਆਬਾਦ, ਸ਼ਮਸਦੀਨ ਚਿਸਤੀ, ਸ਼ੇਰ ਮੁਹੰਮਦ, ਰਾਣਾ ਪੰਜ ਗਰਾਈ, ਪੰਜੇ ਕੇ ਉਤਾੜ, ਵਾਸਲ ਮੋਹਨ ਕੇ, ਸੋਹਣਗੜ੍ਹ ਰੱਤੇਵਾਲਾ ਅਤੇ ਕੋਹਰ ਸਿੰਘ ਵਾਲਾ ਵਿਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ।



ਵਿਧਾਇਕ ਸ. ਫੌਜਾ ਸਿੰਘ ਸਰਾਰੀ ਨੇ ਦੱਸਿਆ ਕਿ ਹਲਕੇ ਦੇ ਇਨ੍ਹਾਂ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਦੀ ਗ੍ਰਾਂਟ ਨਾਲ ਸੂਬੇ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਸ ਦੇ ਤਹਿਤ ਸਾਡੇ ਹਲਕੇ ਦੇ ਪਿੰਡਾਂ ਦੇ ਵਿਕਾਸ ਕਾਰਜ ਵੀ ਹੋਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਦੀ ਸਾਫ ਸਫਾਈ ਤੋਂ ਇਲਾਵਾ ਪਿੰਡ ਦੀਆਂ ਗਲੀਆਂ, ਨਾਲੀਆਂ ਪੱਕੀਆਂ ਕਰਨ ਤੋਂ ਇਲਾਵਾ ਹੋਰ ਵਿਕਾਸ ਦੇ ਸਾਰੇ ਕੰਮ ਨੇਪਰੇ ਚਾੜ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬੇ ਦਾ ਕੋਈ ਵੀ ਪਿੰਡ ਵਿਕਾਸ ਪੱਖੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਇਹ ਵਿਕਾਸ ਦੇ ਕੰਮ ਨੇਪਰੇ ਚਾੜ੍ਹਨ ਤੇ ਇਸ ਕੰਮ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਲਕੇ ਦੇ ਲੋਕਾਂ ਨਾਲ ਜੋ ਵਾਅਦਾ ਕੀਤਾ ਸੀ ਉਹ ਪੂਰਾ ਕਰ ਦਿਖਾਇਆ ਹੈ, ਚਾਹੇ ਉਹ ਸਿੱਖਿਆ, ਸਿਹਤ ਅਤੇ ਵਿਕਾਸ ਦਾ ਹੀ ਹੋਵੇ। ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਉਹ ਆਪਸੀ ਭਾਈਚਾਰੇ ਨਾਲ ਆਪਸ ਵਿੱਚ ਰਲ ਕੇ ਪਿੰਡ ਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ।

ਇਸ ਮੌਕੇ ਮਲਕੀਤ ਥਿੰਦ ਜ਼ਿਲ੍ਹਾ ਪ੍ਰਧਾਨ, ਬੂਟਾ ਮਿੱਡਾ ਬਲਾਕ ਪ੍ਰਧਾਨ, ਰਾਜ ਸਿੰਘ ਨੱਥੂ ਚਿਸਤੀ, ਮੁਖਤਿਆਰ ਸਿੰਘ, ਗੁਰਚਰਨ ਸਿੰਘ, ਸਵਰਨ ਸਿੰਘ, ਸੁਸ਼ੀਲ ਕੁਮਾਰੀ ਬੀ ਪੀ ਈ ਓ ਆਦਿ ਹਾਜਰ ਸਨ।

# ਐੱਸ ਆਰ ਐੱਸ ਵਿੱਦਿਆਪੀਠ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕੀਤਾ ਸਨਮਾਨਿਤ



**ਸਮਾਣਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਦਾ ਮੁੱਖ ਵਿਸ਼ਾ ਵੱਖ- ਵੱਖ ਮੁਕਾਬਲੇ (ਐਸ ਓ ਐਫ, ਟੇਲੈਂਟ ਐਕਸ ਅਤੇ ਉਰਜਾ ਮੀਟ) ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨਾ ਸੀ। ਸਾਨੂੰ ਇਹ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਸਾਡੇ ਵਿਦਿਆਰਥੀਆਂ ਨੇ ਵਿਗਿਆਨ, ਆਮ ਗਿਆਨ, ਹਿਸਾਬ ਅਤੇ ਅੰਗਰੇਜ਼ੀ ਵਿੱਚ ਆਪਣੀ ਬੇਮਿਸਾਲ ਕਾਬਲੀਅਤ ਦਾ ਪ੍ਰਦਰਸ਼ਨ ਕਰਦੇ ਹੋਏ ਐਸ ਓ ਐਫ ਮੁਕਾਬਲੇ ਦੀ ਪਰੀਖਿਆ 2023-24 ਵਿੱਚ ਉੱਤਮਤਾ ਦਾ ਸੋਨ ਤਗਮਾ ਪ੍ਰਾਪਤ ਕੀਤਾ ਹੈ।

ਉਨ੍ਹਾਂ ਦਾ ਸ਼ਾਨਦਾਰ ਪ੍ਰਦਰਸ਼ਨ ਉਹਨਾਂ ਦੇ ਸਮਰਪਣ ਅਤੇ ਬੌਧਿਕ ਹੁਨਰ ਦਾ ਪ੍ਰਮਾਣ ਹੈ। ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਦੁਆਰਾ ਐਸ ਓ ਐਫ, ਟੇਲੈਂਟ ਐਕਸ ਅਤੇ ਉਰਜਾ ਮੀਟ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਤਗਮੇ ਦੇ ਕੇ ਸਨਮਾਨਿਤ ਕੀਤਾ ਗਿਆ। ਐਸ ਓ ਐਫ ਦੇ ਇੰਚਾਰਜ ਅਧਿਆਪਕਾਂ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਸਾਨੂੰ ਆਪਣੇ ਵਿਦਿਆਰਥੀਆਂ ਉੱਤੇ ਮਾਣ ਹੈ ਅਤੇ ਭਰੋਸਾ ਹੈ ਕਿ ਉਹ ਆਪਣੇ ਅਕਾਦਮਿਕ ਯਤਨਾਂ ਵਿੱਚ ਹਮੇਸ਼ਾ ਚਮਕਦੇ ਰਹਿਣਗੇ।

ਇਸ ਮੌਕੇ 'ਤੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਅਤੇ ਸੈਕਟਰੀ ਲਲਿਤ ਸਿੰਗਲਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਉਹਨਾਂ ਨੂੰ ਅਜਿਹੇ ਸਿੱਖਿਆਦਾਇਕ ਅਤੇ ਖੇਡ ਮੁਕਾਬਲਿਆਂ ਮੁਕਾਬਲਿਆਂ ਵਿੱਚ ਵਧ- ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਬਠਿੰਡਾ ਜਿਲ੍ਹੇ ਦੇ ਸੋਸ਼ਲ ਮੀਡੀਆ ਦੇ ਬਲਾਕ ਪ੍ਰਧਾਨਾਂ ਦੀ ਮੀਟਿੰਗ ਹੋਈ

**ਬਠਿੰਡਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਜਿਲੇ ਦੇ ਸੋਸ਼ਲ ਮੀਡੀਆ ਦੇ ਬਲਾਕ ਪ੍ਰਧਾਨਾ ਦੀ ਮੀਟਿੰਗ ਸਰਕਟ ਹਾਊਸ ਵਿਖੇ ਹੋਈ ਜਿਸ ਵਿੱਚ ਬਠਿੰਡਾ ਜਿਲ੍ਹੇ ਦੇ ਪ੍ਰਧਾਨ ਸੁਰਿੰਦਰ ਸਿੰਘ ਬਿਟੂ,

ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ, ਸ਼ੋਸ਼ਲ ਮੀਡੀਆ ਦੇ ਜਿਲ੍ਹਾ ਪ੍ਰਧਾਨ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੈਂਬਰ ਸੁਖਬੀਰ ਸਿੰਘ ਬਰਾੜ ਮੌਜੂਦ ਸਨ ਇਸ ਮੀਟਿੰਗ ਵਿਚ ਪਾਰਟੀ ਦਵਾਰਾ ਕੀਤੇ ਗਏ ਕੰਮਾਂ ਅਤੇ



ਆਉਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ,ਮੀਟਿੰਗ ਵਿੱਚ ਸੁਖਬੀਰ ਸਿੰਘ ਬਰਾੜ ਨੂੰ ਸਿਰੋਪਾ ਪਾਕੇ ਸਨਮਾਨਿਤ ਵੀ ਕੀਤਾ ਗਿਆ।

# ਬਿੰਨੀ ਸਹੋਤਾ ਨੇ ਅਜੀਤਪਾਲ ਕੋਹਲੀ ਨਾਲ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕੀਤੀ



**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਪਟਿਆਲਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਬਿੰਨੀ ਸਹੋਤਾ ਸਾਬਕਾ ਪ੍ਰਧਾਨ ਸਵੀਪਰ ਯੂਨੀਅਨ, ਨਗਰ ਨਿਗਮ ਪਟਿਆਲਾ ਦੀ ਅਗਵਾਈ ਵਿੱਚ ਐਮ. ਐੱਲ. ਏ. ਸ.ਅਜੀਤਪਾਲ ਸਿੰਘ ਕੋਹਲੀ ਜੀ ਨਾਲ ਕੀਤੀ ਗਈ। ਜਿਸ ਵਿੱਚ ਨਗਰ ਨਿਗਮ ਪਟਿਆਲਾ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਸਬੰਧੀ ਅਤੇ ਜਿਹੜੇ ਦਰੋਗੇ ਆਰਜ਼ੀ ਤੌਰ ਤੇ ਡਿਊਟੀਆਂ ਕਰ ਰਹੇ ਹਨ, ਉਨ੍ਹਾਂ ਦਰੋਗਿਆਂ ਦੀਆਂ ਬਣਦੀਆਂ ਤਰੱਕੀਆ ਦਿੱਤੀਆਂ ਜਾਣ।

ਇਸ ਮੌਕੇ ਸ਼੍ਰੀ ਅਜੀਤਪਾਲ ਸਿੰਘ ਕੋਹਲੀ, ਐਮ.ਐਲ.ਏ. ਸ਼ਹਿਰੀ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਦਰੋਗਿਆਂ ਦੀਆਂ ਬਣਦੀਆਂ ਤਰੱਕੀਆਂ ਦੇ ਨਾਲ-ਨਾਲ ਨਗਰ ਨਿਗਮ ਮੁਲਾਜ਼ਮਾਂ ਦੀਆਂ ਬਾਕੀ ਮੰਗਾ ਦੀ ਪੂਰਤੀ ਵੀ ਜਲਦੀ ਹੀ ਕਰ ਦਿੱਤੀ ਜਾਵੇਗੀ। ਇਸ ਮੌਕੇ ਨੇਤਰ ਬਿਡਲਾਨ, ਸੰਜੂ ਕਾਂਗੜਾ, ਮੰਗਤ ਕਲਿਆਣ, ਰਿੰਕੂ ਵੈਦ, ਗੁਰਸੇਵਕ, ਕਮਲਜੀਤ, ਪਰਮਜੀਤ, ਮੋਨੂੰ, ਅਸ਼ੋਕ ਏਕਤਾ, ਸੰਦੀਪ ਗਾਂਗੜ, ਮਿੱਠੂ, ਮਾਨਸੂ ਆਦਿ ਮੌਜੂਦ ਸਨ।

# ਕਿਸਾਨਾਂ 'ਤੇ ਤਸ਼ੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਜ਼ਿੰਮੇਵਾਰ : ਚੰਦੂਮਾਜਰਾ

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਅੰਦੋਲਨ ਦਰਮਿਆਨ ਪਿਛਲੇ ਕੁਝ ਦਿਨਾਂ ਤੋਂ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨਾਂ 'ਤੇ ਹੋਏ ਤਸ਼ੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ, ਉਸ ਤੋਂ ਬਾਅਦ ਸਿਆਸੀ ਹਲਕਿਆਂ 'ਚ ਚਰਚਾ ਹੋ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਅਜਿਹਾ ਮਹਿਸੂਸ ਹੋਣ ਲੱਗ ਪਿਆ ਹੈ ਕਿ ਭਾਜਪਾ ਨਾਲ ਗਠਜੋੜ ਕਰਨਾ ਨੁਕਸਾਨਦਾਇਕ ਸਿੱਧ ਹੋ ਸਕਦਾ ਹੈ। ਹਾਲਾਂਕਿ ਕੁਝ ਦਿਨ ਪਹਿਲਾਂ ਕਿਸਾਨ ਅੰਦੋਲਨ ਦੇ ਬਾਵਜੂਦ ਅਕਾਲੀ ਦਲ ਭਾਜਪਾ ਖ਼ਿਲਾਫ਼ ਬਚ ਕੇ ਬੋਲ ਰਿਹਾ ਸੀ। ਅਕਾਲੀ ਆਗੂਆਂ ਵਲੋਂ ਦਿੱਤੇ ਜਾ ਰਹੇ ਬਿਆਨਾਂ ਤੋਂ ਬਾਅਦ ਚਰਚਾ ਚੱਲ ਪਈ ਹੈ ਕਿ ਅਕਾਲੀ ਦਲ ਇਹ ਜ਼ਾਹਰ ਕਰਨ ਲੱਗ ਪਿਆ ਹੈ ਕਿ ਉਸ ਦਾ ਭਾਜਪਾ ਨਾਲ ਗਠਜੋੜ ਨਹੀਂ ਹੋ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਜਰਾ ਨੇ ਬਿਆਨ ਦਿੱਤਾ ਹੈ



ਕਿ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਕਿਸਾਨਾਂ 'ਤੇ ਤਸ਼ੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕਾਰਨ ਕੇਂਦਰ ਅਤੇ ਕਿਸਾਨਾਂ ਵਿਚਕਾਰ ਗੱਲਬਾਤ ਸਿਰੇ ਨਹੀਂ ਚੜ੍ਹ ਸਕੀ। ਇਸ ਤੋਂ ਇਲਾਵਾ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਏਮਜ਼ ਬਠਿੰਡਾ ਦੇ ਉਦਘਾਟਨੀ ਸਮਾਰੋਹ ਦੌਰਾਨ ਕਿਸਾਨ ਅੰਦੋਲਨ ਦਾ ਮੁੱਦਾ ਚੁੱਕਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਨਲਾਈਨ ਜੁੜੇ ਸਨ।

# ਸਰਕਾਰੀ ਆਈਟੀਆਈ ਵਿਖੇ 4 ਮਾਰਚ ਨੂੰ ਲੱਗੇਗਾ ਪਲੇਸਮੈਂਟ ਕੈਂਪ

**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ 4 ਮਾਰਚ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਸਰਕਾਰੀ ਆਈਟੀਆਈ (ਲੜਕੇ) ਪਟਿਆਲਾ ਵਿਖੇ ਵੱਖ-ਵੱਖ ਕੰਪਨੀਆਂ ਦੇ ਸਹਿਯੋਗ ਨਾਲ ਵੱਖ-ਵੱਖ ਅਸਾਮੀਆਂ ਲਈ ਸਵੈ ਰੁਜ਼ਗਾਰ ਅਤੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਰੁਜ਼ਗਾਰ ਅਫਸਰ ਕੰਵਲ ਪਨੀਤ ਕੌਰ ਨੇ ਦੱਸਿਆ ਕਿ 4 ਮਾਰਚ ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਲੱਗਣ ਵਾਲੇ ਇਸ ਰੋਜ਼ਗਾਰ ਮੇਲੇ ਵਿੱਚ ਕਰੀਬ 10 ਕੰਪਨੀਆਂ ਵੱਲੋਂ ਵੱਖ-ਵੱਖ ਅਸਾਮੀਆਂ ਲਈ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਕੰਪਨੀਆਂ ਵੱਲੋਂ ਟ੍ਰੇਨੀ, ਪਲਾਂਟ ਜੋਬ, ਟਰਨਰ, ਵੈਲਡਰ, ਕੁਆਲਿਟੀ ਇੰਸਪੈਕਟਰ, ਸੇਲਜ ਅਫਸਰ, ਗੈਸ ਕਟਰ, ਫਿਟਰ, ਇਲੈਕਟਰੀਸ਼ਨ, ਡੀਜਲ ਮਕੈਨਿਕ, ਸਿਕਿਉਰਟੀ ਗਾਰਡ, ਮੈਨੇਜਮੈਂਟ ਟਰੇਨੀ, ਰਿਲੇਸ਼ਨਸ਼ਿਪ ਅਫਸਰ, ਐਚ ਆਰ ਐਗਜੀਕਿਊਟਿਵ, ਟੀਮ ਲੀਡਰ, ਅਤੇ ਸੇਲ ਮੈਨੇਜਰ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਚਾਹਵਾਨ ਅਤੇ ਯੋਗ ਉਮੀਦਵਾਰ ਜਿਨਾਂ ਦੀ ਵਿੱਦਿਅਕ ਯੋਗਤਾ ਆਈਟੀਆਈ ਇਲੈਕਟਰੀਸ਼ੀਅਨ, ਪਲੰਬਰ, ਵੈਲਡਰ, ਫਿਟਰ, ਡਿਪਲੋਮਾ ਮਕੈਨਿਕਲ ਜਾ ਅਠਵੀਂ ਤੋਂ ਗ੍ਰੈਜੂਏਸ਼ਨ ਪਾਸ ਹੋਵੇ ਅਤੇ ਉਮਰ 18 ਤੋਂ 40 ਸਾਲ ਵਿਚਕਾਰ ਹੋਵੇ ਉਹ ਇਸ ਕੈਂਪ ਵਿੱਚ ਭਾਗ ਲੈ ਸਕਦੇ ਹਨ।

ਉਨਾਂ ਦੱਸਿਆ ਕਿ ਇੰਟਰਵਿਊ ਦੌਰਾਨ ਚੁਣੇ ਗਏ ਉਮੀਦਵਾਰਾਂ ਨੂੰ ਅਸਾਮੀਆਂ ਦੇ ਆਧਾਰ ਉੱਤੇ ਤਨਖਾਹ ਦਿੱਤੀ ਜਾਵੇਗੀ। ਨੌਕਰੀ ਤੇ ਇੱਛਕ ਉਮੀਦਵਾਰ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ, ਆਧਾਰ ਕਾਰਡ ਅਤੇ ਰਿਜ਼ੂਮੇ ਨਾਲ ਲੈ ਕੇ ਇਕ ਮਾਰਚ ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਸਰਕਾਰੀ ਆਈਟੀਆਈ ਲੜਕੇ ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਦਾ ਹਿੱਸਾ ਬਣਨ।

ਉਹਨਾਂ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 98776-10877 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ QCFYBD ਲਈ ਕਲੇਮ ਸੈਟਲਮੈਂਟ ਅਨੁਪਾਤ ਨੂੰ ਕਾਇਮ ਰੱਖਦਾ ਹੈ

**ਜਲੰਧਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜੇਕਰ ਅਸੀਂ ਵਿੱਤੀ ਯੋਜਨਾਬੰਦੀ ਦੀ ਗੱਲ ਕਰੀਏ, ਤਾਂ ਜੀਵਨ ਬੀਮਾ ਇਸਦਾ ਇੱਕ ਜ਼ਰੂਰੀ ਹਿੱਸਾ ਹੈ, ਜੋ ਪਰਿਵਾਰ ਅਤੇ ਨਿਰਭਰ ਲੋਕਾਂ ਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਦਾ ਹੈ। ਇਹ ਕੰਪਨੀ ਦੁਆਰਾ ਪਾਲਿਸੀਧਾਰਕ ਦੀ ਬੇਵਕਤੀ ਮੌਤ ਦੀ ਸਥਿਤੀ ਵਿੱਚ ਪਰਿਵਾਰ ਦੀ ਵਿੱਤੀ ਭਲਾਈ ਨੂੰ ਯਕੀਨੀ ਬਣਾਉਣ ਦਾ ਵਾਅਦਾ ਹੈ। ਇਸ ਅਰਥ ਵਿਚ ਇਹ ਕਿਸੇ ਅਜ਼ੀਜ਼ ਨੂੰ ਗੁਆਉਣ ਕਾਰਨ ਹੋਣ ਵਾਲੀ ਵਿੱਤੀ ਪ੍ਰੇਸ਼ਾਨੀ ਨੂੰ ਘਟਾਉਣ ਦਾ ਵਧੀਆ ਤਰੀਕਾ ਹੈ। ਜੀਵਨ ਬੀਮੇ ਵਿੱਚ ਦਾਅਵੇ ਇੱਕ ਤੱਥ ਹਨ ਅਤੇ ਇਸ ਲਈ ਕਿਸੇ ਨੂੰ ਉਸ ਬ੍ਰਾਂਡ ਤੋਂ ਪਾਲਿਸੀ ਖਰੀਦਣੀ ਚਾਹੀਦੀ ਹੈ ਜਿਸ 'ਤੇ ਉਹ ਭਰੋਸਾ ਕਰਦਾ ਹੈ। ਗਾਹਕ ਕਲੇਮ ਸੈਟਲਮੈਂਟ ਅਨੁਪਾਤ ਅਤੇ ਦਾਅਵੇ ਦਾ ਨਿਪਟਾਰਾ ਕਰਨ ਲਈ ਲਏ ਗਏ ਔਸਤ ਸਮੇਂ ਦਾ ਮੁਲਾਂਕਣ ਕਰਕੇ ਜੀਵਨ ਬੀਮਾਕਰਤਾ ਦੀ ਚੋਣ ਕਰ ਸਕਦੇ ਹਨ ਜੋ ਉਹਨਾਂ ਦੇ ਅਨੁਕੂਲ ਹੋਵੇ। ਦਾਅਵਿਆਂ ਦੇ ਨਿਪਟਾਰੇ ਦੇ ਮਾਮਲੇ ਵਿੱਚ ਟਰਨਅਰਾਉਂਡ ਸਮਾਂ ਵੀ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਇਹ ਯਕੀਨੀ ਬਣਾਉਂਦਾ ਹੈ ਕਿ ਲਾਭਪਾਤਰੀਆਂ ਨੂੰ ਦਾਅਵੇ ਦੀ ਰਕਮ ਤੁਰੰਤ ਪ੍ਰਾਪਤ ਹੁੰਦੀ ਹੈ। ਹਾਲਾਂਕਿ, ਜ਼ਿੰਮੇਵਾਰੀ ਪੂਰੀ ਤਰ੍ਹਾਂ ਬੀਮਾ ਕੰਪਨੀ ਦੀ ਨਹੀਂ ਹੈ। ਗਾਹਕ ਖਰੀਦ ਦੇ ਸਮੇਂ ਸੱਚਾਈ ਨਾਲ ਸਾਰੀ ਜਾਣਕਾਰੀ ਦਾ ਖੁਲਾਸਾ ਕਰਨ ਦੀ ਜ਼ਿੰਮੇਵਾਰੀ ਵੀ ਲੈਂਦੇ ਹਨ, ਨਾਮਾਂਕਣ ਵਾਲਿਆਂ ਲਈ ਇੱਕ ਤੇਜ਼ ਅਤੇ ਮੁਸ਼ਕਲ ਰਹਿਤ ਦਾਅਵਿਆਂ ਦੇ ਅਨੁਭਵ ਨੂੰ ਯਕੀਨੀ ਬਣਾਉਂਦੇ ਹੋਏ। ਨਿਯਮਾਂ ਦੇ ਅਨੁਸਾਰ, ਜੀਵਨ ਬੀਮਾਕਰਤਾ ਤਿਮਾਹੀ ਆਧਾਰ 'ਤੇ ਆਪਣੇ ਕਲੇਮ ਸੈਟਲਮੈਂਟ ਅਨੁਪਾਤ ਦਾ ਐਲਾਨ ਕਰਦੇ ਹਨ। ਆਖ਼ਰਕਾਰ, ਵਿਅਕਤੀ ਇਹ ਯਕੀਨੀ ਬਣਾਉਣ ਲਈ ਜੀਵਨ ਬੀਮਾ ਖਰੀਦਦੇ ਹਨ ਕਿ ਉਹਨਾਂ ਦੇ ਆਸ਼ਰਿਤ ਕਿਸੇ ਵੀ ਸਥਿਤੀ ਵਿੱਚ ਵਿੱਤੀ ਤੌਰ 'ਤੇ ਸੁਰੱਖਿਅਤ ਰਹਿਣ।

# 1.26 ਕਰੋੜ ਦੀ ਲਾਗਤ ਨਾਲ ਸ਼ਿਵਾਲਿਕ ਕਾਲਜ ਨੰਗਲ ਦਾ ਕਰਵਾਇਆ ਜਾ ਰਿਹਾ ਹੈ ਨਵੀਨੀਕਰਨ : ਹਰਜੋਤ ਬੈਂਸ

## ਸ਼ਿਵਾਲਿਕ ਕਾਲਜ ਦਾ ਨਕਸ਼ ਨੁਹਾਰ ਸੰਵਾਰਨ ਅਤੇ ਸੀ.ਪਾਈਟ ਕੈਂਪ ਲਈ ਦਿੱਤੀ ਕਰੋੜਾ ਦੀ ਗ੍ਰਾਂਟ

**ਨੰਗਲ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਉਚੇਰੀ ਸਿੱਖਿਆ, ਸਕੂਲ ਸਿੱਖਿਆ, ਤਕਨੀਕੀ ਸਿਖਲਾਈ ਤੇ ਉਦਯੋਗਿਕ ਸਿੱਖਿਆ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਕੈਬਨਿਟ ਮੰਤਰੀ ਸ.ਹਰਜੋਤ ਸਿੰਘ ਬੈਂਸ ਨੇ ਅੱਜ ਸ਼ਿਵਾਲਿਕ ਕਾਲਜ ਨਯਾ ਨੰਗਲ ਦੇ ਦੌਰੇ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਨਪਸੰਦ ਸ਼ਿਵਾਲਿਕ ਕਾਲਜ ਦਾ 1.26 ਕਰੋੜ ਦੀ ਲਾਗਤ ਨਾਲ ਚਹੁਮੁੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਇਸ ਕਾਲਜ ਤੇ ਸਾਹਮਣੇ ਬਣੇ ਪਾਰਕ ਦਾ 25 ਲੱਖਾਂ ਰੁਪਏ ਖਰਚ ਕੇ ਨਵੀਕੀਕਰਨ ਕੀਤਾ ਜਾਵੇਗਾ। 2 ਕਰੋੜ ਦੀ ਲਾਗਤ ਨਾਲ ਸੀ.ਪਾਈਟ ਕੈਂਪ ਨੰਗਲ ਦੀ ਨੁਹਾਰ ਬਦਲੀ ਜਾਵੇਗੀ।



ਅੱਜ ਆਪਣੇ ਵਿਸੇਸ਼ ਦੌਰੇ ਦੌਰਾਨ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਵਿੱਚ ਕ੍ਰਾਂਤੀਕਾਰੀ ਫੈਸਲੇ ਲਏ ਜਾ ਰਹੇ ਹਨ, ਪੰਜਾਬ ਦੇ ਹਜ਼ਾਰਾ ਸਕੂਲਾਂ, ਕਾਲਜਾਂ ਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਵਿਕਾਸ, ਨਵੀਕੀਕਰਨ ਅਤੇ ਸਹੂਲਤਾਂ ਉਪਲੱਬਧ ਕਰਵਾਉਣ ਲਈ ਸੈਕੜੇ ਕਰੋੜਾ ਰੁਪਏ ਖਰਚ ਕੀਤੇ ਜਾ ਰਹੇ ਹਨ। ਪ੍ਰਾਇਮਰੀ ਸਕੂਲਾਂ ਤੋ ਸੀਨੀਅਰ ਸੈਕੰਡਰੀ ਸਕੂਲਾਂ ਤੱਕ ਆਈ.ਟੀ.ਆਈ ਤੇ ਸਰਕਾਰੀ ਕਾਲਜਾਂ ਦਾ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਨੰਗਲ ਵਿੱਚ 400 ਮੀਟਰ ਦਾ ਡਬਲ ਟਰੈਕ ਬਣਾਇਆ ਜਾਵੇਗਾ, ਸ੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਆਦਰਸ਼ ਸਕੂਲ ਲੋਦੀਪੁਰ ਵਿੱਚ ਐਸਟ੍ਰੋਟਫ ਹਾਕੀ ਗਰਾਊਡ, ਸੂਟਿੰਗ ਰੇਜ਼ ਬਣਾਈ ਜਾਵੇਗੀ। ਸ਼ਿਵਾਲਿਕ ਕਾਲਜ ਦੇ ਵਾਈਟ ਵਾਸ਼ ਉਤੇ 15 ਲੱਖ ਰੁਪਏ ਖਰਚ ਕੀਤੇ ਜਾਣਗੇ। ਪਰਬਲ ਵੱਲੋਂ ਸੀ.ਐਸ.ਆਰ ਲਈ 10 ਲੱਖ ਰੁਪਏ ਦਿੱਤੇ ਗਏ ਅਤੇ ਹੋਰ ਵਿੱਦਿਅਕ ਅਦਾਰਿਆਂ ਲਈ ਲਗਾਤਾਰ ਗ੍ਰਾਟਾਂ ਦੇ ਕੇ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆ ਤੋ ਦੂਰ ਰੱਖ ਕੇ ਖੇਡ ਮੈਦਾਨਾਂ ਵੱਲ ਜੋੜ ਰਹੀ ਹੈ, ਇਸ ਦੇ ਲਈ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਪੰਜ ਖੇਡ ਮੈਦਾਨ ਤਿਆਰ ਹੋ ਚੁੱਕੇ ਹਨ, ਇਨ੍ਹਾਂ ਖੇਡ ਮੈਦਾਂਨਾਂ ਵਿਚ ਰੋਣਕਾ ਲੱਗ ਰਹੀਆਂ ਹਨ, ਇਹ ਸਾਡੇ ਪੰਜਾਬ ਦੀ ਬਦਲ ਰਹੀ ਤਸਵੀਰ ਹੈ। ਉਨ੍ਹਾਂ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਪਿੰਡਾਂ ਤੇ ਸ਼ਹਿਰਾ ਦਾ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਖਿਡਾਰੀਆਂ ਨੂੰ ਸਮਾਨ ਮੁਹੱਇਆ ਕਰਵਾਇਆ ਜਾ ਰਿਹਾ ਹੈ ਤੇ ਖੇਡ ਮੈਦਾਨਾਂ ਵਿਚ ਰੋਣਕਾ ਪਰਤ ਆਈਆਂ ਹਨ।

ਇਸ ਮੌਕੇ ਡਾ.ਸੰਜੀਵ ਗੌਤਮ ਮੈਂਬਰ ਮੈਡੀਕਲ ਕੌਂਸਲ, ਬਲਵਿੰਦਰ ਕੌਰ ਬੈਂਸ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਬਚਿੱਤਰ ਸਿੰਘ ਬੈਂਸ, ਦੀਪਕ ਬਾਸ, ਚੇਅਰਮੈਨ ਰਾਕੇਸ਼ ਮਹਿਲਵਾ, ਦਲਜੀਤ ਸਿੰਘ ਕਾਕਾ ਨਾਨਗਰਾ, ਨਰਾਇਣ ਸ਼ਰਮਾ, ਆਸੂ ਬਾਸ ਅਤੇ ਕਾਲਜ ਦੇ ਪ੍ਰਿੰਸੀਪਲ ਤੇ ਸਟਾਫ ਹਾਜ਼ਰ ਸਨ।

# ਗੁਰਮਤਿ ਕਾਲਜ ਵਿਖੇ ਨਸ਼ਾ ਮੁਕਤੀ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ




**ਪਟਿਆਲਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਸੈਮੀਨਾਰ ਦਾ ਅਗਾਜ ਪ੍ਰਿੰਸੀਪਲ ਡਾ. ਜਸਬੀਰ ਕੌਰ ਨੇ ਇਹਨਾਂ ਵਿਸ਼ਿਆਂ ਦੇ ਮਹਿਰਾਂ ਨੂੰ ਜੀ ਆਇਆਂ ਕਹਿ ਕੇ ਕੀਤਾ। ਉਹਨਾਂ ਨੇ ਕਿਹਾ ਕਿ ਮਨੁੱਖਾ ਜੀਵਨ ਬੜਾ ਅਣਮੁਲਾ ਹੈ। ਇਸ ਲਈ ਸਾਡਾ ਜੀਵਨ ਨੂੰ ਹਰ ਪੱਖੋਂ ਸੁਰੱਖਿਅਤ ਕਰਨਾ ਫਰਜ ਹੈ। ਇਸ ਮੌਕੇ ਰੈਡ ਕਰਾਸ ਦੇ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਜੀ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆਂ ਦੇ ਨਿਯਮਾਂ ਅਤੇ ਕਾਨੂੰਨਾਂ ਸੰਬਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਰੋਜਾਨਾ ਭਾਰਤ ਵਿਚ ਚਾਰ ਸੌ ਤੋਂ ਪੰਜ ਸੌ ਜਾਨਾਂ ਸੜਕ ਦੁਰਘਟਨਾਵਾਂ ਵਿਚ ਚਲੀਆਂ ਜਾਂਦੀਆਂ ਹਨ। ਇਹਨਾਂ ਘਟਨਾਵਾਂ ਨੂੰ ਘਟਾਇਆ ਜਾ ਸਕਦਾ ਹੈ ਜੇ ਸਾਨੂੰ ਸੜਕ ਦੇ ਨਿਯਮਾਂ ਸੰਬਧੀ ਜਾਣਕਾਰੀ ਹੈ ਅਤੇ ਸੜਕ ਨਿਯਮਾਂ ਦੀ ਪਾਲਨਾ ਕਰਕੇ ਅਸੀਂ ਇਹਨਾਂ ਤੋਂ ਬਚ ਸਕਦੇ ਹਾਂ। ਇੰਸਪੈਕਟਰ ਕਰਮਜੀਤ ਕੌਰ ਨੇ ਇਸ ਮੌਕੇ ਆਪਣੇ ਭਾਸ਼ਣ ਵਿਚ ਸੜਕ ਸੁਰੱਖਿਆ ਨਾਲ ਸੰਬੰਧਿਤ ਕਾਨੂੰਨਾਂ ਬਾਰੇ ਬਾਰੀਕੀ ਨਾਲ ਦੱਸਿਆ ਅਤੇ ਨਾਲ ਹੀ ਉਹਨਾਂ ਨੇ ਸਾਈਬਰ ਫ੍ਰਾਡ ਸੰਬਧੀ ਵੀ ਜਾਗਰੂਕ ਕੀਤਾ ਅਤੇ ਦੱਸਿਆ ਕਿ ਜੇ ਅਜਿਹੀ ਸਥਿਤੀ ਵਿਚ ਫਸ ਜਾਂਦੇ ਹਾਂ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ। ਇਸ ਮੌਕੇ ਮੈਡਮ ਪਰਮਿੰਦਰ ਕੌਰ ਪ੍ਰੋਜੈਕਟ ਡਾਇਰੈਕਟਰ ਨਸ਼ਾ ਮੁਕਤੀ ਕੇਂਦਰ ਨੇ ਨਸ਼ੇ ਵਿਚ ਗ੍ਰਸਤ ਰੋਗੀਆਂ ਦੀ ਪਛਾਣ ਅਤੇ ਉਹਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਦੀਆਂ ਜੁਗਤਾਂ ਤੇ ਚਾਨਣਾ ਪਾਇਆ। ਉਹਨਾਂ ਨੇ ਇਸ ਮੌਕੇ ਨਸ਼ੇ ਦੇ ਰੋਗੀਆਂ ਨਾਲ ਵਿਹਾਰ ਬਾਰੇ ਦਸਦਿਆਂ ਕਿਹਾ ਕਿ ਸਾਨੂੰ ਅਜਿਹੇ ਰੋਗੀਆਂ ਨਾਲ ਨਫਰਤ ਨਹੀਂ ਕਰਨੀ ਚਾਹੀਦੀ ਸਗੋਂ ਪਿਆਰ ਨਾਲ ਉਹਨਾਂ ਦੀ ਕੌਂਸਲਿੰਗ ਕਰਕੇ ਸਹੀ ਰਸਤੇ ਤੇ ਲਿਆਉਣਾ ਚਾਹੀਦਾ ਹੈ। ਡਾ. ਅਸਪ੍ਰੀਤ ਕੌਰ ਨੇ ਕਿਹਾ ਕਿ ਬਚਿਆਂ ਨੂੰ ਅਜ ਦੇ ਸਮੇਂ ਸਾਈਬਰ ਫ੍ਰਾਡ ਤੋਂ ਵੀ ਸੁਚੇਤ ਰਹਿਣਾ ਚਾਹੀਦਾ ਹੈ। ਅਜ ਕਲ ਲੜਕੀਆਂ ਨੂੰ ਵਿਸ਼ੇਸ਼ ਕਰਕੇ ਸ਼ੋਸ਼ਲ ਮੀਡੀਏ ਦੀ ਵਰਤੋਂ ਸਮੇਂ ਸੁਚੇਤ ਰਹਿਣਾ ਚਾਹੀਦਾ ਹੈ। ਡਾ. ਹਰਜੀਤ ਸਿੰਘ ਨੇ ਇਸ ਮੌਕੇ ਕਿਹਾ ਕਿ ਮਨੁਖਾ ਜੀਵਨ ਨੂੰ ਬਚਾਉਣਾ ਸਭ ਤੋਂ ਵੱਡੀ ਸੇਵਾ ਹੈ, ਵਿਦਿਆਰਥੀਆਂ ਨੂੰ ਜਿਥੇ ਸੜਕ ਨਿਯਮਾਂ ਦੀ ਆਪ ਪਾਲਣਾ ਕਰਨੀ ਚਾਹੀਦੀ ਹੀ ਉਥੇ ਆਪਣੇ ਆਲੇ ਦੁਆਲੇ ਭੈਣ ਭਰਾਵਾਂ ਤੇ ਵਡੇਰਿਆਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ। ਇਸ ਮੌਕੇ ਗਿਆਨ ਜਯੋਤੀ ਸੰਸਥਾ ਵਲੋਂ ਉਪਕਾਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

ਇਸ ਸੈਮੀਨਾਰ ਵਿਚ ਡਾ. ਅਸਪ੍ਰੀਤ ਕੌਰ, ਡਾ ਹਰਜੀਤ ਸਿੰਘ, ਬੀਬੀ ਪ੍ਰਭਜੋਤ ਕੌਰ, ਸ. ਕੁਲਦੀਪ ਸਿੰਘ, ਸ. ਪਰਮਜੀਤ ਸਿੰਘ ਅਤੇ ਸਮੂਹ ਵਿਦਿਆਰਥੀਆਂ ਨੇ ਭਾਗ ਲਿਆ।

# ਕੇਂਦਰ ਵੱਲੋਂ 'ਪਛਵਾੜਾ ਖਾਣ' ਦਾ ਕੋਲਾ ਵਰਤਣ ਦੀ ਪ੍ਰਵਾਨਗੀ



**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਨੇ ਗੋਇੰਦਵਾਲ ਸਾਹਿਬ ਦੇ 'ਗੁਰੂ ਅਮਰਦਾਸ ਥਰਮਲ ਪਲਾਂਟ' ਲਈ ਪਛਵਾੜਾ ਖਾਣ ਦਾ ਕੋਲਾ ਵਰਤੇ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਤਾ ਲੱਗਾ ਹੈ ਕਿ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੇ ਦੋ ਰੈਕ ਗੋਇੰਦਵਾਲ ਥਰਮਲ ਵਿਚ ਪੁੱਜ ਵੀ ਗਏ ਹਨ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਜੀਵੀਕੇ ਕੰਪਨੀ ਤੋਂ 540 ਮੈਗਾਵਾਟ ਦਾ ਇਹ ਤਾਪ ਬਿਜਲੀ ਘਰ 1080 ਕਰੋੜ ਰੁਪਏ ਵਿਚ ਖ਼ਰੀਦਿਆ ਗਿਆ ਹੈ।

ਹੁਣ ਕੇਂਦਰੀ ਕੋਲਾ ਮੰਤਰਾਲੇ ਵੱਲੋਂ ਇਸ ਤਾਪ ਬਿਜਲੀ ਘਰ ਲਈ ਪਛਵਾੜਾ ਕੋਲਾ ਖਾਣ ਦਾ ਕੋਲਾ ਵਰਤਣ ਦੀ ਪ੍ਰਵਾਨਗੀ ਦਿੱਤੇ ਜਾਣ ਨਾਲ ਆਖ਼ਰੀ ਅੜਿੱਕਾ ਵੀ ਦੂਰ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 11 ਫਰਵਰੀ ਨੂੰ ਖਡੂਰ ਸਾਹਿਬ ਰੈਲੀ ਵਿਚ ਖ਼ਰੀਦ ਕੀਤੇ ਇਸ ਥਰਮਲ ਨੂੰ ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤਾ ਸੀ। ਵੇਰਵਿਆਂ ਅਨੁਸਾਰ ਪਾਵਰਕੌਮ ਨੂੰ ਪਛਵਾੜਾ ਕੋਲਾ ਖਾਣ 26 ਮਾਰਚ 2015 ਨੂੰ ਅਲਾਟ ਹੋਈ ਸੀ ਜਿਸ ਤੋਂ ਸਾਲਾਨਾ 70 ਲੱਖ ਮੀਟਰਿਕ ਟਨ ਕੋਲਾ ਮਿਲਣਾ ਹੈ। ਇਹ ਕੋਲਾ ਨਿਰੋਲ ਰੂਪ ਵਿਚ ਜਨਤਕ ਖੇਤਰ ਦੇ ਤਾਪ ਬਿਜਲੀ ਘਰਾਂ ਵਾਸਤੇ ਹੈ।

ਪਾਵਰਕੌਮ ਵੱਲੋਂ 45 ਲੱਖ ਟਨ ਕੋਲਾ ਲਹਿਰਾ ਮੁਹੱਬਤ ਅਤੇ ਰੋਪੜ ਦੇ ਤਾਪ ਬਿਜਲੀ ਘਰ ਵਿਚ ਵਰਤਿਆ ਜਾ ਰਿਹਾ ਸੀ। ਹੁਣ ਸਾਲਾਨਾ 25 ਲੱਖ ਟਨ ਕੋਲਾ ਨਵੇਂ ਗੋਇੰਦਵਾਲ ਥਰਮਲ ਪਲਾਂਟ ਵਿਚ ਵਰਤਿਆ ਜਾਵੇਗਾ। ਮਤਲਬ ਕਿ ਪਛਵਾੜਾ ਕੋਲਾ ਖਾਣ ਦਾ ਸਮੁੱਚਾ ਕੋਲਾ ਹੁਣ ਵਰਤੋਂ ਵਿਚ ਆਵੇਗਾ। ਪਾਵਰਕੌਮ ਵੱਲੋਂ ਇਸ ਸਾਲ 13 ਫਰਵਰੀ ਨੂੰ ਕੇਂਦਰੀ ਕੋਲਾ ਮੰਤਰਾਲੇ ਨੂੰ ਪੱਤਰ ਭੇਜ ਕੇ ਪਛਵਾੜਾ ਕੋਲਾ ਖਾਣ ਦਾ ਕੋਲਾ ਗੋਇੰਦਵਾਲ ਥਰਮਲ ਪਲਾਂਟ ਲਈ ਵਰਤੇ ਜਾਣ ਦੀ ਪ੍ਰਵਾਨਗੀ ਮੰਗੀ ਗਈ ਸੀ। ਇਸ ਮਹੀਨੇ ਦੀ 7 ਫਰਵਰੀ ਨੂੰ ਹੀ ਪਾਵਰਕੌਮ ਨੇ ਜੀਵੀਕੇ ਪਾਵਰ ਕੰਪਨੀ ਦੇ ਇਸ ਥਰਮਲ ਦਾ ਚਾਰਜ ਸੰਭਾਲਿਆ ਹੈ। ਪਛਵਾੜਾ ਕੋਲਾ ਖਾਣ ਕਾਫ਼ੀ ਸਮੇਂ ਤੋਂ ਬੰਦ ਪਈ ਸੀ ਜਿਸ ਨੂੰ 15 ਦਸੰਬਰ 2022 ਨੂੰ ਹੀ ਮੁੜ ਚਾਲੂ ਕੀਤਾ ਗਿਆ ਹੈ। ਗੋਇੰਦਵਾਲ ਥਰਮਲ ਪਲਾਂਟ ਦੀ ਖ਼ਰੀਦ ਨਾਲ ਹੁਣ ਪਾਵਰਕੌਮ ਨੂੰ ਸਾਲਾਨਾ ਕਰੀਬ 350 ਕਰੋੜ ਰੁਪਏ ਦੀ ਬੱਚਤ ਹੋਵੇਗੀ। ਬਿਜਲੀ ਮਾਹਿਰਾਂ ਅਨੁਸਾਰ ਪਛਵਾੜਾ ਕੋਲਾ ਖਾਣ ਦਾ ਕੋਲਾ ਗੁਣਵੱਤਾ ਵਾਲਾ ਹੈ ਜਿਸ 'ਚ ਸੁਆਹ ਘੱਟ ਹੈ ਅਤੇ ਘੱਟ ਕੋਲੇ ਨਾਲ ਵੱਧ ਬਿਜਲੀ ਬਣਦੀ ਹੈ।

ਇਸ ਕੋਲੇ ਦੀ ਕਲੈਰੋਫਿਕ ਵੈਲਿਊ ਕਰੀਬ 4300 ਤੋਂ ਜ਼ਿਆਦਾ ਹੈ। ਪਾਵਰਕੌਮ ਨੂੰ ਪਛਵਾੜਾ ਤੋਂ ਖ਼ੁਦਾਈ ਕਰਨ ਦੀ ਪ੍ਰਵਾਨਗੀ ਵਰ੍ਹਾ 2049 ਤੱਕ ਤੀਹ ਵਰ੍ਹਿਆਂ ਲਈ ਦਿੱਤੀ ਗਈ ਹੈ। ਪਹਿਲਾਂ ਮਾਰਚ 2015 ਤੱਕ ਪਛਵਾੜਾ ਕੋਲਾ ਖਾਣ ਦਾ ਕੋਲਾ ਪੰਜਾਬ ਨੂੰ ਮਿਲਦਾ ਰਿਹਾ ਹੈ।

ਪਹਿਲਾਂ ਗੋਇੰਦਵਾਲ ਥਰਮਲ ਪਲਾਂਟ ਦੇ ਅੱਗੇ ਵੱਡਾ ਅੜਿੱਕਾ ਕੋਲੇ ਦੀ ਸਪਲਾਈ ਦਾ ਰਿਹਾ ਹੈ। ਹੁਣ ਜਦੋਂ ਇਹ ਥਰਮਲ ਪਾਵਰਕੌਮ ਨੇ ਖ਼ਰੀਦ ਲਿਆ ਹੈ ਤਾਂ ਕੋਲਾ ਸਪਲਾਈ ਲਈ ਸਭ ਰਸਤੇ ਸਾਫ਼ ਹੋ ਗਏ ਹਨ।

ਸੁਪਰੀਮ ਕੋਰਟ ਨੇ ਦੂਸਰੇ ਬਲਾਕਾਂ ਨਾਲ ਪਛਵਾੜਾ ਕੋਲਾ ਖਾਣ ਦੀ ਅਲਾਟਮੈਂਟ 24 ਸਤੰਬਰ 2014 ਨੂੰ ਰੱਦ ਕਰ ਦਿੱਤੀ ਸੀ। ਮਾਮਲਾ ਸੁਪਰੀਮ ਕੋਰਟ ਵਿਚ ਚਲਾ ਗਿਆ ਸੀ ਅਤੇ ਆਖ਼ਰ ਫ਼ੈਸਲਾ ਪਾਵਰਕੌਮ ਦੇ ਪੱਖ ਵਿਚ ਆ ਗਿਆ।

# ਸਰਕਾਰ ਨੇ ਜਾਣ-ਬੁੱਝ ਕੇ ਕਮਜ਼ੋਰ ਕੇਸ ਦਰਜ ਕੀਤਾ: ਬਾਜਵਾ



**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੇ ਜਾਣ ਮਗਰੋਂ ਹੀ ਪੰਜਾਬ ਸਰਕਾਰ ਨੇ ਸ਼ੁਭਕਰਨ ਦੇ ਕਤਲ ਦੀ ਕਮਜ਼ੋਰ ਐਫਆਈਆਰ ਦਰਜ ਕਰਵਾਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਪਟੀਸ਼ਨ 'ਤੇ ਕਾਰਵਾਈ ਦੇ ਡਰੋਂ ਭਗਵੰਤ ਮਾਨ ਨੇ ਪਾਤੜਾਂ ਥਾਣੇ 'ਚ ਅਣਪਛਾਤਿਆਂ ਖ਼ਿਲਾਫ਼ ਐੱਫਆਈਆਰ ਦਰਜ ਕਰਵਾਈ, ਜਿਸ 'ਚ ਜ਼ਿਕਰ ਕੀਤਾ ਗਿਆ ਹੈ ਕਿ ਜੇ ਸ਼ੁਭਕਰਨ ਦਾ ਕਤਲ ਇਸ ਥਾਣੇ (ਪਾਤੜਾਂ) ਦੀ ਹੱਦ ਤੋਂ ਬਾਹਰ ਹੋਇਆ ਹੈ ਤਾਂ ਇਸ ਨੂੰ ਹਰਿਆਣਾ ਦੇ ਜੀਂਦ ਜ਼ਿਲ੍ਹੇ ਦੇ ਗੜ੍ਹੀ ਥਾਣੇ ਭੇਜਿਆ ਜਾ ਸਕਦਾ ਹੈ। ਇਸ ਨੇ ਸਾਬਿਤ ਕਰ ਦਿੱਤਾ ਹੈ ਕਿ 'ਆਪ' ਸਰਕਾਰ ਨੇ ਇਹ ਐਫਆਈਆਰ ਗਲਤ ਇਰਾਦੇ ਨਾਲ ਦਰਜ ਕੀਤੀ ਹੈ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 5 ਮਾਰਚ ਨੂੰ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਕਰਨਗੀਆ : ਭੈਲ

**ਤਰਨਤਾਰਨ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸੂਬੇ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਨੂੰ ਲੈ ਕੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ 5 ਮਾਰਚ ਨੂੰ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ।ਇਹ ਜਾਣਕਾਰੀ ਯੂਨੀਅਨ ਦੀ ਜ਼ਿਲਾ/ਬਲਾਕ ਪ੍ਰਧਾਨਨੇ ਦਿੱਤੀ। ਉਹਨਾਂ ਕਿਹਾ ਕਿ ਸਬੰਧਿਤ ਮਹਿਕਮੇ ਵੱਲੋਂ ਵਾਰ ਵਾਰ ਜਥੇਬੰਦੀ ਦੀਆਂ ਆਗੂਆਂ ਨਾਲ ਮੀਟਿੰਗਾਂ ਕਰਕੇ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ । ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਗੁੱਸੇ ਦੀ ਲਹਿਰ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਫੈਸਲਾ ਹੈ ਕਿ ਤਿੰਨ ਸਾਲ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕੀਤਾ ਜਾਵੇਗਾ ਅਤੇ ਇਹ ਬੱਚੇ ਸਕੂਲਾਂ ਵਿੱਚ ਦਾਖਲ ਕੀਤੇ ਜਾ ਰਹੇ ਹਨ। ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ । ਕਿਉਂਕਿ ਪੰਜਾਬ ਸਰਕਾਰ ਆਂਗਣਵਾੜੀ ਸੈਂਟਰਾਂ ਦੇ ਬੱਚੇ ਖੋਹ ਰਹੀ ਹੈ । ਉਹਨਾਂ ਮੰਗ ਕੀਤੀ ਕਿ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਅਤੇ ਹੈਲਪਰਾਂ ਨੂੰ ਬਣਦਾ ਗਰੇਡ ਦਿੱਤਾ ਜਾਵੇ । ਉਹਨਾਂ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਨਾਲ ਧੋਖਾ ਕਰ ਰਹੀ ਹੈ ਤੇ ਉਹਨਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਨਹੀਂ ਦਿੱਤਾ ਜਾ ਰਿਹਾ । ਕੇਂਦਰ ਸਰਕਾਰ ਨੇ 18 ਹਜ਼ਾਰ ਪ੍ਰੀ ਨਰਸਰੀ ਟੀਚਰ ਦੀਆਂ ਪੋਸਟਾਂ ਤੇ ਆਂਗਣਵਾੜੀ ਵਰਕਰਾਂ ਤੇ ਲਗਾਉਣ ਲਈ ਕਿਹਾ ਹੈ । ਜਿੰਨਾਂ ਵਿਚੋਂ 8393 ਪੋਸਟਾਂ ਪਹਿਲਾਂ ਆ ਚੁੱਕੀਆਂ ਹਨ । ਪਰ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਫੈਸਲੇ ਨੂੰ ਨਹੀਂ ਮੰਨ ਰਹੀ ਤੇ ਆਪਣੀਆਂ ਮਨਮਰਜ਼ੀਆਂ ਕਰ ਰਹੀ ਹੈ । ਉਹਨਾਂ ਕਿਹਾ ਕਿ ਕਿਹਾ ਤਾਂ ਇਹ ਗਿਆ ਹੈ ਕਿ ਆਂਗਣਵਾੜੀ ਵਰਕਰਾਂ ਨੂੰ ਐਨ ਟੀ ਟੀ ਦਾ ਕੋਰਸ ਕਰਵਾ ਕੇ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਪਰ ਪੰਜਾਬ ਸਰਕਾਰ ਉਲਟਾ ਆਂਗਣਵਾੜੀ ਸੈਂਟਰਾਂ ਦੇ ਬੱਚੇ ਵੀ ਖੋਹ ਰਹੀ ਹੈ ਤੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰ ਰਹੀ ਹੈ। ਜਦੋਂ ਕਿ ਦੂਜੇ ਰਾਜਾਂ ਵਿੱਚ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

# ਅਣਪਛਾਤਿਆਂ 'ਤੇ ਕੇਸ ਦਰਜ ਕਰਕੇ ਧੋਖਾ ਕੀਤਾ: ਮਜੀਠੀਆ

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਇਥੇ ਕਿਹਾ ਕਿ ਪੰਜਾਬ ਸਰਕਾਰ ਨੇ ਸ਼ੁਭਕਰਨ ਸਿੰਘ ਦੇ ਕਤਲ ਮਾਮਲੇ 'ਚ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਕੇ ਕਿਸਾਨਾਂ ਨਾਲ ਧੋਖਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸ਼ੁਭਕਰਨ ਦੀ ਮੌਤ ਸਬੰਧੀ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਸੀ ਪਰ ਸੂਬਾ ਸਰਕਾਰ ਨੇ ਜਾਣ ਬੁੱਝ ਕੇ ਇੱਕ ਕਮਜ਼ੋਰ ਕੇਸ ਦਰਜ ਕਰਾਇਆ ਹੈ ਜੋ ਅਦਾਲਤ 'ਚ ਮੂਧੇ ਮੂੰਹ ਡਿੱਗੇਗਾ।

ਉਨ੍ਹਾਂ ਕਿਹਾ ਕਿ ਸ਼ੁਭਕਰਨ ਦੀ ਹੱਤਿਆ ਦੇ ਮਾਮਲੇ ਵਿੱਚ ਪੰਜਾਬ ਪੁਲੀਸ ਨੇ ਹਰਿਆਣਾ ਦੇ ਮੁੱਖ ਮੰਤਰੀ ਜਾਂ ਗ੍ਰਹਿ ਮੰਤਰੀ ਵਿਰੁੱਧ ਕੇਸ ਦਰਜ ਕਿਉਂ ਨਹੀਂ ਕਰਵਾਇਆ।

# ਮਾਰਕੰਡਾ ਨੇੜੇ ਕੌਮੀ ਮਾਰਗ-44 'ਤੇ ਆਵਾਜਾਈ ਸ਼ੁਰ

**ਸ਼ਾਹਬਾਦ ਮਾਰਕੰਡਾ,4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਕਿਸਾਨ ਅੰਦੋਲਨ ਦੇ ਚੱਲਦਿਆਂ ਕੌਮੀ ਮਾਰਗ-44 'ਤੇ ਮਾਰਕੰਡਾ ਪੁਲ ਨੇੜੇ ਬਣਾਏ ਗਏ ਕੰਕਰੀਟ ਦੇ ਬੈਰੀਕੇਡਾਂ ਨੂੰ ਲੋਕਾਂ ਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਹਟਾ ਦਿੱਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਕੁਝ ਰਾਹਤ ਮਿਲੀ ਹੈ। ਉਥੇ ਹੀ ਜੋ ਵਾਹਨ ਅੰਬਾਲਾ ਤੋਂ ਸ਼ਾਹਬਾਦ ਆ ਰਹੇ ਹਨ, ਉਨ੍ਹਾਂ ਨੂੰ ਸਾਹਾ ਪੁਲ ਰਾਹੀਂ ਸ਼ਾਹਬਾਦ-ਬਰਾੜਾ ਫਲਾਈਓਵਰ ਦੇ ਥੱਲਿਓਂ ਕੱਢਿਆ ਜਾ ਰਿਹਾ ਹੈ। ਸਿੰਗਲ ਸੜਕ ਹੋਣ ਕਾਰਨ ਸਾਹਾ ਤੇ ਅੰਬਾਲਾ ਵੱਲੋਂ ਆਉਣ ਵਾਲੇ ਟਰੈਫਿਕ ਨੂੰ ਕੱਢਣ ਲਈ ਜਾਮ ਦੀ ਸਥਿਤੀ ਬਣੀ ਹੋਈ ਹੈ। ਟਰੈਫਿਕ ਪੁਲੀਸ ਆਵਾਜਾਈ ਨੂੰ ਸੁਚਾਰੂ ਚਲਾਉਣ ਲਈ ਸਾਹਾ ਤੇ ਅੰਬਾਲਾ ਦੇ ਪਾਸਿਉਂ ਆਉਣ ਵਾਲੇ ਵਾਹਨਾਂ ਨੂੰ ਪਿਪਲੀ-ਅੰਬਾਲਾ, ਸਾਹਾ ਤੇ ਬਰਾੜਾ ਜਾਣ ਲਈ ਕੁਝ ਦੇਰ ਇਕ ਪਾਸੇ ਦੀ ਆਵਾਜਾਈ ਰੋਕ ਦਿੰਦੇ ਹਨ ਪਰ ਇੰਨੀ ਦੇਰ ਵਿਚ ਦੂਜੇ ਪਾਸੇ ਜਾਮ ਲੱਗ ਜਾਂਦਾ ਹੈ। ਇਸ ਸਭ ਦੇ ਵਿਚਕਾਰ ਪੁਲੀਸ ਮੁਲਾਜ਼ਮਾਂ ਨੂੰ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ।

ਹਾਲਾਂਕਿ ਬਦਲਵੇਂ ਰਸਤਿਆਂ 'ਤੇ ਆਵਾਜਾਈ ਨਾ ਦੇ ਬਰਾਬਰ ਹੈ ਪਰ ਦਿਆਲ ਨਗਰ ਅੰਡਰ ਰੇਲਵੇ ਪਾਸ 'ਤੇ ਵੀ ਜਾਮ ਦੀ ਸਥਿਤੀ ਬਣੀ ਰਹਿੰਦੀ ਹੈ। ਜ਼ਿਕਰਯੋਗ ਹੈ ਕਿ ਦਿਆਲ ਨਗਰ ਮਦਨ ਪੁਰ ਰੋਡ 'ਤੇ ਲਗਭਗ 30 ਪਿੰਡ ਸਥਿਤ ਹਨ, ਜਿਨ੍ਹਾਂ ਨੂੰ ਸ਼ਹਿਰ ਆਉਣਾ-ਜਾਣਾ ਪੈਂਦਾ ਹੈ। ਇਨ੍ਹਾਂ ਕਾਰਨ ਵੀ ਜਾਮ ਦੀ ਸਥਿਤੀ ਬਣੀ ਰਹਿੰਦੀ ਹੈ। ਹੁਣ ਸਾਰਿਆਂ ਦੀ ਨਜ਼ਰ ਕਿਸਾਨਾਂ ਦੀ ਰਣਨੀਤੀ 'ਤੇ ਟਿਕੀ ਹੋਈ ਹੈ ਕਿ ਹੁਣ ਉਹ ਅੰਦੋਲਨ ਖਤਮ ਕਰਦੇ ਹਨ ਜਾਂ ਫਿਰ ਮੁੜ ਤੋਂ ਦਿੱਲੀ ਕੂਚ ਕਰਨ ਦੀ ਕੋਸ਼ਿਸ਼ ਕਰਨਗੇ।

# ਬੇਕਾਬੂ ਟਰੱਕ ਨੇ ਤਿੰਨ ਜਣਿਆਂ ਦੀ ਲਈ ਜਾਨ

**ਯਮੁਨਾਨਗਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਤਾਜ ਫਾਰਮ ਪਿੰਡ ਬਲਾਚੌਰ ਕੋਲ ਕੌਮੀ ਮਾਰਗ 'ਤੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਬੇਕਾਬੂ ਹੋਏ ਟਰੱਕ ਨੇ ਤਿੰਨ ਜਾਨਾਂ ਲੈ ਲਈਆਂ। ਪੁਲੀਸ ਨੇ ਟਰੱਕ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਮਨੀਸ਼ ਕੁਮਾਰ ਵਾਸੀ ਝੰਡਾ ਚੌਕ ਜਗਾਧਰੀ ਨੇ ਦੱਸਿਆ ਕਿ ਉਹ ਫੋਟੋਗ੍ਰਾਫਰ ਦਾ ਕੰਮ ਕਰਦਾ ਹੈ। ਲੰਘੀ ਰਾਤ ਤਾਜ ਫਾਰਮ ਪੈਲੇਸ 'ਚ ਇੱਕ ਵਿਆਹ ਸਮਾਗਮ ਲਈ ਉਹ ਆਪਣੇ ਦੋਸਤਾਂ ਕਰਨ ਵਾਸੀ ਗੁਲਾਬ ਨਗਰ ਅਤੇ ਸ਼ਿਵ ਪੂਜਨ ਵਾਸੀ ਦੁਧਲਾ ਮੰਡੀ, ਅੰਬਾਲਾ ਨਾਲ ਫੋਟੋਗ੍ਰਾਫੀ ਕਰਨ ਲਈ ਆਇਆ ਸੀ।

ਬਰਾਤ ਆਉਣ ਤੋਂ ਬਾਅਦ ਰਾਤ ਕਰੀਬ 8.30 ਵਜੇ ਤਿੰਨੇ ਫੋਟੋਗ੍ਰਾਫਰ ਪੈਲੇਸ ਦੇ ਬਾਹਰ ਸੜਕ ਕਿਨਾਰੇ ਵੀਡੀਓ ਬਣਾ ਰਹੇ ਸਨ ਜਦੋਂਕਿ ਕਾਂਸਾਪੁਰ ਦਾ ਰਹਿਣ ਵਾਲਾ ਅਰੁਣ ਕੁਮਾਰ, ਜੋ ਵਿਆਹ ਵਿੱਚ ਪਟਾਕੇ ਚਲਾਉਣ ਆਇਆ ਸੀ, ਉਹ ਵੀ ਉਨ੍ਹਾਂ ਦੇ ਕੋਲ ਹੀ ਖੜ੍ਹਾ ਸੀ। ਉਸੇ ਵੇਲੇ ਛਛਰੌਲੀ ਵਾਲੇ ਪਾਸਿਓਂ ਤੇਜ਼ ਰਫ਼ਤਾਰ ਇੱਕ ਟਰੱਕ ਆਇਆ। ਦੋਸ਼ ਹੈ ਕਿ ਡਰਾਈਵਰ ਨੇ ਲਾਪ੍ਰਵਾਹੀ ਨਾਲ ਟਰੱਕ ਚਲਾਉਂਦੇ ਹੋਏ ਤਾਜ ਫਾਰਮ ਨੇੜੇ ਸਾਹਮਣੇ ਤੋਂ ਆ ਰਹੇ ਟਰਾਲੇ ਨੂੰ ਟੱਕਰ ਮਾਰ ਦਿੱਤੀ, ਜਿਸ ਤੋਂ ਬਾਅਦ ਟਰੱਕ ਬੇਕਾਬੂ ਹੋ ਗਿਆ ਤੇ ਤੇਜ਼ ਰਫ਼ਤਾਰ ਨਾਲ ਉਸ ਦੇ ਸਾਥੀ ਕਰਨ, ਸ਼ਿਵ ਪੂਜਨ ਅਤੇ ਪਟਾਕੇ ਚਲਾ ਰਹੇ ਅਰੁਣ ਕੁਮਾਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਹਾਦਸੇ 'ਚ ਤਿੰਨੋਂ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਵਿਆਹ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਅਤੇ ਆਸ-ਪਾਸ ਦੇ ਰਾਹਗੀਰਾਂ ਦੀ ਭੀੜ ਲੱਗ ਗਈ। ਲੋਕਾਂ ਨੇ ਦੋਸ਼ੀ ਟਰੱਕ ਡਰਾਈਵਰ ਨੂੰ ਕਾਬੂ ਕਰ ਲਿਆ।ਮੁਲਜ਼ਮ ਦੀ ਪਛਾਣ ਸਰਵਜੀਤ ਉਰਫ਼ ਸੋਨੂੰ ਵਾਸੀ ਪਿੰਡ ਖਾਰਵਨ ਵਜੋਂ ਹੋਈ ਹੈ। ਹਾਦਸੇ ਦੀ ਸੂਚਨਾ ਮਿਲਣ 'ਤੇ ਛਛਰੌਲੀ ਥਾਣੇ ਦੀ ਟੀਮ ਮੌਕੇ 'ਤੇ ਪਹੁੰਚੀ, ਜਿਨ੍ਹਾਂ ਨੇ ਤਿੰਨਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਯਮੁਨਾਨਗਰ ਪਹੁੰਚਾਇਆ।

# ਆਰੀਆ ਕੰਨਿਆ ਕਾਲਜ 'ਚ ਖੇਡਾਂ ਦਾ ਆਗਾਜ਼

**ਸ਼ਾਹਬਾਦ ਮਾਰਕੰਡਾ,4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਆਰੀਆ ਕੰਨਿਆ ਕਾਲਜ ਵਿੱਚ ਅੱਜ ਸਾਲਾਨਾ ਖੇਡਾਂ ਦਾ ਆਗਾਜ਼ ਹੋ ਗਿਆ ਹੈ, ਜਿਸ ਵਿਚ ਸ਼ਾਹਬਾਦ ਸਹਿਕਾਰੀ ਖੰਡ ਮਿੱਲ ਦੇ ਐੱਮਡੀ ਰਾਜੀਵ ਪ੍ਰਸਾਦਿ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਕਾਲਜ ਦੀ ਪ੍ਰਿੰਸੀਪਲ ਡਾ. ਆਰਤੀ ਤਰੇਹਨ ਨੇ ਮੁੱਖ ਮਹਿਮਾਨ ਤੇ ਕਮੇਟੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥਣਾਂ ਨੂੰ ਖੇਡਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਮੁੱਖ ਮਹਿਮਾਨ ਤੇ ਮੈਨੇਜਿੰਗ ਕਮੇਟੀ ਨੇ ਝੰਡਾ ਲਹਿਰਾ ਕੇ ਮਾਰਚ ਪਾਸਟ ਦੀ ਸਲਾਮੀ ਲਈ ਤੇ ਖੇਡਾਂ ਦੀ ਸ਼ੁਰੂਆਤ ਕਰਵਾਈ। ਫੁਟਬਾਲ ਟੀਮ ਦੀ ਕੈਪਟਨ ਰੇਨੂੰ ਨੇ ਸਾਰੇ ਖਿਡਾਰੀਆਂ ਨੂੰ ਖੇਡ ਮੁਕਾਬਲਿਆਂ ਦੌਰਾਨ ਅਨੁਸ਼ਾਸਨ 'ਚ ਰਹਿ ਕੇ ਖੇਡਣ ਦੀ ਸਹੁੰ ਚੁਕਾਈ। ਸਮਾਗਮ 'ਚ ਅਧਿਆਪਕਾਂ ਤੇ ਨਾਨ ਟੀਚਿੰਗ ਸਟਾਫ ਦੇ ਮੁਕਾਬਲੇ ਵੀ ਹੋਏ। ਇਨ੍ਹਾਂ ਖੇਡਾਂ ਵਿਚ 193 ਵਿਦਿਆਰਥਣਾਂ ਨੇ ਹਿੱਸਾ ਲਿਆ। ਖੇਡਾਂ ਦੇ ਨਤੀਜਿਆਂ ਅਨੁਸਾਰ 800 ਮੀਟਰ ਦੀ ਦੌੜ ਵਿਚ ਮੀਨੂੰ ਨੇ ਪਹਿਲਾ, ਪੂਜਾ ਨੇ ਦੂਜਾ ਤੇ ਕਾਜਲ ਦੇਵੀ ਨੇ ਤੀਜਾ, 400 ਮੀਟਰ ਦੌੜ 'ਚ ਮੀਨੂੰ ਨੇ ਪਹਿਲਾ, ਪਿੰਕੀ ਨੇ ਦੂਜਾ, ਕਾਜਲ ਨੇ ਤੀਜਾ, 200 ਮੀਟਰ 'ਚ ਸਪਨਾ ਨੇ ਪਹਿਲਾ, ਕਾਜਲ ਦੇਵੀ ਨੇ ਦੂਜਾ ਰੇਣੂੰ ਨੇ ਤੀਜਾ, 100 ਮੀਟਰ 'ਚ ਸਪਨਾ ਨੇ ਪਹਿਲਾ, ਮੁਸਕਾਨ ਦੇਵੀ ਨੇ ਦੂਜਾ, ਕਾਜਲ ਨੇ ਤੀਜਾ, ਲੰਮੀ ਛਾਲ ਵਿਚ ਮੁਸਕਾਨ ਦੇਵੀ ਨੇ ਪਹਿਲਾ, ਸਪਨਾ ਨੇ ਦੂਜਾ, ਕਾਜਲ ਨੇ ਤੀਜਾ, ਸ਼ਾਟ ਪੁੱਟ 'ਚ ਮੁਸਕਾਨ ਨੇ ਪਹਿਲਾ, ਨੇਹਾ ਨੇ ਦੂਜਾ, ਪਿੰਕੀ ਨੇ ਤੀਜਾ, 400 ਮੀਟਰ ਦੀ ਰਿਲੇਅ ਦੌੜ 'ਚ ਰੇਣੂੰ, ਮੀਨੂੰ, ਸ਼ਵੇਤਾ ਮਹਿਕ ਨੇ ਪਹਿਲਾ, ਮੁਸਕਾਨ, ਪਿੰਕੀ, ਸਪਨਾ ਤੇ ਗੁਰਪ੍ਰੀਤ ਨੇ ਦੂਜਾ, ਮੁਸਕਾਨ, ਪ੍ਰਿੰਸੀ, ਮਹਿਕ ਤੇ ਹਿਮਾਸ਼ੀ ਨੇ ਤੀਜਾ, ਨਿੰਬੂ ਦੌੜ ਵਿਚ ਮੁਸਕਾਨ ਨੇ ਪਹਿਲਾ, ਮਹਿਕ ਨੇ ਦੂਜਾ, ਆਰਤੀ ਨੇ ਤੀਜਾ, ਚਾਟੀ ਦੌੜ ਵਿਚ ਮਨੀਸ਼ਾ ਨੇ ਪਹਿਲਾ, ਸਿਯਾ ਨੇ ਦੂਜਾ, ਮੁਨੀਸ਼ਾ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਮਿਊਜ਼ੀਕਲ ਚੇਅਰ ਅਧਿਆਪਕ ਵਰਗ ਵਿਚ ਰਿਤੂ ਮਿੱਤਲ ਨੇ ਪਹਿਲਾ, ਸੰਤੋਸ਼ ਨੇ ਦੂਜਾ, ਡਾ. ਮੁਮਤਾਜ ਨੇ ਤੀਜਾ, 80 ਮੀਟਰ ਦੀ ਅਧਿਆਪਕ ਵਰਗ ਦੀ ਦੌੜ ਵਿਚ ਸਵਾਤੀ ਨੇ ਪਹਿਲਾ, ਸ਼ਿਵਾਨੀ ਸ਼ਰਮਾ ਨੇ ਦੂਜਾ ਤੇ ਨਮਰਤਾ ਸ਼ਰਮਾ ਨੇ ਤੀਜਾ ਸਥਾਨ ਹਾਸਲ ਕੀਤਾ।

# ਵਿਦਿਆਰਥੀਆਂ ਦੇ ਅੰਗਰੇਜ਼ੀ ਭਾਸ਼ਾ ਸਬੰਧੀ ਮੁਕਾਬਲੇ ਕਰਵਾਏ




**ਸ਼ਾਹਬਾਦ ਮਾਰਕੰਡਾ,4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਤਾ ਰੁਕਮਣੀ ਰਾਇ ਆਰੀਆ ਸੀਨੀਅਰ ਸੈਕੰਡਰੀ ਸਕੂਲ ਖਰੀਂਡਵਾ ਵਿੱਚ ਅੰਗਰੇਜ਼ੀ ਭਾਸ਼ਾ ਸਬੰਧੀ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੂੰ ਚਾਰ ਟੀਮਾਂ ਵਿਚ ਵੰਡਿਆ ਗਿਆ। ਇਸ ਵਿਚ ਤਿੰਨ ਰਾਊਂਡ ਸ਼ਾਮਲ ਸਨ। ਸਾਰੇ ਮੁਕਾਬਲੇ ਬੜੇ ਰੌਚਕ ਤੇ ਗਿਆਨ ਭਰਪੂਰ ਸਨ। ਇਸ ਮੌਕੇ ਹਰਮਨ, ਗਗਨਦੀਪ, ਹਰਸ਼ਦੀਪ, ਮੰਨਤ, ਉਦਿੱਤ ਤੇ ਧਰੂਅ ਜੇਤੂ ਰਹੇ। ਸਕੂਲ ਦੀ ਪ੍ਰਿੰਸੀਪਲ ਬੀਬਨਦੀਪ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਪ੍ਰਤੀਯੋਗਤਾਵਾਂ ਨਾਲ ਬੱਚਿਆਂ ਦੀ ਪ੍ਰਤਿਭਾ ਵਿਚ ਨਿਖਾਰ ਆਉਂਦਾ ਹੈ। ਉਨ੍ਹਾਂ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਤੇ ਅਜਿਹੀਆਂ ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਆ। ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਆ ਗਿਆ। ਇਸ ਮੌਕੇ ਸਕੂਲ ਦੀ ਮੀਤ ਪ੍ਰਿੰਸੀਪਲ ਮੋਨਿਕਾ ਅਨੰਦ, ਨਿਧੀ ਗੁਪਤਾ, ਸੀਮਾ ਕੌਸ਼ਿਕ, ਮਨਦੀਪ ਕੌਰ, ਗੀਤੂ, ਕਾਜਲ ਸੈਣੀ ਆਦਿ ਹਾਜ਼ਰ ਸਨ।


# ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਤਰਨ ਤਾਰਨ, ਵੱਲੋਂ ਸੈਂਟਰਲ ਜੇਲ ਗੋਇੰਦਵਾਲ ਸਾਹਿਬ ਦਾ ਕੀਤਾ ਗਿਆ ਅਚਨਚੇਤ ਦੌਰਾ

**ਤਰਨਤਾਰਨ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀਮਤੀ ਪ੍ਰਿਆ ਸੂਦ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਮੈਡਮ ਪ੍ਰਤਿਮਾ ਅਰੋੜਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਸ਼੍ਰੀ ਪੰਕਜ ਵਰਮਾ, ਸਿਵਲ ਜੱਜ ਜੂਨੀਅਰ ਡੀਵੀਜ਼ਨ, ਤਰਨ ਤਾਰਨ ਅਤੇ ਸ਼੍ਰੀਮਤੀ ਸ਼ਿਲਪਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਤਰਨ ਤਾਰਨ ਦੇ ਸਹਿਯੋਗ ਨਾਲ ਸੈਂਟਰਲ ਜੇਲ ਗੋਇੰਦਵਾਲ ਸਾਹਿਬ ਵਿਖੇ ਦੌਰਾ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀ ਹਰਜੋਤ ਸਿੰਘ ਕਲੇਰ, ਵਧੀਕ ਸੁਪਰਡੈਂਟ, ਸ਼੍ਰੀ ਰਾਹੁਲ ਰਾਜਾ, ਵਧੀਕ ਸੁਪਰਡੈਂਟ, ਸੈਂਟਰਲ ਜੇਲ ਗੋਇੰਦਵਾਲ ਸਾਹਿਬ, ਸੁਖਪਾਲ ਸਿੰਘ ਸਕਿਉਰਟੀ ਇੰਚਾਰਜ, ਸੈਂਟਰਲ ਜੇਲ੍ਹ ਗੋਇੰਦਵਾਲ ਸਾਹਿਬ ਅਤੇ ਉੱਥੋਂ ਦਾ ਸਟਾਫ ਹਾਜ਼ਰ ਸਨ। ਜੱਜ ਸਾਹਿਬ ਨੇ ਇਸ ਮੌਕੇ ਤੇ ਬੰਦ ਹਵਾਲਾਤੀ ਅਤੇ ਕੈਦੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਮੌਕੇ ਤੇ ਹੀ ਜੇਲ੍ਹ ਦੇ ਸੁਪਰਡੈਂਟ ਨੂੰ ਉਨ੍ਹਾਂ ਦੀਆਂ ਮਸ਼ਕਲਾਂ ਹੱਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ। ਜੱਜ ਸਾਹਿਬ ਵੱਲੋਂ ਜੇਲ੍ਹ ਵਿੱਚ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਬੈਰਿਕਾਂ ਵਿੱਚ ਜਾ ਕੇ ਉਨ੍ਹਾਂ ਦੇ ਰਹਿਣ-ਸਹਿਣ ਦੀ ਸਾਫ-ਸਫਾਈ ਦੀ ਜਾਂਚ ਕੀਤੀ ਅਤੇ ਜੇਲ੍ਹ ਦੀ ਮੈਸ (ਰਸੋਈ) ਚੈਕ ਕੀਤੀ ਅਤੇ ਉਥੋਂ ਦੀ ਸਾਫ-ਸਫਾਈ ਦਾ ਵੀ ਨਿਰੀਖਣ ਕੀਤਾ। ਜੱਜ ਸਾਹਿਬ ਜੀ ਨੇ ਜੇਲ੍ਹ ਸੁਪਰਡੈਂਟ ਨੂੰ ਨਿਰਦੇਸ਼ ਦਿੱਤੇ ਕਿ ਜੇਲ੍ਹ ਨੂੰ ਸਮੇਂ-ਸਮੇਂ ਤੇ ਸੈਨੀਟਾਈਜ਼ ਕੀਤਾ ਜਾਵੇ ਅਤੇ ਹਵਾਲਾਤੀਆਂ ਅਤੇ ਕੈਦੀਆਂ ਦੀ ਨਿਯਮਿਤ ਮੈਡੀਕਲ ਜਾਂਚ ਹੁੰਦੀ ਰਹੇ। ਜੱਜ ਸਾਹਿਬ ਵੱਲੋਂ ਮੌਜੂਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਉਹ ਆਪਣੀ ਅਪੀਲ ਕਦੋਂ ਅਤੇ ਕਿਸ ਪੀਰੀਅਡ ਦੇ ਦੌਰਾਨ ਲਗਾ ਸਕਦੇ ਹਨ।

ਇਸ ਮੌਕੇ ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਹਵਾਲਾਤੀਆਂ ਅਤੇ ਕੈਦੀਆਂ ਨੂੰ ਲੋਅਰ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਵਕੀਲ ਮੁਫਤ ਦਿੱਤੇ ਜਾਂਦੇ ਹਨ।

# ਥਾਨੇਸਰ ਦੇ ਨੌਜਵਾਨਾਂ ਨੇ ਕਾਂਗਰਸ ਦਾ ਹੱਥ ਫੜਿਆ



**ਸ਼ਾਹਬਾਦ ਮਾਰਕੰਡਾ,4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਬੀਸੀ ਸੈੱਲ ਦੇ ਸੂਬਾ ਕਨਵੀਨਰ ਪ੍ਰਵੀਨ ਕਸ਼ਯਪ ਦੇ ਯਤਨਾਂ ਸਦਕਾ ਬੀਤੇ ਦਿਨ ਥਾਨੇਸਰ ਵਿਧਾਨ ਸਭਾ ਹਲਕੇ ਦੇ ਸੈਂਕੜੇ ਨੌਜਵਾਨਾਂ ਨੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਹ ਨੌਜਵਾਨ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਕਾਂਗਰਸ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਕਾਫਲੇ ਦੇ ਰੂਪ ਵਿਚ ਸਾਬਕਾ ਮੰਤਰੀ ਅਸ਼ੋਕ ਅਰੋੜਾ ਦੀ ਰਿਹਾਇਸ਼ 'ਤੇ ਪੁੱਜੇ। ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ 'ਚ ਮੁੱਖ ਤੌਰ 'ਤੇ ਵਿਕਾਸ ਗਿੱਲ, ਪ੍ਰਵੇਸ਼ ਗੁੱਜਰ, ਵਿਜੈ, ਕ੍ਰਿਸ਼ਨ, ਮਾਂਗੇ ਰਾਮ ਕਸ਼ਯਪ ,ਸ਼ਿਨੂੰ, ਹਰਸ਼, ਰੋਹਿਤ ਕਸ਼ਯਪ ਤੇ ਹੋਰ ਵੱਡੀ ਗਿਣਤੀ ਨੌਜਵਾਨ ਸਨ। ਕਾਂਗਰਸੀ ਆਗੂ ਅਰੋੜਾ ਨੇ ਇਨ੍ਹਾਂ ਸਾਰਿਆਂ ਨੂੰ ਪਾਰਟੀ ਦਾ ਪਟਕਾ ਪਹਿਨਾ ਕੇ ਸ਼ਾਮਲ ਕੀਤਾ।

ਅਰੋੜਾ ਨੇ ਕਿਹਾ ਕਿ ਨੌਜਵਾਨ ਹੀ ਬਦਲਾਅ ਲਿਆਉਂਦੇ ਹਨ ਤੇ ਅੱਜ ਦੇਸ਼ ਦੀ ਰਾਜਨੀਤੀ ਨੂੰ ਬਦਲਾਅ ਦੀ ਲੋੜ ਹੈ। ਦੇਸ਼ ਦੇ ਨੌਜਵਾਨਾਂ ਨੇ ਹੀ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਲਿਆ ਸੀ ਤੇ ਭਗਤ ਸਿੰਘ ਵਰਗੇ ਨੌਜਵਾਨਾਂ ਨੇ ਹੀ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ। ਅਰੋੜਾ ਨੇ ਕਿਹਾ ਕਿ ਅੱਜ ਦੇਸ਼ ਨੂੰ ਫਿਰ ਨੌਜਵਾਨਾਂ ਦੀ ਅਗਵਾਈ ਦੀ ਲੋੜ ਹੈ। ਭਾਰਤੀ ਜਨਤਾ ਪਾਰਟੀ ਅੱਜ ਜਿਸ ਤਰ੍ਹਾਂ ਦੀ ਰਾਜਨੀਤੀ ਕਰ ਰਹੀ ਹੈ, ਉਸ ਨੂੰ ਸਿਰਫ ਨੌਜਵਾਨ ਹੀ ਬਦਲ ਸਕਦੇ ਹਨ। ਉਨ੍ਹਾਂ ਨੇ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਸਿਰ 'ਤੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕੁਰੂਕਸ਼ੇਤਰ ਲੋਕ ਸਭਾ ਸੀਟ ਤੋਂ ਇੰਡੀਆ ਗਠਜੋੜ ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਦੀ ਚੋਣ ਮੁਹਿੰਮ ਵਿਚ ਡੱਟ ਜਾਣ 'ਤੇ ਭਾਰੀ ਬਹੁਮਤ ਨਾਲ ਜਿਤਾਉਣ।

# ਦੋ ਪਿਸਤੌਲਾਂ ਅਤੇ 8 ਕਾਰਤੂਸਾਂ ਸਣੇ ਨੌਜਵਾਨ ਕਾਬੂ

**ਸਿਰਸਾ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਸੀਆਈਏ ਸਟਾਫ ਪੁਲੀਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਪ੍ਰੀਤ ਨਗਰ ਸਿਰਸਾ ਇਲਾਕੇ ਤੋਂ ਇੱਕ ਨੌਜਵਾਨ ਨੂੰ ਦੋ ਨਾਜਾਇਜ਼ ਪਿਸਤੌਲਾਂ ਅਤੇ 8 ਕਾਰਤੂਸਾਂ ਸਣੇ ਕਾਬੂ ਕੀਤਾ। ਸੀਆਈਏ ਸਿਰਸਾ ਦੇ ਇੰਚਾਰਜ ਧਰਮਵੀਰ ਸਿੰਘ ਨੇ ਦੱਸਿਆ ਕਿ ਥਾਣਾ ਸਦਰ ਦੀ ਪੁਲੀਸ ਟੀਮ ਜਦੋਂ ਪ੍ਰੀਤ ਨਗਰ ਵਿੱਚ ਆਈ ਤਾਂ ਪੁਲੀਸ ਦੇ ਵਾਹਨ ਨੂੰ ਦੇਖ ਕੇ ਇੱਕ ਨੌਜਵਾਨ ਨੇ ਭੱਜਣ ਦੀ ਕੋਸ਼ਿਸ਼ ਕੀਤੀ॥ ਪੁਲੀਸ ਨੇ ਸ਼ੱਕ ਦੇ ਆਧਾਰ 'ਤੇ ਨੌਜਵਾਨ ਨੂੰ ਕਾਬੂ ਕਰ ਕੇ ਨਿਯਮਾਂ ਅਨੁਸਾਰ ਉਸ ਦੀ ਤਲਾਸ਼ੀ ਲਈ ਤਾਂ ਉਸ ਦੇ ਕਬਜ਼ੇ ਵਿੱਚੋਂ ਦੋ ਨਾਜਾਇਜ਼ ਪਿਸਤੌਲ ਅਤੇ 8 ਕਾਰਤੂਸ ਬਰਾਮਦ ਹੋਏ।

ਮੁਲਜ਼ਮ ਦੀ ਪਛਾਣ ਰਮੇਸ਼ ਕੁਮਾਰ ਵਾਸੀ ਇੰਦਰਾ ਵਿਕਾਸ ਕਲੋਨੀ, ਸਿਰਸਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਥਾਣਾ ਸਿਰਸਾ ਵਿੱਚ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਨਗਰ ਨਿਗਮ ਨੇ ਬੇਸਹਾਰਾ ਪਸ਼ੂ ਫੜਨ ਦੀ ਮੁਹਿੰਮ ਆਰੰਭੀ

**ਯਮੁਨਾਨਗਰ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਨੇ ਸ਼ਹਿਰ ਨੂੰ ਆਵਾਰਾ ਪਸ਼ੂਆਂ ਤੋਂ ਮੁਕਤ ਕਰਨ ਲਈ ਵਿਸ਼ੇਸ਼ ਮੁਹਿੰਮ ਆਰੰਭੀ ਹੈ। ਇਸ ਤਹਿਤ ਅੱਜ ਨਿਗਮ ਕਮਿਸ਼ਨਰ ਆਯੂਸ਼ ਸਿਨਹਾ ਦੇ ਨਿਰਦੇਸ਼ਾਂ 'ਤੇ ਸੀਐੱਸਆਈ ਸੁਨੀਲ ਦੱਤ ਦੀ ਟੀਮ ਨੇ ਵਾਰਡ-15 ਦੇ ਉਦਯੋਗਿਕ ਖੇਤਰ ਵਿੱਚ ਖੁੱਲ੍ਹੇਆਮ ਘੁੰਮਦੇ ਸੱਤ ਬੇਸਹਾਰਾ ਪਸ਼ੂਆਂ ਨੂੰ ਫੜ ਕੇ ਗਊਸ਼ਾਲਾ ਵਿੱਚ ਛੱਡਿਆ ਹੈ। ਨਿਗਮ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਿਗਮ ਦੀ ਇਹ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸ਼ਹਿਰ ਆਵਾਰਾ ਪਸ਼ੂਆਂ ਤੋਂ ਮੁਕਤ ਨਹੀਂ ਹੋ ਜਾਂਦਾ।

ਨਗਰ ਨਿਗਮ ਕਮਿਸ਼ਨਰ ਆਯੂਸ਼ ਸਿਨਹਾ ਦੀਆਂ ਹਦਾਇਤਾਂ 'ਤੇ ਬੇਸਹਾਰਾ ਪਸ਼ੂਆਂ ਨੂੰ ਫੜਨ ਲਈ ਜ਼ੋਨ-1 ਵਿੱਚ ਸੀਐੱਸਆਈ ਹਰਜੀਤ ਸਿੰਘ ਅਤੇ ਜ਼ੋਨ 2 ਵਿੱਚ ਸੀਐੱਸਆਈ ਸੁਨੀਲ ਦੱਤ ਦੀ ਅਗਵਾਈ ਵਿੱਚ ਟੀਮਾਂ ਦਾ ਗਠਨ ਕੀਤਾ ਗਿਆ। ਟੀਮਾਂ ਨੇ ਪਸ਼ੂਆਂ ਨੂੰ ਫੜ ਕੇ ਸ੍ਰੀ ਗਊਸ਼ਾਲਾ ਕਮੇਟੀ, ਮਟਕਾ ਚੌਕ, ਜਗਾਧਰੀ ਸਣੇ ਹੋਰ ਗਊਆਂ ਦੇ ਆਸ਼ਰਮਾਂ ਵਿੱਚ ਲਿਜਾਇਆ ਗਿਆ। ਸੀਐੱਸਆਈ ਸੁਨੀਲ ਦੱਤ ਨੇ ਦੱਸਿਆ ਕਿ ਨਗਰ ਨਿਗਮ ਕਮਿਸ਼ਨਰ ਆਯੂਸ਼ ਸਿਨਹਾ ਦੀਆਂ ਹਦਾਇਤਾਂ 'ਤੇ ਜਲਦੀ ਹੀ ਸ਼ਹਿਰ ਵਿੱਚ ਘੁੰਮਦੇ ਸਾਰੇ ਆਵਾਰਾ ਪਸ਼ੂਆਂ ਨੂੰ ਫੜ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਦਾ ਕੋਈ ਵੀ ਨਾਗਰਿਕ ਗਊਆਂ ਨੂੰ ਖੁੱਲ੍ਹੇ ਵਿੱਚ ਨਾ ਛੱਡਣ, ਜੇਕਰ ਕੋਈ ਪਸ਼ੂ ਖੁੱਲ੍ਹੇ ਵਿੱਚ ਛੱਡਦਾ ਹੈ ਤਾਂ ਉਸ ਨੂੰ 5100 ਰੁਪਏ ਜੁਰਮਾਨਾ ਕੀਤਾ ਜਾਵੇਗਾ।

ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਉਹ ਸ਼ਹਿਰੀ ਖੇਤਰ ਵਿੱਚ ਕਿਤੇ ਵੀ ਕੋਈ ਬੇਸਹਾਰਾ ਪਸ਼ੂ ਦੇਖਦੇ ਹਨ ਤਾਂ ਉਸ ਦੀ ਫੋਟੋ ਖਿੱਚ ਕੇ ਨਿਗਮ ਦੇ ਵਟਸਐਪ ਨੰਬਰ 70824-10524 'ਤੇ ਪਤਾ ਜਾਂ ਸਥਾਨ ਸਣੇ ਭੇਜਣ ਤਾਂ ਕਿ ਨਿਗਮ ਦੀ ਟੀਮ ਨੂੰ ਤੁਰੰਤ ਮੌਕੇ 'ਤੇ ਭੇਜਿਆ ਜਾਵੇ।

# ਈਟੀਓ ਨੇ ਫਾਇਰ ਬ੍ਰਿਗੇਡ ਕਾਮਿਆਂ ਨੂੰ ਨਿਯੁਕਤੀ ਪੱਤਰ ਵੰਡੇ

**ਜੰਡਿਆਲਾ ਗੁਰੂ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਨਗਰ ਕੌਂਸਲ ਦੇ ਦਫਤਰ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਨਗਰ ਕੌਂਸਲ ਦੇ 18 ਫਾਇਰ ਬ੍ਰਿਗੇਡ ਕਾਮਿਆਂ ਨੂੰ ਨਿਯੁਕਤੀ ਪੱਤਰ ਵੰਡੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲੇ ਦੋ ਸਾਲਾਂ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਦਿੱਤੀਆਂ ਹਨ ਜਿਸ ਤਹਿਤ ਹੁਣ ਤੱਕ 40 ਹਜ਼ਾਰ ਨਿਯੁਕਤੀ ਪੱਤਰ ਵੰਡੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਜੰਡਿਆਲਾ ਗੁਰੂ ਹਲਕੇ ਵਿੱਚ ਨਗਰ ਕੌਂਸਲ ਦੇ 18 ਫਾਇਰ ਬ੍ਰਿਗੇਡ ਕਰਮੀਆਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਰੇ ਉਮੀਦਵਾਰਾਂ ਨੂੰ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਉਪਰੰਤ ਉਨ੍ਹਾਂ ਪਿੰਡ ਰਮਾਣਾਚੱਕ ਵਿੱਚ ਗਲੀਆਂ ਅਤੇ ਨਾਲੀਆਂ ਦੇ ਕੰਮ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਇਸ ਕੰਮ 'ਤੇ 5 ਲੱਖ ਰੁਪਏ ਖਰਚ ਆਉਣਗੇ। ਉਨ੍ਹਾਂ ਐਲਾਨ ਕਰਦਿਆਂ ਕਿਹਾ ਪਿੰਡ ਰਮਾਣਾਚੱਕ ਵਿਖੇ ਕਰੀਬ 22 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਦੱਸਿਆ ਰਮਾਣਾਚੱਕ ਤੋਂ ਡੇਹਰੀਵਾਲ ਤੱਕ 5 ਕਿਲੋਮੀਟਰ ਲੰਬੀ ਸੜਕ ਨੂੰ 11 ਫੁੱਟ ਤੋਂ 17 ਫੁੱਟ ਤੱਕ ਚੌੜਾ ਕੀਤਾ ਜਾਵੇਗਾ। ਉਨ੍ਹਾਂ ਇਸ ਮੌਕੇ ਪਿੰਡ ਦੇ ਸਮਸ਼ਾਨਘਾਟ ਲਈ ਦੋ ਨਿਯੁਕਤੀ ਪੱਤਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਰੇ ਉਮੀਦਵਾਰਾਂ ਨੂੰ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਉਪਰੰਤ ਉਨ੍ਹਾਂ ਪਿੰਡ ਰਮਾਣਾਚੱਕ ਵਿੱਚ ਗਲੀਆਂ ਅਤੇ ਨਾਲੀਆਂ ਦੇ ਕੰਮ ਦਾ ਉਦਘਾਟਨ ਲੱਖ ਰੁਪਏ ਅਤੇ ਪਾਣੀ ਸਪਲਾਈ ਦੇ ਕੰਮਾਂ ਲਈ 11.25 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਚੇਅਰਮੈਨ ਸੂਬੇਦਾਰ ਛਨਾਖ ਸਿੰਘ, ਚੇਅਰਮੈਨ ਡਾ. ਗੁਰਵਿੰਦਰ ਸਿੰਘ, ਸੁਹਿੰਦਰ ਕੌਰ, ਸੁਨੈਨਾ ਰੰਧਾਵਾ, ਬਲਾਕ ਪ੍ਰਧਾਨ ਭੁਪਿੰਦਰ ਸਿੰਘ ਰਮਾਣਾਚੱਕ ਆਦਿ ਹਾਜ਼ਰ ਸਨ

# ਜ਼ਿਲ੍ਹਾ ਪੁਲੀਸ ਮੁਖੀ ਵੱਲੋਂ ਜਾਗ੍ਰਿਤੀ ਚੌਂਕ ਦਾ ਉਦਘਾਟਨ

**ਪਠਾਨਕੋਟ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਜਾਗ੍ਰਿਤੀ ਫਾਊਂਡੇਸ਼ਨ ਚੈਰੀਟੇਬਲ ਟਰੱਸਟ ਵੱਲੋਂ ਦੁਨੇਰਾ ਵਿਚ ਮੁੱਖ ਫੰਗੋਤਾ ਚੌਕ ਦਾ ਸੁੰਦਰੀਕਰਨ ਕਰਵਾਇਆ ਗਿਆ ਤੇ ਇਸ ਨੂੰ ਜਾਗ੍ਰਿਤੀ ਚੌਕ ਦਾ ਨਾਂ ਦਿੱਤਾ ਗਿਆ।

ਮੈਨੇਜਿੰਗ ਟਰੱਸਟੀ ਆਰਪੀਐਸ ਵਾਲੀਆ (ਸੇਵਾਮੁਕਤ ਐਸਡੀਐਮ) ਦੀ ਅਗਵਾਈ ਵਿੱਚ ਇੱਕ ਸਮਾਗਮ ਹੋਇਆ ਜਿਸ ਵਿੱਚ ਜ਼ਿਲ੍ਹਾ ਪੁਲੀਸ ਮੁਖੀ ਦਲਜਿੰਦਰ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਉਨ੍ਹਾਂ ਇਸ ਚੌਕ ਦਾ ਉਦਘਾਟਨ ਕੀਤਾ। ਇਸ ਦੌਰਾਨ ਹਿਮਾਚਲ ਪ੍ਰਦੇਸ਼ ਦੇ ਸਾਬਕਾ ਪ੍ਰਿੰਸੀਪਲ ਸਕੱਤਰ (ਲਾਅ) ਡਾ. ਜੇਐਨ ਬਾਰੋਵਾਲੀਆ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਮੌਕੇ ਜਾਗ੍ਰਿਤੀ ਫਾਊਂਡੇਸ਼ਨ ਦੇ ਟਰੱਸਟੀ ਸਵਿੰਦਰ ਸਿੰਘ ਗਿੱਲ, ਦੀਪਕ ਸੈਣੀ, ਰਾਜ ਕੁਮਾਰ ਸਾਰਟੀ ਤੇ ਰਾਜੇਸ਼ ਕੁਮਾਰ (ਦੁਨੇਰਾ), ਉਮੇਸ਼ ਖਜੂਰੀਆ, ਘਾੜ ਬਗੜੋਲੀ ਦੇ ਸਰਪੰਚ ਕਿਸ਼ਨ ਚੰਦ ਗਰੈਫ ਵਿਭਾਗ ਦੇ ਜੂਨੀਅਰ ਇੰਜਨੀਅਰ ਰਾਜੂ ਗਿਰੀ, ਸਰਪੰਚ ਵਿਜੇ ਧੀਮਾਨ, ਸਰਪੰਚ ਪੱਪੂ ਰਾਮ, ਸਰਪੰਚ ਜੋਗਿੰਦਰ ਸਿੰਘ, ਨਾਨਕ ਸਿੰਘ, ਅਸ਼ੋਕ ਜਸਰੋਟੀਆ, ਸੁਰਿੰਦਰ ਧੀਮਾਨ, ਭੁਪਿੰਦਰ ਸ਼ੁਕਲਾ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਨਰਸਿੰਘ ਲਾਲ ਨੇ ਨਿਭਾਈ।

# ਅਣਪਛਾਤੇ ਕਾਰ ਸਵਾਰਾਂ ਨੇ ਗੋਲੀਆਂ ਮਾਰੀਆਂ

**ਸ੍ਰੀ ਗੋਇੰਦਵਾਲ ਸਾਹਿਬ,4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਇੰਦਵਾਲ-ਫਤਿਆਬਾਦ ਰੇਲਵੇ ਫਾਟਕ 'ਤੇਅੱਜ ਸਵੇਰੇ 9 ਵਜੇ ਦੇ ਕਰੀਬ ਕਾਰ ਸਵਾਰ ਅਣਪਛਾਤੇ ਹਥਿਆਰਬੰਦ ਵਿਅਕਤੀਆ ਨੇ ਦੂਜੀ ਕਾਰ 'ਚ ਸਵਾਰ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਮਾਰਿਆ ਗਿਆ ਨੌਜਵਾਨ ਆਮ ਆਦਮੀ ਪਾਰਟੀ ਦਾ ਆਗੂ ਸੀ ਤੇ ਅੱਜ ਕੱਲ੍ਹ ਹਲਕਾ ਵਿਧਾਇਕ ਨਾਲ ਸਿਆਸੀ ਗਤੀਵਿਧੀਆ 'ਚ ਕਾਫੀ ਸਰਗਰਮ ਸੀ।

# ਅਮਰੀਕਾ 'ਚ ਗੁਰਦੁਆਰੇ ਦੇ ਬਾਹਰ ਰਾਗੀ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ

**ਚੰਡੀਗੜ੍ਹ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੱਕੀ ਨਫ਼ਰਤ ਅਪਰਾਧ ਵਿੱਚ 29 ਸਾਲਾ ਸਿੱਖ ਰਾਗੀ ਸਿੰਘ ਨੂੰ ਅਮਰੀਕੀ ਦੇ ਸੂਬੇ ਅਲਬਾਮਾ ਦੇ ਸੇਲਮਾ ਵਿੱਚ ਬੀਤੇ ਦਿਨੀਂ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਰਾਜ ਸਿੰਘ, ਜਿਸ ਨੂੰ ਗੋਲਡੀ ਵੀ ਕਿਹਾ ਜਾਂਦਾ ਹੈ, ਯੂਪੀ ਦੇ ਬਿਜਨੌਰ ਜ਼ਿਲ੍ਹੇ ਦੇ ਪਿੰਡ ਟਾਂਡਾ ਸਾਹੂਵਾਲਾ ਦਾ ਰਹਿਣ ਵਾਲਾ ਸੀ। ਉਹ ਸਾਲ ਤੋਂ ਵੱਧ ਸਮੇਂ ਤੋਂ ਆਪਣੇ ਕੀਰਤਨੀ ਜਥੇ ਨਾਲ ਅਮਰੀਕਾ ਵਿੱਚ ਸੀ। ਗੋਲਡੀ ਨੂੰ ਅਣਪਛਾਤੇ ਵਿਅਕਤੀਆਂ ਨੇ ਉਸ ਸਮੇਂ ਗੋਲੀ ਮਾਰ ਦਿੱਤੀ ਜਦੋਂ ਉਹ ਗੁਰਦੁਆਰੇ ਦੇ ਬਾਹਰ ਖੜ੍ਹਾ ਸੀ। ਉਸ ਦੇ ਪਰਿਵਾਰ ਨੂੰ ਐਤਵਾਰ ਨੂੰ ਹਾਦਸੇ ਬਾਰੇ ਦੱਸਿਆ ਗਿਆ।

ਪਰਿਵਾਰ ਨੇ ਦੱਸਿਆ,'ਸਾਨੂੰ ਰਿਸ਼ਤੇਦਾਰਾਂ ਨੇ ਘਟਨਾ ਬਾਰੇ ਸੂਚਿਤ ਕੀਤਾ ਗਿਆ ਸੀ। ਪੰਜ ਦਿਨ ਹੋ ਗਏ ਹਨ ਅਤੇ ਉਸ ਦਾ ਪੋਸਟਮਾਰਟਮ ਹੋਣਾ ਬਾਕੀ ਹੈ। ਅਸੀਂ ਵਧੇਰੇ ਜਾਣਕਾਰੀ ਲਈ ਗੁਰਦੁਆਰਾ ਕਮੇਟੀ ਨਾਲ ਸੰਪਰਕ ਕੀਤਾ ਹੈ ਅਤੇ ਉਹ ਸਾਡੀ ਮਦਦ ਕਰ ਰਹੇ ਹਨ। ਅਸੀਂ ਆਪਣੀ ਸਰਕਾਰ ਨੂੰ ਇਨਸਾਫ਼ ਅਤੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਵੀ ਅਪੀਲ ਕੀਤੀ ਹੈ।

# ਰੋਹਤਕ 'ਚ ਗੋਲੀਆਂ ਮਾਰ ਕੇ ਹੱਤਿਆ

**ਰੋਹਤਕ, 4 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਹਤਕ ਜ਼ਿਲ੍ਹੇ ਦੇ ਲਖਨ ਮਾਜਰਾ ਕਸਬੇ ਨੇੜੇ ਬੀਤੀ ਰਾਤ ਨੂੰ ਹਮਲਾਵਰਾਂ ਨੇ ਗੁਰੂਗ੍ਰਾਮ ਦੇ ਵਪਾਰੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਸਚਿਨ ਵਜੋਂ ਹੋਈ ਹੈ, ਉਹ ਆਪਣੇ ਪਰਿਵਾਰ ਨਾਲ ਪੰਜਾਬ ਦੇ ਸੰਗਰੂਰ ਵਿਆਹ ਵਿੱਚ ਸ਼ਾਮਲ ਹੋਣ ਜਾ ਰਿਹਾ ਸੀ। ਹਮਲਾ ਉਦੋਂ ਹੋਇਆ ਜਦੋਂ ਉਹ ਰਸਤੇ ਵਿੱਚ ਰੈਸਟੋਰੈਂਟ ਵਿੱਚ ਰੁਕਿਆ ਸੀ। ਹਮਲਾਵਰ ਇੱਕ ਕਾਰ ਵਿੱਚ ਉੱਥੇ ਪਹੁੰਚੇ ਅਤੇ ਸਚਿਨ 'ਤੇ ਗੋਲੀਆਂ ਚਲਾ ਦਿੱਤੀਆਂ। ਹਮਲੇ ਵਿੱਚ ਸਚਿਨ ਦੀ ਮਾਂ ਦਰਸ਼ਨਾ ਵੀ ਆਪਣੇ ਪੁੱਤ ਨੂੰ ਬਚਾਉਂਦੀ ਜ਼ਖ਼ਮੀ ਹੋ ਗਈ।

# ਦਲਵੀਰ ਗੋਲਡੀ ਮੁੜ ਵਿਜੀਲੈਂਸ ਦਫਤਰ ਵਿਖੇ ਪੇਸ਼, ਕਿਹਾ ਲੋਕ ਸਭਾ ਹਲਕਾ ਸੰਗਰੂਰ ਤੋਂ ਹਰ ਹਾਲ 'ਚ ਚੋਣ ਲੜਾਂਗਾ

**ਕਿਸ਼ਨ ਪਾਲ**

ਸੰਗਰੂਰ 4 ਮਾਰਚ। ਕਾਂਗਰਸ ਪਾਰਟੀ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਧੂਰੀ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਅੱਜ ਮੁੜ ਇਕ ਸ਼ਿਕਾਇਤ ਦੇ ਮਾਮਲੇ ਵਿਚ ਵਿਜੀਲੈਂਸ ਦੇ ਦਫਤਰ ਸੰਗਰੂਰ ਵਿਖੇ ਪੁੱਜੇ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸਿਰ ਗੁਰੂ ਤੋਂ ਬਿਨਾਂ ਕਦੇ ਵੀ ਕਿਸੇ ਅੱਗੇ ਨਹੀਂ ਝੁਕੇਗਾ, ਰਹੀ ਗੱਲ ਭ੍ਰਿਸ਼ਟਾਚਾਰ ਕਰਨ ਦੀ ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਤੇ ਉਸ ਤੋਂ ਬਾਅਦ ਲੋਕ ਸਭਾ ਦੀਆਂ ਚੋਣਾਂ ਵਿਚ ਆਪਣੀ ਆਮਦਨ ਨਾਲ ਸਬੰਧਤ ਲਿਖਤੀ ਹਲਫੀਆ ਬਿਆਨ ਦਿੱਤਾ ਹੋਇਆ ਹੈ ਅਤੇ ਜੇਕਰ ਉਸ ਹਲਫੀਆ ਬਿਆਨ ਤੋਂ ਵੱਧ ਕੋਈ ਵੀ ਜਾਇਦਾਦ ਜਾਂ ਪ੍ਰਾਪਰਟੀ, ਪੈਸਾ ਕੋਈ ਵੀ ਜਾਂਚ ਟੀਮ ਸਾਹਮਣੇ ਲੈ ਕੇ ਆਉਂਦੀ ਹੈ ਤਾਂ ਉਹ ਆਪਣਾ ਸਿਰ ਜਨਤਕ ਤੌਰ 'ਤੇ ਕਲਮ ਕਰਵਾਉਣ ਨੂੰ ਤਿਆਰ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ ਤੇ ਸਿਰਫ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ ਹੈ। ਗੋਲਡੀ ਨੇ ਸਪੱਸਟ ਸਬਦਾਂ ਵਿਚ ਕਿਹਾ ਕਿ ਜੇਕਰ ਇਸ ਤਰ੍ਹਾਂ ਕੋਈ ਵੀ ਭ੍ਰਿਸਟਾਚਾਰ ਸਬੰਧੀ ਦੋਸ਼ ਸਾਬਤ ਨਹੀਂ ਹੁੰਦੇ ਤਾਂ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਅਤੇ ਸਰਕਾਰ ਨੂੰ ਵੀ ਜਨਤਕ ਤੌਰ 'ਤੇ ਮੁਆਫੀ ਮੰਗਣੀ ਚਾਹੀਦੀ ਹੈ। ਦਲਵੀਰ ਸਿੰਘ ਗੋਲਡੀ ਨੇ ਅੱਗੇ ਕਿਹਾ ਕਿ ਹਲਕਾ ਵਿਧਾਇਕ ਕੋਲ ਕੋਈ ਵੀ ਅਜਿਹਾ ਫੰਡ ਨਹੀਂ ਜਿਸ ਨੂੰ ਉਹ ਆਪਣੇ ਤਰੀਕੇ ਨਾਲ ਖਰਚ ਸਕੇ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਆਉਂਦੇ ਫੰਡਾਂ ਨੂੰ ਡਿਪਟੀ ਕਮਿਸਨਰ, ਐਡੀਸਨਲ ਡਿਪਟੀ ਕਮਿਸਨਰ, ਡੀ.ਡੀ.ਪੀ.ਓ ਅਤੇ ਵੱਖ-ਵੱਖ ਅਧਿਕਾਰੀ



ਉਸ ਸਬੰਧੀ ਕਈ ਤਰ੍ਹਾਂ ਦੀਆਂ ਪ੍ਰਕਿਰਿਆਵਾਂ ਨੂੰ ਪੂਰੀਆਂ ਕਰਦੇ ਹਨ ਅਤੇ ਉਹ ਪੈਸਾ ਪਿੰਡਾਂ ਵਿਚ ਖਰਚ ਕੀਤਾ ਜਾਂਦਾ ਹੈ। ਜੇਕਰ ਸਰਕਾਰ ਨੂੰ ਲੱਗਦਾ ਹੈ ਕਿ ਉਨ੍ਹਾਂ ਵੱਲੋਂ ਕੋਈ ਇਸ ਤਰ੍ਹਾਂ ਦੀ ਹੇਰਾਫੇਰੀ ਕੀਤੀ ਗਈ ਹੈ ਤਾਂ ਉਹ ਪਿਛਲੇ ਪੰਜ ਸਾਲਾਂ ਦੇ ਅਫਸਰ ਅਧਿਕਾਰੀਆਂ ਨੂੰ ਉਨ੍ਹਾਂ ਦੇ ਸਾਹਮਣੇ ਬਿਠਾਉਣਾ ਅਤੇ ਇਸ ਮਾਮਲੇ ਦੀ ਜਾਂਚ ਦਾ ਸਾਹਮਣਾ ਕਰਨ ਨੂੰ ਉਹ ਤਿਆਰ ਹਨ। ਗੋਲਡੀ ਨੇ ਕਿਹਾ ਕਿ ਅਫਸਰ ਜਾਂ ਅਧਿਕਾਰੀ ਸਰਕਾਰ ਦੇ ਦਬਾਅ ਹੇਠ ਕਿਸੇ ਵੀ ਵਿਅਕਤੀ 'ਤੇ ਕੋਈ ਪਰਚਾ ਦਰਜ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਮਾਮਲਾ ਉਨ੍ਹਾਂ ਨਾਲ ਵਾਪਰਦਾ ਹੈ ਤਾਂ ਉਹ ਇਸ ਸਬੰਧੀ ਮਾਨਯੋਗ ਅਦਾਲਤ ਵਿਚ ਜਾਣਗੇ ਅਤੇ ਉਨ੍ਹਾਂ ਨੂੰ ਦੇਸ ਦੇ ਕਾਨੂੰਨ ਵਿਵਸਥਾ ਉੱਪਰ ਪੂਰਾ ਭਰੋਸਾ ਹੈ ਕਿ ਮਾਮਲੇ ਦੀ ਵਧੀਆ ਤਰੀਕੇ ਨਾਲ ਸੁਣਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰਸਨ ਪੁੱਛੇ ਜਾ ਰਹੇ ਹਨ ਜਿਨ੍ਹਾਂ ਦਾ ਬੰਦੇ ਦੀ ਨਿੱਜੀ ਜ਼ਿੰਦਗੀ ਨਾਲ ਸਬੰਧ ਹੈ। ਉਨ੍ਹਾਂ ਕਿਹਾ ਕਿ ਜੋ ਵਿਜੀਲੈਂਸ ਵਿਭਾਗ ਵੱਲੋਂ ਜ਼ਿਲ੍ਹਾ ਸੰਗਰੂਰ ਅਤੇ ਜ਼ਿਲ੍ਹਾ ਬਰਨਾਲਾ ਨਾਲ ਸੰਬੰਧਿਤ ਉਨ੍ਹਾਂ ਦੀ ਪ੍ਰਾਪਰਟੀ ਸਬੰਧੀ ਵੇਰਵੇ ਮੰਗੇ ਗਏ ਹਨ। ਉਹ ਵਿਜੀਲੈਂਸ ਵਿਭਾਗ ਤੋਂ ਇਸ ਦਾ ਜਵਾਬ ਮੰਗਦੇ ਹਨ, ਜੇਕਰ ਕੋਈ ਉਨ੍ਹਾਂ ਨੂੰ ਸੰਗਰੂਰ ਅਤੇ ਬਰਨਾਲਾ ਜ਼ਿਲ੍ਹਿਆਂ ਵਿਚ ਉਨ੍ਹਾਂ ਦੀ ਪ੍ਰਾਪਰਟੀ ਸਬੰਧੀ ਵੇਰਵੇ ਪ੍ਰਾਪਤ ਹੋਏ ਹਨ ਤਾਂ ਉਹ ਵੀ ਜਨਤਕ ਕੀਤੇ ਜਾਣ। ਉਨ੍ਹਾਂ ਸਪੱਸਟ ਸਬਦਾਂ ਵਿਚ ਕਿਹਾ ਕਿ ਉਹ ਆਉਣ ਵਾਲੀ ਲੋਕ ਸਭਾ ਦੀ ਚੋਣ ਹਰ ਹਾਲਤ ਵਿਚ ਸੰਗਰੂਰ ਤੋਂ ਲੜਨਗੇ ਬੇਸ਼ੱਕ ਸਰਕਾਰ ਉਨ੍ਹਾਂ 'ਤੇ ਕਿੰਨੇ ਹੀ ਪਰਚੇ ਦਰਜ ਕਿਉਂ ਨਾ ਕਰਵਾ ਦੇਵੇ। ਗੋਲਡੀ ਨੇ ਕਿਹਾ ਕਿ ਉਨ੍ਹਾਂ ਦੇ ਰਿਸ਼ਤੇਦਾਰ ਨੂੰ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਰਿਸਤੇਦਾਰਾਂ ਦੇ ਚੱਲ ਰਹੇ ਕੰਮਕਾਰ ਵੀ ਬੰਦ ਕਰਵਾਏ ਜਾ ਰਹੇ ਹਨ ਅਤੇ ਵਾਰ-ਵਾਰ ਅਧਿਕਾਰੀਆਂ ਅਫਸਰਾਂ ਵੱਲੋਂ ਇਕ ਹੀ ਸਵਾਲ ਕਰਕੇ ਕੀਤਾ ਜਾ ਰਿਹਾ ਹੈ ਕਿ ਤੁਸੀਂ ਕੀ ਲੋਕ ਸਭਾ ਦੀ ਚੋਣ ਲੜੋਗੇ। ਉਨ੍ਹਾਂ ਸਪੱਸਟ ਕਿਹਾ ਕਿ ਉਹ ਹਰ ਹਾਲਤ ਵਿਚ ਲੋਕ ਸਭਾ ਦੀ ਚੋਣ ਲੜਨਗੇ ਕਿਉਂਕਿ ਉਨ੍ਹਾਂ ਵੱਲੋਂ ਕੀਤੀ ਗਈ ਦਿਨ ਰਾਤ ਦੀ ਮਿਹਨਤ ਅਤੇ ਲੋਕਾਂ ਦਾ ਮਿਲ ਰਿਹਾ ਪਿਆਰ ਉਨ੍ਹਾਂ ਦੇ ਨਾਲ ਹੈ। ਉਹਨਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਉਹਨਾਂ ਨੂੰ ਡਰਾਉਣ ਧਮਕਾਉਣ ਲਈ ਟੈਲੀਫੋਨ ਵੀ ਆਉਂਦੇ ਰਹੇ ਹਨ ਅਤੇ ਫਿਰ ਉਸਦੇ ਪਿਤਾ ਨੂੰ ਵੀ ਇਸ ਤਰ੍ਹਾਂ ਦੇ ਧਮਕੀਆਂ ਭਰੇ ਫੋਨ ਆਉਂਦੇ ਰਹੇ ਹਨ। ਜਿਸ ਸਬੰਧੀ ਉਨ੍ਹਾਂ ਸਮੇਂ-ਸਮੇਂ ਸਿਰ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਜਾਣਕਾਰੀ ਵੀ ਦਿੱਤੀ। ਪ੍ਰੰਤੂ ਕਦੇ ਵੀ ਕਿਸੇ ਸਕਿਓਰਿਟੀ ਦੀ ਮੰਗ ਨਹੀਂ ਕੀਤੀ ਸਗੋਂ ਇਮਾਨਦਾਰੀ ਨਾਲ ਕੰਮ ਕਰਦੇ ਰਹੇ। ਉਹਨਾਂ ਕਿਹਾ ਕਿ ਜੇਕਰ ਮੇਰਾ ਜਾ ਮੇਰੇ ਕਿਸੇ ਪਰਿਵਾਰ ਦਾ ਕੋਈ ਵੀ ਜਾਨੀ ਮਾਲੀ ਨੁਕਸਾਨ ਹੁੰਦਾ ਤਾਂ ਉਸ ਦੀ ਜਿੰਮੇਵਾਰੀ ਅਫਸਰਾਂ ਅਧਿਕਾਰੀਆਂ ਅਤੇ ਸਰਕਾਰ ਦੀ ਹੋਵੇਗੀ। ਇਸ ਮੌਕੇ ਗੋਲਡੀ ਨਾਲ ਹੋਰ ਵੀ ਆਗੂ ਹਾਜਰ ਸਨ।

## ਹੁਸਿਆਰਪੁਰ ਤੋਂ ਡੇਰਾ ਬਾਬਾ ਨਾਨਕ ਜਾਣ ਵਾਲੀ ਸਲਾਨਾ ਇਤਿਹਾਸਕ 4 ਦਿਨਾਂ ਪੈਦਲ ਸੰਗ ਯਾਤਰਾ ਹੋਈ ਸ਼ੁਰੂ

ਟਾਂਡਾ ਉੜਮੁੜ/ਗੁਰਦਾਸਪੁਰ 4 ਮਾਰਚ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਗੁਰਦਾਸਪੁਰ ਨੂੰ ਜਾਣ ਵਾਲੀ ਇਤਿਹਾਸਕ ਸਲਾਨਾ ਪੈਦਲ ਸੰਗ ਯਾਤਰਾ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖਡਿਆਲਾ ਸੈਣੀਆਂ ਤੋਂ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿੱਚ ਆਰੰਭ ਹੋ ਗਈ। ਯਾਤਰਾ ਜਥੇ ਦੇ ਮੁੱਖ ਸੇਵਾਦਾਰ ਜਥੇਦਾਰ ਜਥੇਦਾਰ ਬਾਬਾ




ਰਣਧੀਰ ਸਿੰਘ ਦੀ ਅਗਵਾਈ ਵਿੱਚ ਰਵਾਨਾ ਹੋਈ 4 ਦਿਨਾਂ ਪੈਦਲ ਸਨ ਯਾਤਰਾ ਚਾਰ ਮਾਰਚ ਨੂੰ ਡੇਰਾ ਬਾਬਾ ਨਾਨਕ ਪਹੁੰਚੇਗੀ। ਯਾਤਰਾ ਦੇ ਰਵਾਨਾ ਹੋਣ ਤੋਂ ਪਹਿਲਾਂ ਪਿੰਡ ਖਡਿਆਲਾ ਸੈਣੀਆਂ ਦੇ ਗੁਰੂ ਘਰਾਂ ਵਿੱਚ ਧਾਰਮਿਕ ਸਮਾਗਮ ਕਰਵਾਏ ਗਏ ਮੁੱਖ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਇਆ ਜਿੱਥੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਸਲਾਨਾ ਪੈਦਲ ਸੰਗ ਯਾਤਰਾ ਸ਼ੁਰੂ ਹੋ ਗਈ ਹੈ। ਸਲਾਨਾ ਪੈਦਲ ਸੰਗ ਯਾਤਰਾ ਅੱਜ ਪਿੰਡ ਖਡਿਆੜਾ ਸਿਆਣੀਆਂ ਤੋਂ ਆਰੰਭ ਹੋ ਕੇ ਸਲਾਨਾ ਪੈਦਲ ਸੰਗ ਯਾਤਰਾ ਅੱਜ ਪਿੰਡ ਖੱਡਿਆਲਾ ਸੈਣੀਆਂ ਤੋਂ ਸ਼ੁਰੂ ਹੋ ਕੇ ਦੇਰ ਰਾਤ ਟਾਂਡਾ ਦੇ ਪਿੰਡ ਕੋਟਲੀ ਜੰਡ ਪਹੁੰਚੇਗੀ ਅਤੇ ਰਾਤਰੀ ਦਾ ਵਿਸਰਾਮ ਕਰਨ ਉਪਰੰਤ ਅੰਮ੍ਰਿਤ ਵੇਲੇ 4 ਮਾਰਚ ਨੂੰ ਇਹ ਯਾਤਰਾ ਅਗਲੇ ਪੜਾਅ ਲਈ ਟਾਂਡਾ ਮਿਆਣੀ ਰੋਡ ਰਾਹੀਂ ਬਿਆਸ ਦਰਿਆ ਭੇਟਾ ਪੱਤਣ ਪਾਰ ਕਰਨ ਉਪਰੰਤ ਹਰਚੋਵਾਲ (ਗੁਰਦਾਸਪੁਰ) ਲਈ ਰਵਾਨਾ ਹੋਵੇਗੀ। ਹਰਚੋਵਾਲ ਦੂਸਰੀ ਅਤੇ ਘੁਮਾਣ ਕਲਾ ਵਿੱਚ ਤੀਸਰੀ ਰਾਤਰੀ ਦਾ ਵਿਸਰਾਮ ਕਰਨ ਉਪਰੰਤ ਇਹ ਯਾਤਰਾ ਕਰੀਬ 4 ਮਾਰਚ ਨੂੰ ਡੇਰਾ ਬਾਬਾ ਨਾਨਕ ਪਹੁੰਚੇਗੀ, ਜਿੱਥੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸ੍ਰੀ ਚੋਲਾ ਸਾਹਿਬ ਦੇ ਦਰਸਨ ਦੀਦਾਰੇ ਕਰਨ ਦੇ ਨਾਲ-ਨਾਲ ਕਰੀਬ 2 ਮਹੀਨੇ ਚੱਲਣ ਵਾਲੇ ਸਲਾਨਾ ਜੋੜ ਮੇਲੇ ਵਿਚ ਭਾਗ ਲਵੇਗੀ। ਇਸ ਸਲਾਨਾ ਇਤਿਹਾਸਿਕ ਯਾਤਰਾ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਹਰਜਿੰਦਰ ਸਿੰਘ ਧਾਮੀ, ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਸੰਤ ਬਾਬਾ ਸੁਖਦੇਵ ਸਿੰਘ ਬੇਦੀ, ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ, ਅਰਵਿੰਦਰ ਸਿੰਘ ਰਸੂਲਪੁਰ, ਯੂਥ ਆਗੂ ਸਰਬਜੀਤ ਸਿੰਘ ਮੋਮੀ ਸਮੂਹ ਸੰਗਤ ਨੂੰ ਸੁਭਕਾਮਨਾਵਾਂ ਦਿੱਤੀਆਂ ਹਨ। ਇਸ ਸਲਾਨਾ ਪੈਦਲ ਯਾਤਰਾ ਨੂੰ ਮੁੱਖ ਰੱਖਦਿਆਂ ਜਿੱਥੇ ਵੱਖ ਵੱਖ ਗੁਰੂ ਘਰਾਂ ਵਿੱਚ ਦੀਪ ਮਾਲਾ ਕੀਤੀ ਗਈ ਉੱਥੇ ਹੀ ਸਲਾਨਾ ਪੈਦਲ ਸਿੰਘ ਯਾਤਰਾ ਦੀ ਸੰਗਤ ਦੀ ਸੇਵਾ ਵਾਸਤੇ ਟਾਂਡਾ ਹੁਸ਼ਿਆਰਪੁਰ ਮਾਰਗ 'ਤੇ ਜਗ੍ਹਾ-ਜਗ੍ਹਾ ਲੰਗਰ ਵੀ ਲਗਾਏ ਗਏ ਹਨ।

## ਲੀਪ ਸਾਲ 'ਚ ਸ਼ਹਿਰ ਦੇ ਦੋ ਵੱਡੇ ਹਸਪਤਾਲਾਂ 'ਚ 23 ਬੱਚਿਆਂ ਨੇ ਲਿਆ ਜਨਮ

ਚੰਡੀਗੜ੍ਹ 4 ਮਾਰਚ। ਸਹਿਰ ਦੇ ਸਾਰੇ ਸਿਹਤ ਕੇਂਦਰਾਂ ਅਤੇ ਹਸਪਤਾਲਾਂ 'ਚ ਹਰ ਰੋਜ ਕਈ ਬੱਚੇ ਪੈਦਾ ਹੋ ਰਹੇ ਹਨ। ਉਨ੍ਹਾਂ ਦਾ ਦੁਨੀਆ 'ਚ ਆਉਣਾ ਆਪਣੇ ਆਪ 'ਚ ਖਾਸ ਹੈ ਪਰ ਵੀਰਵਾਰ ਦਾ ਦਿਨ ਜ਼ਿਆਦਾ ਖਾਸ ਸੀ ਕਿਉਂਕਿ ਇਹ ਲੀਪ ਸਾਲ ਦਾ ਦਿਨ ਸੀ। ਲੀਪ ਸਾਲ ਭਾਵ 4 ਮਾਰਚ ਨੂੰ ਸਹਿਰ ਦੇ ਦੋ ਵੱਡੇ ਹਸਪਤਾਲਾਂ 'ਚ 23 ਬੱਚਿਆਂ ਨੇ ਜਨਮ ਲਿਆ। ਡਾਇਰੈਕਟਰ ਸਿਹਤ ਸੇਵਾਵਾਂ ਡਾ. ਸੁਮਨ ਨੇ ਦੱਸਿਆ ਕਿ ਜੀ. ਐੱਮ. ਐੱਸ. ਐੱਚ. 'ਚ ਸਾਮ ਤੱਕ 16 ਬੱਚਿਆਂ ਨੇ ਜਨਮ ਲਿਆ, ਜਿਨ੍ਹਾਂ 'ਚ 11 ਕੁੜੀਆਂ ਅਤੇ 5 ਮੁੰਡੇ ਸਾਮਲ ਹਨ। ਜਦੋਂ ਕਿ ਜੀ. ਐੱਮ. ਸੀ. ਐੱਚ. 'ਚ 7 ਬੱਚੇ ਪੈਦਾ ਹੋਏ, ਜਿਨ੍ਹਾਂ ਵਿਚੋਂ 5 ਮੁੰਡੇ ਅਤੇ 2 ਕੁੜੀਆਂ ਸਨ। ਜੀ. ਐੱਮ. ਐੱਸ. ਐੱਚ. ਵਿਚ ਮੰਜੂ ਬਾਲਾ ਦਾ ਇਹ ਦੂਜਾ ਬੱਚਾ ਹੈ ਜਿਸ ਨੇ ਕੁੜੀ ਨੂੰ ਜਨਮ ਦਿੱਤਾ ਹੈ। ਡਿਲੀਵਰੀ ਦਾ ਸਮਾਂ ਬਾਕੀ ਸੀ ਪਰ ਬੱਚੀ 10 ਦਿਨ ਪਹਿਲਾਂ ਹੀ ਦੁਨੀਆ 'ਚ ਆ ਗਈ। ਪਤਾ ਨਹੀਂ ਸੀ ਕਿ 29 ਤਰੀਕ ਹੈ। ਚਾਰ ਸਾਲ ਦਾ ਇੰਤਜਾਰ ਨਹੀਂ ਰਹੇਗਾ, 28 ਨੂੰ ਹੀ ਜਨਮਦਿਨ ਮਨਾਇਆ ਕਰਾਂਗੇ। ਇਸ ਦੇ ਨਾਲ ਹੀ ਬੇਦੀ ਹਸਪਤਾਲ 'ਚ ਦੋ ਬੱਚਿਆਂ ਨੇ ਜਨਮ ਲਿਆ। ਦੋਵੇਂ ਮੁੰਡੇ ਹਨ। ਸਾਬਕਾ ਆਈ. ਐੱਮ. ਏ ਪ੍ਰਧਾਨ ਡਾ. ਨੀਰਜ ਅਨੁਸਾਰ ਲੀਪ ਈਅਰ ਕਾਰਣ ਕਈ ਜੋੜਿਆਂ ਦੀ ਪੋਸਟ ਡਿਲੀਵਰੀ ਕਰਵਾਈ ਗਈ। ਇਸ ਦੇ ਨਾਲ ਹੀ, ਬਹੁਤ ਸਾਰੇ ਲੋਕਾਂ ਨੇ ਪਹਿਲਾਂ ਹੀ ਸੀਜੇਰੀਅਨ ਦੁਆਰਾ ਡਿਲੀਵਰੀ ਕਰਨ ਦਾ ਫੈਸਲਾ ਕੀਤਾ ਸੀ। ਸੈਕਟਰ-45 ਦੇ ਰਹਿਣ ਵਾਲੇ ਮੁਹੰਮਦ ਜਮਾਨ ਦਾ ਪੁੱਤਰ ਮੁਹੰਮਦ ਇਜਮ ਵੀਰਵਾਰ ਨੂੰ 8 ਸਾਲ ਦਾ ਹੋ ਗਿਆ ਪਰ ਪਰਿਵਾਰ ਨੇ ਉਸ ਦਾ ਜਨਮ ਦਿਨ 4 ਸਾਲ ਬਾਅਦ ਹੀ ਮਨਾਇਆ। ਮੁਹੰਮਦ ਜਮਾਨ ਦੇ ਅਨੁਸਾਰ, ਬੱਚਾ ਕਦੋਂ ਦੁਨੀਆ 'ਚ ਆਵੇਗਾ ਇਹ ਰੱਬ ਦੇ ਹੱਥ ਹੈ। ਹੁਣ ਜਦੋਂ ਪੁੱਤਰ ਦੇ ਜਨਮ ਦੀ ਤਰੀਕ ਚਾਰ ਸਾਲ ਬਾਅਦ ਹੀ ਆਉਂਦੀ ਹੈ ਤਾਂ ਇਸ ਦਿਨ ਨੂੰ ਉਸ ਦੇ ਜਨਮ ਦਿਨ ਵਜੋਂ ਮਨਾਉਂਦੇ ਹਨ।

## ਮਹਾਰਾਸ਼ਟਰ 'ਚ 175 ਕਰੋੜ ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ 17 ਲੋਕਾਂ ਖਿਲਾਫ ਮਾਮਲਾ ਦਰਜ

**ਏਜੰਸੀਆਂ**

ਨਵੀਂ ਦਿੱਲੀ 4 ਮਾਰਚ। ਮਹਾਰਾਸਟਰ 'ਚ 175.93 ਕਰੋੜ ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ ਇਕ ਸੇਲ ਟੈਕਸ ਅਧਿਕਾਰੀ ਅਤੇ 16 ਹੋਰਾਂ ਖ਼ਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਭ੍ਰਿਸਟਾਚਾਰ ਵਿਰੋਧੀ ਬਿਊਰੋ (ਏ.ਸੀ.ਬੀ.) ਨੇ ਇਹ ਜਾਣਕਾਰੀ ਦਿੱਤੀ ਹੈ। ਏਸੀਬੀ ਮੁਤਾਬਕ ਇਸ ਕਥਿਤ ਧੋਖਾਧੜੀ ਕਾਰਨ ਸੂਬਾ ਸਰਕਾਰ ਨੂੰ 175.93 ਰੁਪਏ ਦਾ ਨੁਕਸਾਨ ਹੋਇਆ ਹੈ। ਏਸੀਬੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕਥਿਤ ਘੁਟਾਲਾ ਅਗਸਤ 2021 ਤੋਂ ਮਾਰਚ 2022 ਦਰਮਿਆਨ ਮਜਗਾਓਂ ਵਿੱਚ ਰਾਜ ਦੇ ਵਸਤੂ ਅਤੇ ਸੇਵਾ ਕਰ (ਜੀਐਸਟੀ) ਵਿਭਾਗ ਦੀ ਇਮਾਰਤ ਵਿੱਚ ਹੋਇਆ ਸੀ। ਅਧਿਕਾਰੀ ਨੇ ਕਿਹਾ, "ਅਮਿਤ ਗਿਰਿਧਰ ਲਾਲਗੇ (42), ਉਸ ਸਮੇਂ ਘਾਟਕੋਪਰ ਜੋਨ ਨੋਡਲ 11 ਦੇ ਇੰਚਾਰਜ ਵਜੋਂ ਜੀਐੱਸਟੀ ਭਵਨ ਵਿੱਚ ਸੇਲ ਟੈਕਸ ਅਫਸਰ ਵਜੋਂ ਤਾਇਨਾਤ ਸੀ। ਉਸ ਨੇ ਕਥਿਤ ਤੌਰ 'ਤੇ 16 ਕਾਰੋਬਾਰੀਆਂ ਨਾਲ ਮਿਲ ਕੇ ਇਹ ਧੋਖਾਧੜੀ ਦੀ ਸਾਜ਼ਿਸ਼ ਰਚੀ ਸੀ। ਇਨ੍ਹਾਂ ਵਪਾਰੀਆਂ ਨੇ ਕਿਰਾਏ ਦੇ ਇਕਰਾਰਨਾਮੇ ਦੇ ਜਾਅਲੀ ਅਤੇ ਜਾਅਲੀ ਦਸਤਾਵੇਜ ਤਿਆਰ ਕੀਤੇ ਅਤੇ ਜੀਐੱਸਟੀ ਨੰਬਰ ਪ੍ਰਾਪਤ ਕੀਤੇ।" ਏਸੀਬੀ ਅਧਿਕਾਰੀ ਨੇ ਕਿਹਾ, "ਇਨ੍ਹਾਂ ਵਪਾਰੀਆਂ ਨੇ ਜੀਐੱਸਟੀ ਦੇ ਰੂਪ ਵਿੱਚ ਰਾਜ ਸਰਕਾਰ ਨੂੰ ਕਿਸੇ ਤਰ੍ਹਾਂ ਦਾ ਟੈਕਸ ਅਦਾ ਨਹੀਂ ਕੀਤਾ ਪਰ ਟੈਕਸ ਰਿਟਰਨ ਵਜੋਂ 175.93 ਕਰੋੜ ਰੁਪਏ ਪ੍ਰਾਪਤ ਕਰਨ ਲਈ 39 ਅਰਜੀਆਂ ਦਾਖਲ ਕੀਤੀਆਂ।" ਲਾਲਗੇ ਨੇ ਜੀਐੱਸਟੀ ਪੋਰਟਲ ਦੁਆਰਾ ਇਨ੍ਹਾਂ ਅਰਜੀਆਂ ਨੂੰ ਸ਼ੱਕੀ ਵਜੋਂ ਦਿਖਾਏ ਜਾਣ ਦੇ ਬਾਵਜੂਦ ਜਾਣਬੁੱਝ ਕੇ ਇਨ੍ਹਾਂ ਦਾਅਵਿਆਂ ਦੀ ਪੁਸਟੀ ਨਹੀਂ ਕੀਤੀ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਰਿਟਰਨਾਂ ਦੀ ਪ੍ਰਕਿਰਿਆ ਕਰਕੇ ਅਤੇ 16 ਵਪਾਰੀਆਂ ਨੂੰ ਪੈਸੇ ਵੰਡ ਕੇ ਲਾਲਗੇ ਨੇ ਮਹਾਰਾਸਟਰ ਸਰਕਾਰ ਨੂੰ 175.93 ਕਰੋੜ ਰੁਪਏ ਦਾ ਨੁਕਸਾਨ ਪਹੁੰਚਾਇਆ। ਅਧਿਕਾਰੀ ਨੇ ਦੱਸਿਆ ਕਿ ਲਾਲਗੇ ਅਤੇ 16 ਕਾਰੋਬਾਰੀਆਂ 'ਤੇ ਭ੍ਰਿਸਟਾਚਾਰ ਰੋਕੂ ਕਾਨੂੰਨ ਅਤੇ ਭਾਰਤੀ ਦੰਡਾਵਲੀ ਦੀਆਂ ਸਬੰਧਤ ਧਾਰਾਵਾਂ ਤਹਿਤ ਧੋਖਾਧੜੀ, ਜਾਅਲਸਾਜੀ ਅਤੇ ਹੋਰ ਅਪਰਾਧਾਂ ਦੇ ਦੋਸ ਲਾਏ ਗਏ ਹਨ।

### ਸ਼੍ਰੀ ਰਾਮ ਚੌਕ ਤੋਂ ਬਸਤੀ ਅੱਡਾ ਚੌਕ ਤਕ ਦੁਬਾਰਾ ਹੋ ਰਹੇ ਸਨ ਕਬਜੇ

ਜਲੰਧਰ 4 ਮਾਰਚ। ਸ਼੍ਰੀ ਰਾਮ ਚੌਕ ਤੋਂ ਲੈ ਕੇ ਬਸਤੀ ਅੱਡਾ ਚੌਕ ਤਕ ਦੁਕਾਨਦਾਰਾਂ ਵੱਲੋਂ ਸੜਕਾਂ 'ਤੇ ਦੁਬਾਰਾ ਕੀਤੇ ਕਬਜ਼ਿਆਂ ਨੂੰ ਟ੍ਰੈਫਿਕ ਪੁਲਸ ਨੇ ਕਲੀਅਰ ਕਰਵਾ ਦਿੱਤਾ। ਟ੍ਰੈਫਿਕ ਪੁਲਸ ਨੇ ਇਸ ਦੌਰਾਨ ਗਲਤ ਢੰਗ ਨਾਲ ਖੜ੍ਹੀਆਂ ਕਈ ਗੱਡੀਆਂ ਵੀ ਟੋਅ ਕੀਤੀਆਂ, ਜਦਕਿ ਦੁਬਾਰਾ ਕਬਜੇ ਕਰਨ 'ਤੇ ਦੁਕਾਨਦਾਰਾਂ ਨੂੰ ਐੱਫ. ਆਈ. ਆਰ. ਦੀ ਚਿਤਾਵਨੀ ਦਿੱਤੀ ਗਈ ਹੈ। ਏ. ਸੀ. ਪੀ. ਟ੍ਰੈਫਿਕ ਆਜਾਦ ਦਵਿੰਦਰ ਸਿੰਘ ਨੇ ਦੱਸਿਆ ਕਿ ਇੰਸ. ਰਸ਼ਮਿੰਦਰ ਸਿੰਘ ਅਤੇ ਇੰਸ. ਸੁਖਚੈਨ ਸਿੰਘ ਨੇ ਆਪਣੀਆਂ ਟੀਮਾਂ ਨਾਲ ਸ਼੍ਰੀ ਰਾਮ ਚੌਕ ਤੋਂ ਬਸਤੀ ਅੱਡਾ ਚੌਕ ਰੋਡ ਦੀ ਚੈਕਿੰਗ ਕੀਤੀ ਤਾਂ ਕੁਝ ਦੁਕਾਨਦਾਰਾਂ ਨੇ ਸੜਕਾਂ 'ਤੇ ਹੀ ਸਾਮਾਨ ਰੱਖ ਕੇ ਜਗ੍ਹਾ ਘੇਰੀ ਹੋਈ ਸੀ ਅਤੇ ਗੱਡੀਆਂ ਵੀ ਗਲਤ ਢੰਗ ਨਾਲ ਖੜ੍ਹੀਆਂ ਕੀਤੀਆਂ ਸਨ, ਜਿਸ ਕਾਰਨ ਸੜਕ ਦੀ ਚੌੜਾਈ ਘੱਟ ਜਾਣ ਕਾਰਨ ਜਾਮ ਦੀ ਸਮੱਸਿਆ ਆ ਰਹੀ ਸੀ।

## 3 ਮਹੀਨਿਆਂ ਬਾਅਦ ਬਾਰਡਰ 'ਤੇ ਫਿਰ ਮਿਲਿਆ ਵੱਡਾ ਡਰੋਨ, 21 ਤੋਂ 25 ਕਿਲੋ ਤੱਕ ਭਾਰ ਚੁੱਕਣ ਦੀ ਹੈ ਸਮਰੱਥਾ

**ਏਜੰਸੀਆਂ**

ਅੰਮ੍ਰਿਤਸਰ 4 ਮਾਰਚ। ਇਕ ਪਾਸੇ ਜਿੱਥੇ ਸੂਬਾ ਅਤੇ ਕੇਂਦਰ ਸਰਕਾਰਾਂ ਦੀਆਂ ਖੁਫੀਆ ਏਜੰਸੀਆਂ ਹੈਰੋਇਨ ਦੀ ਸਮੱਗਲਿੰਗ ਨੂੰ ਠੱਲ੍ਹ ਪਾਉਣ ਦੇ ਵੱਡੇ-ਵੱਡੇ ਦਾਅਵੇ ਕਰ ਰਹੀਆਂ ਹਨ, ਉਥੇ ਦੂਜੇ ਪਾਸੇ ਭਾਰਤ-ਪਾਕਿਸਤਾਨ ਸਰਹੱਦ 'ਤੇ ਫੜੇ ਗਏ ਡਰੋਨਾਂ ਦੇ ਪਿਛਲੇ ਸਾਰੇ ਰਿਕਾਰਡ ਟੁੱਟਦੇ ਨਜਰ ਆ ਰਹੇ ਹਨ। ਜਾਣਕਾਰੀ ਅਨੁਸਾਰ ਬੀ. ਐੱਸ. ਐੱਫ. ਨੇ ਤਿੰਨ ਮਹੀਨਿਆਂ ਬਾਅਦ ਇਕ ਵਾਰ ਫਿਰ ਤੋਂ ਇਕ ਵੱਡਾ ਡਰੋਨ ਬੀ. ਓ. ਪੀ. ਉਗਰ ਧਾਲੀਵਾਲ ਦੇ ਇਲਾਕੇ ਵਿਚ ਫੜਿਆ ਹੈ, ਜੋ 21 ਤੋਂ 25 ਕਿਲੋ ਵਜਨ ਚੁੱਕਣ ਵਿਚ ਸਮਰੱਥ ਹੈ ਪਰ ਹੈਰਾਨੀ ਵਾਲੀ ਗੱਲ ਹੈ ਕਿ ਵੱਡੇ ਡਰੋਨ ਨਾਲ ਸਿਰਫ ਤਿੰਨ ਕਿਲੋ ਹੈਰੋਇਨ ਦੀ ਫੜੀ ਗਈ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਭਾਰਤ-ਪਾਕਿਸਤਾਨ ਦੇ ਸਮੱਗਲਰ ਅਜਮਾ ਰਹੇ ਹਨ ਕਿ ਵੱਡਾ ਡਰੋਨ ਉਡਾਉਣਾ ਇਸ ਸਮੇਂ ਠੀਕ ਹੈ ਜਾਂ ਨਹੀਂ। ਹਾਲਾਂਕਿ ਬੀ. ਐੱਸ. ਐੱਫ. ਨੇ ਸਮੱਗਲਰਾਂ ਦੇ ਇਰਾਦਿਆਂ ਨੂੰ ਪੂਰੀ ਤਰ੍ਹਾਂ ਨਾਲ ਨਾਕਾਮ ਕਰ ਦਿੱਤਾ ਹੈ। ਦੂਸਰੇ ਪਾਸੇ ਬੀ. ਐੱਸ. ਐੱਫ. ਵਲੋਂ ਜਾਰੀ ਅੰਕੜਿਆਂ ਅਨੁਸਾਰ ਹੁਣ ਤੱਕ 135 ਦੇ ਕਰੀਬ ਡਰੋਨ ਫੜੇ ਜਾ ਚੁੱਕੇ ਹਨ, ਜਦਕਿ ਇਸ ਤੋਂ ਪਹਿਲਾਂ 28 ਦਸੰਬਰ ਨੂੰ ਬੀ. ਓ. ਪੀ ਰੋੜਾਂਵਾਲਾ ਵਿਚ ਚਲਾਏ ਗਏ ਸਾਂਝੇ ਆਪ੍ਰੇਸ਼ਨ ਦੌਰਾਨ ਇਕ ਵੱਡਾ ਡਰੋਨ ਫੜਿਆ ਸੀ, ਜੋ 15 ਤੋਂ 25 ਕਿਲੋ ਜਾਂ ਇਸ ਤੋਂ ਵੀ ਜ਼ਿਆਦਾ ਭਾਰ ਚੁੱਕਣ ਦੇ ਸਮੱਰਥ ਸੀ। ਇਸ ਤੋਂ ਪਹਿਲਾਂ ਭਾਰਤ-ਪਾਕਿਸਤਾਨ ਸਰਹੱਦ 'ਤੇ ਜਿੰਨੇ ਵੀ ਡਰੋਨ ਫੜੇ ਗਏ ਹਨ, ਉਹ ਮਿੰਨੀ ਡਰੋਨ ਸਨ ਪਰ ਕਾਫੀ ਲੰਬੇ ਸਮੇਂ ਤੋਂ ਬਾਅਦ ਵੱਡਾ ਡਰੋਨ ਫੜਿਆ ਗਿਆ ਹੈ। ਬੀ. ਐੱਸ. ਐੱਫ.



ਅਤੇ ਪੁਲਸ ਦੇ ਸਾਂਝੇ ਆਪ੍ਰੇਸਨ ਦੌਰਾਨ ਪਿਛਲੇ ਚਾਰ ਮਹੀਨਿਆਂ ਦੌਰਾਨ 12 ਭਾਰਤੀ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜੋ ਕਿ ਹੈਰੋਇਨ ਦੀ ਖੇਪ ਨੂੰ ਟਿਕਾਣੇ ਲਗਾਉਣ ਦੀ ਕੋਸ਼ਿਸ ਕਰ ਰਹੇ ਸਨ। ਇਸ ਤੋਂ ਪਹਿਲਾਂ ਬੀਤੇ ਦਿਨ ਇਕ ਸਮੱਗਲਰ ਨੂੰ ਰਮਦਾਸ ਇਲਾਕੇ ਵਿਚ ਐੱਸ. ਐੱਸ. ਓ. ਸੀ. ਅਤੇ ਬੀ. ਐੱਸ. ਐੱਫ. ਦੇ ਸਾਂਝੇ ਆਪ੍ਰੇਸ਼ਨ ਦੌਰਾਨ ਗ੍ਰਿਫਤਾਰ ਕੀਤਾ ਸੀ। ਜਿੱਥੇ ਇਕ ਪਾਸੇ ਬੀ. ਐੱਸ. ਐੱਫ. ਅਤੇ ਪੰਜਾਬ ਪੁਲਸ ਵੱਲੋਂ ਸਾਂਝਾ ਆਪ੍ਰੇਸਨ ਚਲਾਇਆ ਜਾ ਰਿਹਾ ਹੈ ਅਤੇ ਲਗਾਤਾਰ ਦੂਜੀ ਵਾਰ ਤਿੰਨ ਭਾਰਤੀ ਸਮੱਗਲਰਾਂ ਨੂੰ ਹੈਰੋਇਨ ਸਮੇਤ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ, ਉੱਥੇ ਹੀ ਦੂਜੇ ਪਾਸੇ ਜੋ ਹੈਰਾਨੀਜਨਕ ਪਹਿਲੂ ਸਾਹਮਣੇ ਆ ਰਿਹਾ ਹੈ, ਉਹ ਇਹ ਹੈ ਕਿ ਬੀ. ਐੱਸ. ਐੱਫ. ਦੇ ਸਾਰੇ ਮਾਮਲਿਆਂ ਦੀ ਜਾਂਚ ਪੁਲਸ ਦੀ ਬਜਾਏ ਐੱਨ. ਸੀ. ਬੀ. ਕਰ ਰਹੀ ਹੈ, ਜਦਕਿ ਪੰਜਾਬ ਪੁਲਸ ਦੀ ਟੀਮ ਨੇ ਮੌਕੇ 'ਤੇ ਹੀ ਸਾਰੀ ਕਾਰਵਾਈ ਕੀਤੀ ਹੈ। ਪਿਛਲੇ ਦੋ ਮਹੀਨਿਆਂ ਦੌਰਾਨ ਸਰਹੱਦੀ ਇਲਾਕਿਆਂ ਸਮੇਤ ਸਹਿਰੀ ਖੇਤਰਾਂ ਵਿਚ ਸੰਘਣੀ ਧੁੰਦ ਅਤੇ ਕੋਹਰਾ ਪਿਆ ਸੀ, ਜਿਸ ਕਾਰਨ ਭਾਰਤ-ਪਾਕਿਸਤਾਨ ਦੇ ਦੋਵੇਂ ਪਾਸਿਓਂ ਸਮੱਗਲਰਾਂ ਨੇ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਸਨ ਪਰ ਫਿਲਹਾਲ ਮੌਸਮ ਸਾਫ ਹੋ ਗਿਆ ਹੈ, ਜਿਸ ਕਾਰਨ ਸਮੱਗਲਰਾਂ ਅਤੇ ਡਰੋਨਾਂ ਦੀ ਮੂਵਮੈਂਟ ਘੱਟ ਹੋਣ ਦੀ ਸੰਭਾਵਨਾ ਹੈ। ਹਾਲਾਂਕਿ ਬੀ. ਐੱਸ. ਐੱਫ. ਅਤੇ ਪੰਜਾਬ ਪੁਲਸ ਵੱਲੋਂ ਦਰਜਨਾਂ ਆਪ੍ਰੇਸਨ ਸਫਲਤਾਪੂਰਵਕ ਚਲਾਏ ਜਾ ਰਹੇ ਹਨ ਅਤੇ ਕਈ ਅਹਿਮ ਖੁਲਾਸੇ ਵੀ ਹੋਏ ਹਨ। ਪਿਛਲੇ ਕਈ ਮਹੀਨਿਆਂ ਤੋਂ ਦੇਖਿਆ ਜਾ ਰਿਹਾ ਹੈ ਕਿ ਸਮੱਗਲਰਾਂ ਵਲੋਂ ਵੱਡੇ ਡਰੋਨ ਜੋ 15 ਤੋਂ 25 ਕਿਲੋ ਤੱਕ ਖੇਪ ਚੁੱਕਣ ਦੀ ਸਮਰੱਥਾ ਰੱਖਦੇ ਹਨ, ਉਨ੍ਹਾਂ ਦੇ ਮੁਕਾਬਲੇ ਵਿਚ ਛੋਟੇ ਡਰੋਨ ਉਡਾਏ ਜਾ ਰਹੇ ਹਨ ਜੋ ਵੱਧ ਤੋਂ ਵੱਧ ਇਕ ਕਿਲੋ ਤੱਕ ਭਾਰ ਚੁੱਕਣ ਦੇ ਸਮੱਰਥ ਰਹਿੰਦੇ ਹਨ ਪਰ ਵੱਡੇ ਡਰੋਨਾਂ ਦੇ ਮੁਕਾਬਲੇ ਛੋਟੇ ਡਰੋਨ ਫੜਨ ਵਿਚ ਘੱਟ ਆਉਂਦੇ ਹਨ

## ਭਾਜਪਾ 'ਚ ਦਾਅਵੇਦਾਰਾਂ ਦੀ ਸੂਚੀ 'ਚ ਜਿਆਦਾਤਰ ਚਿਹਰੇ ਹਿੰਦੂ, ਲੁਧਿਆਣਾ ਲੋਕ ਸਭਾ ਸੀਟ 'ਤੇ ਵਧੀ ਦਾਅਵੇਦਾਰੀ

**ਏਜੰਸੀਆਂ**

ਜਲੰਧਰ 4 ਮਾਰਚ। ਲੋਕ ਸਭਾ ਚੋਣਾਂ ਦਾ ਐਲਾਨ ਹੁਣ ਕਿਸੇ ਵੀ ਸਮੇਂ ਹੋ ਸਕਦਾ ਹੈ ਅਤੇ ਕੇਂਦਰ ਵਿਚ ਨਵੀਂ ਸਰਕਾਰ ਲਈ ਪ੍ਰਕਿਰਿਆ ਸ਼ੁਰੂ ਹੋ ਸਕਦੀ ਹੈ। ਇਸ ਸਭ ਦੇ ਵਿਚਾਲੇ ਚੋਣ ਮੈਦਾਨ ਵਿਚ ਉਤਰਨ ਦੇ ਇੱਛੁਕ ਲੋਕਾਂ ਵਲੋਂ ਭੱਜ-ਦੌੜ ਵੀ ਤੇਜ ਕਰ ਦਿੱਤੀ ਗਈ ਹੈ। ਆਪੋ-ਆਪਣੀ ਲੋਕ ਸਭਾ ਸੀਟ 'ਤੇ ਸਾਰੀਆਂ ਸਿਆਸੀ ਪਾਰਟੀਆਂ ਯੋਗ ਉਮੀਦਵਾਰ ਦੀ ਭਾਲ 'ਚ ਜੁਟ ਗਈਆਂ ਹਨ। ਕਿਤੇ ਸਰਵੇ ਚੱਲ ਰਿਹਾ ਹੈ ਤਾਂ ਕੋਈ ਆਪਣੇ ਨੇਤਾਵਾਂ ਤੋਂ ਲੋਕ ਸਭਾ ਸੀਟਾਂ 'ਤੇ ਸੰਭਾਵਤ ਉਮੀਦਵਾਰਾਂ ਸਬੰਧੀ ਰਾਏ ਲੈ ਰਿਹਾ ਹੈ। ਪੰਜਾਬ 'ਚ ਵੀ ਲੋਕ ਸਭਾ ਚੋਣਾਂ ਲਈ ਕਾਂਗਰਸ, ਭਾਜਪਾ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਹੋਰ ਪਾਰਟੀਆਂ ਕੋਸ਼ਿਸ਼ਾਂ ਵਿਚ ਜੁਟ ਗਈਆਂ ਹਨ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਕਿਹੜੀ ਪਾਰਟੀ ਕਿਸ ਉਮੀਦਵਾਰ ਨੂੰ ਮੈਦਾਨ ਵਿਚ ਉਤਾਰੇਗੀ, ਇਹ ਅਜੇ ਸਪਸ਼ਟ ਨਹੀਂ ਹੋਇਆ ਪਰ ਸਾਰੀਆਂ ਪਾਰਟੀਆਂ ਨੇ ਉਮੀਦਵਾਰਾਂ ਦੀਆਂ ਸੂਚੀਆਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਪ੍ਰਮੁੱਖ ਸ਼ਹਿਰ ਹਨ, ਜਿੱਥੇ ਪਾਰਟੀਆਂ ਡੂੰਘੇ ਮੰਥਨ ਵਿਚ ਲੱਗੀਆਂ ਹੋਈਆਂ ਹਨ। ਭਾਜਪਾ ਵਲੋਂ ਇਸ ਦੇ ਲਈ ਵਿਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਪਤਾ ਲੱਗਾ ਹੈ ਕਿ ਲੁਧਿਆਣਾ ਤੋਂ ਭਾਜਪਾ 4 ਤੋਂ 5 ਪ੍ਰਮੁੱਖ ਉਮੀਦਵਾਰਾਂ ਦੇ ਨਾਵਾਂ ਦੀ ਚਰਚਾ ਕਰ ਰਹੀ ਹੈ। ਲੁਧਿਆਣਾ ਤੋਂ ਇਸ ਵੇਲੇ ਪ੍ਰਵੀਨ ਬਾਂਸਲ, ਜੀਵਨ ਗੁਪਤਾ,



ਗੁਰਦੇਵ ਸ਼ਰਮਾ ਦੇਬੀ ਤੇ ਵਿਕਰਮ ਸਿੱਧੂ ਦਾ ਨਾਂ ਚਰਚਾ ਵਿਚ ਹੈ ਪਰ ਜਿਸ ਤਰ੍ਹਾਂ ਲੁਧਿਆਣਾ ਲੋਕ ਸਭਾ ਸੀਟ ਦਾ ਮਾਹੌਲ ਹੈ ਤਾਂ ਸੰਭਵ ਤੌਰ 'ਤੇ ਇਹ ਟਿਕਟ ਕਿਸੇ ਹਿੰਦੂ ਉਮੀਦਵਾਰ ਦੀ ਝੋਲੀ ਵਿਚ ਜਾ ਸਕਦੀ ਹੈ। ਜਾਣਕਾਰੀ ਅਨੁਸਾਰ ਲੁਧਿਆਣਾ ਲੋਕ ਸਭਾ ਸੀਟ 'ਤੇ ਕੁਲ 9 ਵਿਧਾਨ ਸਭਾ ਸੀਟਾਂ ਹਨ, ਜਿਨ੍ਹਾਂ ਵਿਚੋਂ ਲੁਧਿਆਣਾ ਈਸਟ, ਵੈਸਟ, ਨਾਰਥ, ਸਾਊਥ, ਸੈਂਟਰਲ ਅਤੇ ਆਤਮ ਨਗਰ ਵਿਧਾਨ ਸਭਾ ਸੀਟਾਂ ਪੂਰੀ ਤਰ੍ਹਾਂ ਸ਼ਹਿਰੀ ਇਲਾਕਿਆਂ ਵਿਚ ਪੈਂਦੀਆਂ ਹਨ ਅਤੇ ਇਨ੍ਹਾਂ ਨੂੰ ਹਿੰਦੂ ਬਹੁਗਿਣਤੀ ਇਲਾਕਾ ਕਿਹਾ ਜਾਂਦਾ ਹੈ, ਜਦੋਂਕਿ ਇੱਥੋਂ ਦੀ ਜਗਰਾਓਂ ਸੀਟ 50 ਫੀਸਦੀ ਹਿੰਦੂ ਆਬਾਦੀ ਵਾਲੀ ਸੀਟ ਹੈ। ਬਾਕੀ ਬਚੀਆਂ 2 ਸੀਟਾਂ ਜਿਨ੍ਹਾਂ ਵਿਚ ਗਿੱਲ ਤੇ ਦਾਖਾ ਸੀਟਾਂ ਸ਼ਾਮਲ ਹਨ, ਵਿਚ ਵੀ ਕਾਫੀ ਇਲਾਕਾ ਸ਼ਹਿਰੀ ਵੋਟਰਾਂ ਦਾ ਹੈ। ਅਜਿਹੀ ਸਥਿਤੀ 'ਚ ਇਥੋਂ ਸ਼ਹਿਰੀ ਅਤੇ ਖਾਸ ਤੌਰ 'ਤੇ ਹਿੰਦੂ ਉਮੀਦਵਾਰ ਨੂੰ ਸਫਲਤਾ ਮਿਲ ਸਕਦੀ ਹੈ। ਇਸ ਸਥਿਤੀ ਨੂੰ ਵੇਖਦਿਆਂ ਲੁਧਿਆਣਾ ਲੋਕ ਸਭਾ ਸੀਟ 'ਤੇ ਭਾਜਪਾ ਕੋਲ ਕੋਈ ਜ਼ਿਆਦਾ ਬਦਲ ਨਹੀਂ ਬਚੇ। ਸ਼ਹਿਰੀ ਇਲਾਕਾ ਜ਼ਿਆਦਾ ਹੋਣ ਕਾਰਨ ਹਿੰਦੂ ਉਮੀਦਵਾਰ ਦੇ ਤੌਰ 'ਤੇ ਪਾਰਟੀ ਕੋਲ ਪ੍ਰਵੀਨ ਬਾਂਸਲ, ਜੀਵਨ ਗੁਪਤਾ, ਗੁਰਦੇਵ ਸ਼ਰਮਾ ਦੇਬੀ ਦੇ ਰੂਪ 'ਚ 3 ਬਦਲ ਹੀ ਬਚਦੇ ਹਨ। ਉਂਝ ਜਾਣਕਾਰ ਦੱਸਦੇ ਹਨ ਕਿ ਇਸ ਮਾਮਲੇ 'ਚ ਪਾਰਟੀ ਆਪਣੇ ਪੱਧਰ 'ਤੇ ਸਰਵੇ ਕਰਵਾ ਰਹੀ ਹੈ ਅਤੇ ਇਸ ਦੀ ਇਕ ਰਿਪੋਰਟ ਪਾਰਟੀ ਹਾਈਕਮਾਨ ਕੋਲ ਪਹੁੰਚ ਵੀ ਚੁੱਕੀ ਹੈ। ਆਉਣ ਵਾਲੇ ਕੁਝ ਦਿਨਾਂ 'ਚ ਇਸ ਸੀਟ 'ਤੇ ਇਕ ਹੋਰ ਸਰਵੇ ਕਰਵਾਇਆ ਜਾ ਸਕਦਾ ਹੈ ਕਿਉਂਕਿ ਭਾਜਪਾ ਨਿੱਜੀ ਪੱਧਰ ਦੇ ਨਾਲ-ਨਾਲ ਸੰਗਠਨ ਦੇ ਲੋਕਾਂ ਨੂੰ ਵੀ ਸਰਵੇ ਦਾ ਕੰਮ ਸੌਂਪਦੀ ਹੈ।

## ਜਲੰਧਰ ਰੇਲਵੇ ਸਟੇਸ਼ਨ ਦੇ ਯਾਰਡ 'ਚ ਮੰਡਲ ਅਧਿਕਾਰੀ ਵੱਲੋਂ ਅਚਨਚੇਤ ਨਿਰੀਖਣ

ਜਲੰਧਰ 4 ਮਾਰਚ। ਬੀਤੇ ਦਿਨੀਂ ਕਠੂਆ ਸਟੇਸਨ ਤੋਂ ਬਿਨਾਂ ਡਰਾਈਵਰ ਅਤੇ ਗਾਰਡ ਦੇ 78 ਕਿਲੋਮੀਟਰ ਚੱਲਣ ਵਾਲੀ ਮਾਲ ਗੱਡੀ ਦੀ ਘਟਨਾ ਤੋਂ ਬਾਅਦ ਰੇਲਵੇ ਪ੍ਰਸਾਸਨ ਅਲਰਟ ਮੋਡ 'ਤੇ ਹੈ। ਫ਼ਿਰੋਜਪੁਰ ਰੇਲਵੇ ਡਿਵੀਜਨ ਦੇ ਅਧਿਕਾਰੀਆਂ ਵੱਲੋਂ ਵੱਖ-ਵੱਖ ਸਟੇਸਨਾਂ 'ਤੇ ਲਗਾਤਾਰ ਅਚਨਚੇਤ ਨਿਰੀਖਣ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਡਿਵੀਜਨ ਦੀ ਅਸਿ. ਅਪਰੇਟਿੰਗ ਮੈਨੇਜਰ ਪਾਇਲ ਨੇ ਜਲੰਧਰ ਸਿਟੀ ਰੇਲਵੇ ਸਟੇਸਨ ਦੇ ਯਾਰਡ ਦਾ ਮੁਆਇਨਾ ਕੀਤਾ ਅਤੇ ਯਾਰਡ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਮਾਲ ਗੱਡੀਆਂ ਨੂੰ ਸਟੇਬਲ ਕਰਨ ਦੇ ਤਰੀਕੇ ਨੂੰ ਦੇਖਿਆ। ਰੇਲਵੇ ਨਿਯਮਾਂ ਅਨੁਸਾਰ ਮਾਲ ਗੱਡੀ ਨੂੰ ਰੋਕਣ ਲਈ ਚੇਨ ਤੇ ਹੈਂਡਬ੍ਰੇਕ ਲਾਉਣ ਤੋਂ ਇਲਾਵਾ ਇਸ ਦੇ ਪਹੀਆਂ ਹੇਠ ਲੱਕੜ ਦੇ ਬਲਾਕ ਲਾਉਣੇ ਜਰੂਰੀ ਹੁੰਦੇ ਹਨ ਪਰ ਚੈਕਿੰਗ ਦੌਰਾਨ ਡਿਵੀਜਨਲ ਅਫਸਰ ਨੇ ਵੇਖਿਆ ਕਿ ਲੱਕੜ ਦੇ ਬਲਾਕ ਪਹੀਆਂ ਦੇ ਹੇਠਾਂ ਢਿੱਲੇ ਢੰਗ ਨਾਲ ਰੱਖੇ ਹੋਏ ਸਨ, ਜਿਸ ਸਬੰਧੀ ਜਿਸ 'ਤੇ ਉਨ੍ਹਾਂ ਸਖਤ ਕਾਰਵਾਈ ਕੀਤੀ। ਉਨ੍ਹਾਂ ਨੇ ਨਾਰਾਜਗੀ ਜਾਹਰ ਕਰਦਿਆਂ ਡਿਊਟੀ 'ਤੇ ਮੌਜੂਦ ਸਟਾਫ ਨੂੰ ਤਾੜਨਾ ਕੀਤੀ। ਜਾਣਕਾਰੀ ਅਨੁਸਾਰ ਕਰਤਾਰਪੁਰ ਤੇ ਲੋਹੀਆ ਸਟੇਸਨਾਂ 'ਤੇ ਵੀ ਇਸੇ ਤਰ੍ਹਾਂ ਦੇ ਅਚਨਚੇਤ ਨਿਰੀਖਣ ਦੌਰਾਨ ਡਵੀਜਨਲ ਅਧਿਕਾਰੀਆਂ ਵੱਲੋਂ ਕਮੀਆਂ ਨੂੰ ਵੇਖਦਿਆਂ ਮੁਲਾਜਮਾਂ ਵਿਰੁੱਧ ਕਾਰਵਾਈ ਕਰਨ ਦੀ ਸੂਚਨਾ ਮਿਲੀ ਹੈ। ਬੁੱਧਵਾਰ ਨੂੰ ਡੀ. ਆਰ. ਐੱਮ. ਸੰਜੇ ਸਾਹੂ ਨੇ ਵੀ ਇੰਸਪੈਕਸਨ ਕਾਰ 'ਚ ਫ਼ਿਰੋਜਪੁਰ ਤੋਂ ਲੋਹੀਆਂ ਜਾਣ ਵਾਲੀ ਗੱਡੀ ਦਾ ਨਿਰੀਖਣ ਕੀਤਾ ਤੇ ਸਟਾਫ ਨੂੰ ਲੋੜੀਂਦੇ ਦਿਸਾ-ਨਿਰਦੇਸ ਦਿੱਤੇ। ਆਲ ਇੰਡੀਆ ਗਾਰਡ ਕੌਂਸਲ ਨੇ ਹਾਲ ਹੀ 'ਚ ਵਾਪਰੇ ਰੇਲ ਹਾਦਸੇ ਤੋਂ ਬਾਅਦ ਜਲੰਧਰ ਸਟੇਸਨ 'ਤੇ ਕੰਮ ਕਰਦੇ ਟਰੇਨ ਪ੍ਰਬੰਧਕਾਂ ਦੀ ਕਾਊਂਸਲਿੰਗ ਕੀਤੀ। ਮੰਡਲ ਪ੍ਰਧਾਨ ਪ੍ਰਸਾਂਤ ਕੁਮਾਰ ਨੇ ਰੇਲ ਮੁਲਾਜਮਾਂ ਨੂੰ ਰੇਲ ਗੱਡੀਆਂ ਨੂੰ ਸਟੇਬਲ ਕਰਨ ਦੇ ਨਿਯਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਕੌਂਸਲ ਦੇ ਸੰਯੁਕਤ ਜੋਨਲ ਸਕੱਤਰ ਬ੍ਰਜੇਸ ਕੁਮਾਰ ਨੇ ਰੇਲਗੱਡੀ ਦੇ ਸੰਟਿੰਗ ਦੌਰਾਨ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ ਅਤੇ ਦੁਰਘਟਨਾ ਸਮੇਂ ਟਰੇਨ ਮੈਨੇਜਰ ਦੀਆਂ ਡਿਊਟੀਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਹਰ ਮਹੀਨੇ ਕੌਂਸਲ ਦੀਆਂ 2 ਮੀਟਿੰਗਾਂ ਹੋਣਗੀਆਂ, ਜਿਸ 'ਚ ਡਿਵੀਜਨਲ ਅਤੇ ਹੈੱਡਕੁਆਰਟਰ ਪੱਧਰ 'ਤੇ ਜਾਰੀ ਸੁਰੱਖਿਆ ਨਿਯਮਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

## ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਪ੍ਰਵਾਸੀ ਨੂੰ ਬਣਾਇਆ ਨਿਸ਼ਾਨਾ, ਮੋਬਾਈਲ ਤੇ ਨਕਦੀ ਲੈ ਕੇ ਹੋਏ ਫਰਾਰ

ਜਲੰਧਰ 4 ਮਾਰਚ। ਦਿਹਾਤ ਦੇ ਥਾਣਾ ਮਕਸੂਦਾਂ ਦੇ ਅਧੀਨ ਆਉਂਦੇ ਪਿੰਡ ਰਾਓਵਾਲੀ ਵਿਖੇ 2 ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਇਕ ਪ੍ਰਵਾਸੀ ਨੌਜਵਾਨ ਨਾਲ ਕੁੱਟਮਾਰ ਕਰ ਕੇ ਹਥਿਆਰਾਂ ਦੀ ਨੋਕ 'ਤੇ ਮੋਬਾਈਲ ਫੋਨ ਤੇ 6600 ਰੁਪਏ ਨਕਦੀ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਪੀੜਤ ਰਜਿੰਦਰ ਪਾਸਵਾਨ ਪੁੱਤਰ ਰਾਮਰਾਜ ਪਾਸਵਾਨ ਵਾਸੀ ਸਹਾਰਨਪੁਰ ਉੱਤਰ ਪ੍ਰਦੇਸ ਹਾਲ ਵਾਸੀ ਪਿੰਡ ਕਬੂਲਪੁਰ ਨੇ ਦੱਸਿਆ ਕਿ ਉਹ ਫੈਕਟਰੀ ਤੋਂ ਛੁੱਟੀ ਕਰ ਕੇ ਆਪਣੇ ਕਮਰੇ 'ਚ ਜਾ ਰਿਹਾ ਸੀ। ਇਸ ਦੌਰਾਨ 2 ਨੌਜਵਾਨ ਉਸ ਕੋਲ ਰੁਕੇ ਤਾਂ ਉਸ ਨੂੰ ਟਾਈਮ ਪੁੱਛਣ ਲੱਗੇ, ਜਿਸ ਦੌਰਾਨ ਟਾਈਮ ਦੱਸਣ ਲਈ ਮੋਬਾਈਲ ਫੋਨ ਬਾਹਰ ਕੱਢਿਆ ਤਾਂ ਉਕਤ ਦੋਵਾਂ ਨੌਜਵਾਨਾਂ ਨੇ ਉਸ ਨਾਲ ਖਿੱਚ-ਧੂਹ ਕਰਨੀ ਸੁਰੂ ਕਰ ਦਿੱਤੀ, ਜਿਸ ਤੋਂ ਬਾਅਦ ਉਸ ਨੇ ਵਿਰੋਧ ਕੀਤਾ ਤਾਂ ਉਕਤ ਲੁਟੇਰੇ ਉਸ ਨਾਲ ਕੁੱਟਮਾਰ ਕਰ ਕੇ ਉਸ ਦਾ ਮੋਬਾਈਲ ਤੇ ਉਸ ਦੀ ਜੇਬ 'ਚੋਂ 6600 ਦੀ ਨਕਦੀ ਲੈ ਕੇ ਫਰਾਰ ਹੋ ਗਏ। ਨੂਰਪੁਰ ਧੋਗੜੀ ਰੋਡ ਤੋਂ ਲੈ ਕੇ ਕਬੂਲਪੁਰ ਤੱਕ ਲੁੱਟਾਂ-ਖੋਹਾਂ ਦਾ ਗੜ੍ਹ ਬਣਿਆ ਹੋਇਆ ਹੈ। ਲੁਟੇਰੇ ਜ਼ਿਆਦਾਤਰ ਪ੍ਰਵਾਸੀ ਮਜਦੂਰਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਦੋ ਦਿਨ ਪਹਿਲਾਂ ਵੀ 2 ਲੁਟੇਰੇ ਕਬੂਲਪੁਰ ਦੀ ਸਰੋਜ ਨਾਮਕ ਪ੍ਰਵਾਸੀ ਨੌਜਵਾਨ ਤੋਂ ਮੋਬਾਇਲ ਫੋਨ ਖੋਹ ਕੇ ਫਰਾਰ ਹੋ ਗਏ ਸਨ। ਇਸ ਸਬੰਧੀ ਥਾਣਾ ਮਕਸੂਦਾ ਦੀ ਪੁਲਸ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਸਬੰਧੀ ਕੋਈ ਵੀ ਦਰਖਾਸਤ ਨਹੀਂ ਦਿੱਤੀ ਗਈ, ਜੇਕਰ ਇਸ ਤਰ੍ਹਾਂ ਦੀ ਕੋਈ ਦਰਖਾਸਤ ਆਉਂਦੀ ਹੈ ਤਾਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਫਸਲਾਂ ਦੇ ਰਹਿੰਦ-ਖੂੰਹਦ ਪ੍ਰਬੰਧਨ ਲਈ ਕਿਸਾਨਾਂ ਨੂੰ ਸਬਸਿਡੀ ਵਾਲੀਆਂ ਮਸ਼ੀਨਾਂ ਮੁਹੱਈਆ ਕਰਵਾਏਗੀ ਸਰਕਾਰ

**ਸਰਦੂਲ ਸਿੰਘ**

ਚੰਡੀਗੜ੍ਹ 4 ਮਾਰਚ। ਪੰਜਾਬ ਸਰਕਾਰ ਨੇ ਆਗਾਮੀ ਸਾਉਣੀ ਸੀਜਨ ਦੀ ਫਸਲ (ਸਤੰਬਰ ਤੋਂ ਨਵੰਬਰ) ਲਈ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਕਿਸਾਨਾਂ ਨੂੰ 36,020 ਸਬਸਿਡੀ ਵਾਲੀਆਂ ਮਸੀਨਾਂ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ। ਇਸ 'ਤੇ ਕੇਂਦਰ ਤੋਂ 500 ਕਰੋੜ ਰੁਪਏ ਦੇ ਖਰਚੇ ਦੀ ਮੰਗ ਕੀਤੀ ਹੈ। ਸੂਬਾ ਦੁਆਰਾ ਤਿਆਰ ਕੀਤੀ ਗਈ ਕਾਰਜ ਯੋਜਨਾ ਨੂੰ ਐੱਨ. ਸੀ. ਆਰ. ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਹਵਾ ਗੁਣਵੱਤਾ ਪ੍ਰਬੰਧਨ ਲਈ ਕੇਂਦਰ ਦੇ ਕਮਿਸਨ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਹੈ, ਜਿਸਦੀ ਪ੍ਰਵਾਨਗੀ ਤੋਂ ਬਾਅਦ ਫੰਡ ਜਾਰੀ ਕੀਤੇ ਜਾਣਗੇ। ਸੂਬਾ ਸਰਕਾਰ ਨੇ 2018 ਤੋਂ 2023 ਦਰਮਿਆਨ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ () ਲਈ ਸਬਸਿਡੀ ਵਾਲੀਆਂ ਮਸੀਨਾਂ ਦੀ ਸਪਲਾਈ ਕਰਨ ਲਈ 1,560 ਕਰੋੜ ਰੁਪਏ ਪ੍ਰਾਪਤ ਕੀਤੇ ਹਨ ਅਤੇ 2023 ਤੱਕ ਕਿਸਾਨਾਂ ਨੂੰ 138,022 ਮਸੀਨਾਂ ਦੀ ਸਪਲਾਈ ਕੀਤੀ ਜਾ ਚੁੱਕੀ ਹੈ। ਸੂਬੇ ਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਸੀ. ਆਰ. ਐੱਮ. ਲਈ ਕਿਸਾਨਾਂ ਨੂੰ 11 ਵੱਖ-ਵੱਖ ਕਿਸਮਾਂ ਦੀਆਂ ਮਸੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ, ਜਿਨ੍ਹਾਂ ਵਿੱਚ ਸਰਫੇਸ ਸੀਡਰ, ਸਮਾਰਟ



ਸੀਡਰ, ਬੇਲਰ, ਕਰੌਪ ਰੀਪਰ, ਰਿਵਰਸ ਪਲੱਗ, ਮਲਚਰ, ਚੋਪਰ, ਸਰਬ ਮਾਸਟਰ, ਸਟਰਾਅ ਰੇਕ, ਸੁਪਰ ਐਸ.ਐਮ.ਐਸ. ਸਰਫੇਸ ਸਾਮਲ ਹਨ। 2018 ਤੋਂ 2022 ਤੱਕ ਕੇਂਦਰ ਨੇ ਲਈ 100% ਗ੍ਰਾਂਟ ਪ੍ਰਦਾਨ ਕੀਤੀ ਹੈ ਅਤੇ 2023 ਵਿੱਚ ਫੰਡ (175 ਕਰੋੜ) 60:40 ਦੇ ਅਨੁਪਾਤ ਵਿੱਚ ਆਏ, ਜਿਸ ਵਿੱਚ ਕੇਂਦਰ ਦਾ ਯੋਗਦਾਨ 60% ਹੈ ਅਤੇ ਬਾਕੀ ਦਾ ਯੋਗਦਾਨ ਸੂਬੇ ਦੁਆਰਾ ਦਿੱਤਾ ਜਾ ਰਿਹਾ ਹੈ। ਆਉਣ ਵਾਲੇ ਸੀਜਨ ਲਈ ਰਾਜ ਕੁੱਲ ਖਰਚੇ ਵਿੱਚੋਂ 200 ਕਰੋੜ ਰੁਪਏ ਦਾ ਯੋਗਦਾਨ ਦੇਵੇਗਾ। ਜ਼ਿਕਰਯੋਗ ਹੈ ਕਿ ਸੂਬੇ ਨੇ ਪਹਿਲੀ ਵਾਰ ਪਰਾਲੀ ਨੂੰ ਅੱਗ ਲਗਾਉਣ ਵਾਲੇ ਹਾਟਸਪੌਟਸ ਦੀ ਸੂਚੀ ਤਿਆਰ ਕੀਤੀ ਹੈ। ਕੁੱਲ 663 ਪਿੰਡਾਂ ਦੀ ਸਨਾਖਤ ਕੀਤੀ ਗਈ ਹੈ ਅਤੇ ਐੱਸ.ਡੀ.ਐਮਜ ਅਤੇ ਤਹਿਸੀਲਦਾਰ ਨਿੱਜੀ ਤੌਰ 'ਤੇ ਉਨ੍ਹਾਂ ਦਾ ਦੌਰਾ ਕਰਨਗੇ ਤਾਂ ਜੋ ਪਿੰਡਾਂ ਵਿੱਚ ਅੱਗ ਲੱਗਣ ਦੀ ਕੋਈ ਘਟਨਾ ਨਾ ਵਾਪਰੇ। ਪਿਛਲੇ ਸੀਜਨ 'ਚ ਪੰਜਾਬ ਨੇ ਇਸ ਤੱਥ ਨੂੰ ਉਜਾਗਰ ਕੀਤਾ ਸੀ ਕਿ ਖੇਤਾਂ ਵਿੱਚ ਅੱਗ ਲੱਗਣ ਦੀ ਗਿਣਤੀ 2022 ਵਿੱਚ 49,922 ਤੋਂ ਘਟ ਕੇ ਪਿਛਲੇ ਸਾਲ 36,623 ਹੋ ਗਈ ਸੀ। 2023 ਵਿੱਚ 19 ਲੱਖ ਏਕੜ ਵਿੱਚ ਪਰਾਲੀ ਸਾੜੀ ਗਈ, ਜੋ ਕਿ 2022 ਵਿੱਚ 15 ਲੱਖ ਏਕੜ ਤੋਂ 26% ਵੱਧ ਹੈ।

### ਭਾਰਤ 'ਚ ਅੱਤ ਦੀ ਗਰੀਬੀ ਹੋਈ ਖਤਮ : ਬਰੁਕਿੰਗਜ

ਨਵੀਂ ਦਿੱਲੀ 4 ਮਾਰਚ। ਅਮਰੀਕਾ ਦੇ ਪ੍ਰਮੁੱਖ ਥਿੰਕ ਟੈਂਕ 'ਦਿ ਬਰੁਕਿੰਗਜ ਇੰਸਟੀਚਿਊਟ' ਦੇ ਅਰਥ ਸਾਸਤਰੀ ਸੁਰਜੀਤ ਭੱਲਾ ਤੇ ਕਰਨ ਭਸੀਨ ਨੇ ਇਕ ਲੇਖ 'ਚ ਕਿਹਾ ਹੈ ਕਿ ਭਾਰਤ ਨੇ ਅੱਤ ਦੀ ਗਰੀਬੀ ਨੂੰ ਖਤਮ ਕਰ ਦਿੱਤਾ ਹੈ। ਇਸ ਲਈ ਉਸ ਨੇ 2022-23 ਲਈ ਹਾਲ ਹੀ 'ਚ ਜਾਰੀ ਕੀਤੇ ਖਪਤ ਖਰਚੇ ਦੇ ਅੰਕੜਿਆਂ ਦਾ ਹਵਾਲਾ ਦਿੱਤਾ। ਦੋਹਾਂ ਉੱਘੇ ਅਰਥ ਸਾਸਤਰੀਆਂ ਨੇ ਲੇਖ 'ਚ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 2011-12 ਤੋਂ ਅਸਲ ਪ੍ਰਤੀ ਵਿਅਕਤੀ ਖਪਤ 2.9 ਪ੍ਰਤੀਸਤ ਪ੍ਰਤੀ ਸਾਲ ਵਧੀ ਹੈ। ਇਸ ਸਮੇਂ ਦੌਰਾਨ ਪੇਂਡੂ ਵਿਕਾਸ 3.1 ਪ੍ਰਤੀਸਤ ਤੇ ਸਹਿਰੀ ਵਿਕਾਸ 2.6 ਪ੍ਰਤੀਸਤ ਰਿਹਾ। ਲੇਖ 'ਚ ਕਿਹਾ ਗਿਆ ਹੈ ਕਿ ਇਸ ਸਮੇਂ ਦੌਰਾਨ ਸਹਿਰੀ ਤੇ ਪੇਂਡੂ ਨਾਬਰਾਬਰੀ 'ਚ ਵੀ ਬੇਮਿਸਾਲ ਗਿਰਾਵਟ ਆਈ ਹੈ। ਸਹਿਰੀ ਗਿੰਨੀ 36.7 ਤੋਂ 31.9 ਤੱਕ ਘਟੀ, ਜਦੋਂ ਕਿ ਪੇਂਡੂ ਗਿੰਨੀ 28.7 ਤੋਂ 27.0 ਤੱਕ ਘਟ ਗਈ। ਗਿਨੀ ਸੂਚਕ ਅੰਕ ਆਮਦਨ ਵੰਡ ਦੀ ਨਾ-ਬਰਾਬਰੀ ਨੂੰ ਦਰਸਾਉਂਦਾ ਹੈ। ਜੇ ਇਹ ਜੀਰੋ ਹੈ ਤਾਂ ਇਸ ਦਾ ਮਤਲਬ ਹੈ ਕਿ ਸਮਾਜ 'ਚ ਪੂਰਨ ਬਰਾਬਰੀ ਹੈ। ਲੇਖ 'ਚ ਕਿਹਾ ਗਿਆ ਹੈ ਕਿ ਨਾ-ਬਰਾਬਰੀ ਵਿਸਲੇਸਣ ਦੇ ਇਤਿਹਾਸ 'ਚ ਇਹ ਗਿਰਾਵਟ ਬੇਮਿਸਾਲ ਹੈ। ਉੱਚ ਵਿਕਾਸ ਦਰ ਅਤੇ ਨਾਬਰਾਬਰੀ 'ਚ ਵੱਡੀ ਗਿਰਾਵਟ ਨੇ ਭਾਰਤ 'ਚ ਗਰੀਬੀ ਨੂੰ ਖਤਮ ਕੀਤਾ ਹੈ। ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਆਬਾਦੀ ਦਾ ਅਨੁਪਾਤ ਹੈੱਡਕਾਊਂਟ ਗਰੀਬੀ ਅਨੁਪਾਤ 2011-12 'ਚ 12.2 ਫੀਸਦੀ ਤੋਂ ਘਟ ਕੇ 2022-23 'ਚ ਦੋ ਫੀਸਦੀ ਰਹਿ ਗਿਆ। ਪੇਂਡੂ ਗਰੀਬੀ 2.5 ਫੀਸਦੀ ਸੀ ਜਦੋਂ ਕਿ ਸਹਿਰੀ ਗਰੀਬੀ ਘਟ ਕੇ ਇਕ ਫੀਸਦੀ ਰਹਿ ਗਈ।